
ਨਵੰਬਰ - 2022

ਅੰਕ - 210

ਹਰਿਆਣਾ ਸਰਕਾਰ


# ਸ਼ਬਦ ਬੂੰਦ








## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ



ਮਨੋਹਰ ਲਾਲ
MANOHAR LAL

ਸਤਯਮੇਵ ਜਯਤੇ


ਮੁੱਖ ਮੰਤਰੀ, ਹਰਿਆਣਾ
ਚੰਡੀਗੜ੍ਹ
CHIEF MINISTER, HARYANA,
CHANDIGARH


# ਸੰਦੇਸ਼

ਮੈਨੂੰ ਇਹ ਜਾਣ ਕੇ ਬਹੁਤ ਪ੍ਰਸੰਨਤਾ ਹੋਈ ਹੈ ਕਿ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਹਰਿਆਣਾ ਦਿਵਸ ’ਤੇ ‘ਸ਼ਬਦ ਬੂੰਦ’ ਪਤ੍ਰਿਕਾ ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਖੁਸ਼ੀ ਦੀ ਗੱਲ ਇਹ ਹੈ ਕਿ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਸਾਹਿਤ ਦੇ ਖੇਤਰ ਵਿੱਚ ਨਿਰੰਤਰ ਨਵੀਆਂ ਉਪਲਬਧੀਆਂ ਵੱਲ ਵੱਧ ਰਹੀ ਹੈ। ਅਕਾਦਮੀ ਦੁਆਰਾ ਸੈਮੀਨਾਰ, ਵੈਬੀਨਾਰ ਅਤੇ ਨਾਟਕ ਆਦਿ ਆਯੋਜਿਤ ਕੀਤੇ ਜਾ ਰਹੇ ਹਨ। ਨਾਲ ਹੀ ਵਿਭਿੰਨ ਸਾਹਿਤਕ ਪੁਸਤਕਾਂ ਪ੍ਰਕਾਸ਼ਿਤ ਕਰਕੇ ਪੰਜਾਬੀ ਭਾਸ਼ਾ ਦਾ ਵਿਕਾਸ ਕੀਤਾ ਜਾ ਰਿਹਾ ਹੈ।

ਹਰਿਆਣਾ ਸਰਕਾਰ ਪ੍ਰਾਂਤ ਵਿੱਚ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰ ਰਹੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੇ ਪ੍ਰਚਾਰ-ਪ੍ਰਸਾਰ ਲਈ ਅਕਾਦਮੀ ਵੱਲੋਂ ਨਿਰੰਤਰ ਕਾਰਜ ਕੀਤੇ ਜਾ ਰਹੇ ਹਨ ਤਾਂ ਕਿ ਹਰਿਆਣਾ ਦੇ ਪੰਜਾਬੀ ਲੇਖਕ ਇਸ ਅਕਾਦਮੀ ਦੇ ਮਾਧਿਅਮ ਰਾਹੀਂ ਆਪਣੀਆਂ ਰਚਨਾਵਾਂ ਨੂੰ ਦੂਰ-ਦੂਰ ਤੱਕ ਪਹੁੰਚਾ ਸਕਣ।

ਇਸੇ ਮਹੀਨੇ ਧਾਰਮਿਕ ਚਿੰਤਕ, ਦੁਨੀਆ ਦੇ ਮਾਰਗ-ਦਰਸ਼ਕ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਪੂਰੀ ਦੁਨੀਆ ਵਿੱਚ ਬੜੀ ਸ਼ਰਧਾ ਦੇ ਨਾਲ ਮਨਾਇਆ ਜਾ ਰਿਹਾ ਹੈ। ਸਾਨੂੰ ਗੁਰੂ ਸਾਹਿਬ ਦੁਆਰਾ ਦਿਖਾਏ ਮਾਰਗ ’ਤੇ ਚੱਲ ਕੇ, ਮਾਨਵਤਾ ਦੀ ਭਲਾਈ ਕਰਦੇ ਹੋਏ, ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਮੈਂ ਅਕਾਦਮੀ ਨੂੰ ਹਰਿਆਣਾ ਸਥਾਪਨਾ ਦਿਵਸ ਦੀਆਂ ਸ਼ੁਭ ਕਾਮਨਾਵਾਂ ਦਿੰਦਾ ਹਾਂ ਅਤੇ ਪਤ੍ਰਿਕਾ ‘ਸ਼ਬਦ ਬੂੰਦ’ ਦੇ ਪ੍ਰਕਾਸ਼ਨ ਦੀ ਸਫਲਤਾ ਲਈ ਕਾਮਨਾ ਕਰਦਾ ਹਾਂ।

**ਮਨੋਹਰ ਲਾਲ**
**(ਮੁੱਖ ਮੰਤਰੀ, ਹਰਿਆਣਾ)**

# ਮੁੱਖ ਸ਼ਬਦ



ਸਾਰੇ ਹੀ ਦਿਨ/ਮਹੀਨੇ ਇਕੋ ਜਿਹੇ ਹੁੰਦੇ ਹਨ ਪਰ ਕੁਝ ਦਿਨ ਕਿਸੇ ਮਹਾਨ ਸ਼ਖ਼ਸੀਅਤ ਦੇ ਆਗਮਨ ਕਰਕੇ ਪੂਰੀ ਮਾਨਵਤਾ ਲਈ ਵਿਸ਼ੇਸ਼ ਬਣ ਜਾਂਦੇ ਹਨ। ਇਸ ਮਹੀਨੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ, ਗੁਰੂ ਤੇਗ਼ ਬਹਾਦਰ ਸਾਹਿਬ ਦਾ ਸ਼ਹੀਦੀ ਦਿਵਸ ਅਤੇ ਹਰਿਆਣਾ ਦਿਵਸ ਹੋਣ ਕਰਕੇ ਇਹ ਦਿਨ ਵਿਸ਼ੇਸ਼ ਮਹੱਤਵਪੂਰਨ ਹਨ।

1 ਨਵੰਬਰ, 1966 ਨੂੰ ਹੋਂਦ ਵਿੱਚ ਆਇਆ ਮੌਜੂਦਾ ਹਰਿਆਣਾ ਰਾਜ ਆਪਣਾ 56ਵਾਂ ਸਥਾਪਨਾ ਦਿਵਸ ਮਨਾ ਰਿਹਾ ਹੈ। ਖੇਡਾਂ, ਸਿੱਖਿਆ, ਪੁਲਾੜ ਯਾਤਰਾ ਅਤੇ ਹੋਰਨਾਂ ਖੇਤਰਾਂ ਵਿੱਚ ਹਰਿਆਣਾ ਦੇ ਨਾਗਰਿਕਾਂ ਨੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਹਰਿਆਣਾ ਰਾਜ ਦੇ ਮਾਣਯੋਗ ਮੁੱਖ ਮੰਤਰੀ ਮਨੋਹਰ ਲਾਲ ਦੀ ਰਹਿਨੁਮਾਈ ਵਿਚ ਅਤੇ ਖੇਡ ਮੰਤਰੀ ਤੇ ਹਾਕੀ ਦੇ ਪ੍ਰਸਿੱਧ ਖਿਡਾਰੀ ਸੰਦੀਪ ਸਿੰਘ ਦੀ ਅਗਵਾਈ ਹੇਠ ਹਰਿਆਣਾ ਪ੍ਰਦੇਸ਼ ਦੇ ਖਿਡਾਰੀਆਂ ਦਾ ਉਲੰਪਿਕ ਖੇਡਾਂ ਵਿੱਚ ਪ੍ਰਦਰਸ਼ਨ ਕਾਬਲੇ-ਤਾਰੀਫ ਰਿਹਾ ਹੈ। ਅਸੀਂ ਸਮੂਹ ਹਰਿਆਣਾ ਵਾਸੀਆਂ ਨੂੰ ਸਥਾਪਨਾ ਦਿਵਸ ਦੀ ਤਹਿ-ਦਿਲੋਂ ਮੁਬਾਰਕਬਾਦ ਦਿੰਦੇ ਹੋਏ ਕਾਮਨਾ ਕਰਦੇ ਹਾਂ ਕਿ ਹਰਿਆਣਾ ਰਾਜ ਭਵਿੱਖ ਵਿੱਚ ਨਵੀਆਂ ਬੁਲੰਦੀਆਂ ਹਾਸਲ ਕਰੇ।

ਇਸੇ ਮਹੀਨੇ 8 ਨਵੰਬਰ ਨੂੰ ਕ੍ਰਾਂਤੀਕਾਰੀ, ਮਹਾਨ ਚਿੰਤਕ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਆਗੂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਸਾਰੀ ਦੁਨੀਆਂ ਵਿੱਚ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਨਾਨਕ ਸਾਹਿਬ ਦਾ ਆਗਮਨ ਨਾ ਕੇਵਲ ਭਾਰਤ ਸਗੋਂ ਸਾਰੇ ਸੰਸਾਰ ਵਿੱਚ ਇਕ ਪਰਿਵਰਤਨ ਦਾ ਆਰੰਭ ਸੀ। ਗੁਰੂ ਸਾਹਿਬ ਨੇ ਮਨੁੱਖਤਾ ਨੂੰ ਕਰਮ-ਕਾਂਡ, ਅੰਧ-ਵਿਸ਼ਵਾਸ, ਵਹਿਮ-ਭਰਮ ਅਤੇ ਪਾਖੰਡਾਂ ਦੀ ਥਾਂ ਨੈਤਿਕ ਨਿਯਮਾਂ ਦੀ ਪਾਲਣਾ, ਦਸਾਂ ਨਹੁੰਆਂ ਦੀ ਕਿਰਤ ਕਰਨ, ਨਾਮ ਜਪਣ, ਵੰਡ ਛਕਣ, ਸਮਾਜਿਕ ਬਰਾਬਰੀ ਅਤੇ ਭਾਈਚਾਰੇ/ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹੋਏ ਸੱਚ ਦੇ ਮਾਰਗ 'ਤੇ ਚੱਲਣ ਦਾ ਰਾਹ ਦਿਖਾਇਆ। ਗੁਰੂ ਨਾਨਕ ਸਾਹਿਬ ਸਮੁੱਚੀ ਮਨੁੱਖਤਾ ਦੇ ਰਾਹ ਦਸੇਰੇ ਸਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਲੋਕ-ਪੱਖੀ ਸੀ। ਗੁਰੂ ਨਾਨਕ ਸਾਹਿਬ ਨੇ ਵਿਸ਼ਾਲ ਸੋਚ-ਦ੍ਰਿਸ਼ਟੀ ਅਤੇ ਕ੍ਰਾਂਤੀਕਾਰੀ ਵਿਚਾਰਾਂ ਰਾਹੀਂ ਸਮਾਜ ਵਿੱਚ ਨਵੀਂ ਚੇਤਨਾ ਪੈਦਾ ਕੀਤੀ ਅਤੇ ਹੱਕ-ਸੱਚ ਦੀ ਪੈਰਵੀ ਕਰਦੇ ਹੋਏ ਜ਼ੁਲਮਾਂ ਦੇ ਖ਼ਿਲਾਫ ਆਵਾਜ਼ ਬੁਲੰਦ ਕੀਤੀ। ਸਮਾਜ ਵਿੱਚ ਪਸਰੇ ਹਨ੍ਹੇਰੇ ਨੂੰ ਦੂਰ ਕਰਨ ਲਈ ਗੁਰੂ ਨਾਨਕ ਸਾਹਿਬ ਦੇ ਦਿੱਤੇ ਸਿਧਾਂਤਾਂ 'ਤੇ ਚਲ ਕੇ ਸਾਨੂੰ ਆਪਣਾ ਜੀਵਨ ਸਫ਼ਲਾ ਕਰਨਾ ਚਾਹੀਦਾ ਹੈ।

ਤੇਗ਼ ਦੇ ਧਨੀ, ਸ੍ਰਿਸ਼ਟੀ ਦੀ ਚਾਦਰ, ਮਨੁੱਖੀ ਹੱਕਾਂ ਦੇ ਰਖਵਾਲੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਜ਼ਾਲਮ ਮੁਗ਼ਲ ਸ਼ਾਸਕਾਂ ਦੀ ਮਨੁੱਖਤਾ ਪ੍ਰਤੀ ਕਰੂਰ ਸੋਚ ਦੇ ਮਨਸੂਬਿਆਂ ਨੂੰ ਢਹਿ-ਢੇਰੀ ਕਰਨ ਲਈ ਸ਼ਹਾਦਤ ਦਿੱਤੀ। ਗੁਰੂ ਸਾਹਿਬ ਦੀ ਸ਼ਹਾਦਤ ਸਦਕਾ ਮੁਗ਼ਲਾਂ ਦੇ ਮਾਨਵਤਾ ਪ੍ਰਤੀ ਨਾਪਾਕ ਇਰਾਦੇ ਸਫਲ ਨਹੀਂ ਹੋਏ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਗੁਰੂ ਨਾਨਕ ਸਾਹਿਬ ਤੋਂ ਚਲਦੀ ਆ ਰਹੀ ਇਨਸਾਨੀਅਤ, ਮਾਨਵੀ ਕਦਰਾਂ-ਕੀਮਤਾਂ ਤੇ ਸਿਧਾਂਤਾਂ ਦੀ ਕਦਰ ਬਰਕਰਾਰ ਰੱਖਦੇ ਹੋਏ, ਆਪਣੇ ਦਾਦਾ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਨਾ ਕੇਵਲ ਆਪਣੀ ਸ਼ਹਾਦਤ ਦਿੱਤੀ ਬਲਕਿ ਇਸੇ ਪਰੰਪਰਾ ਨੂੰ ਬਰਕਰਾਰ ਰੱਖਦਿਆਂ ਹੋਇਆਂ ਗੁਰੂ ਤੇਗ ਬਹਾਦਰ ਸਾਹਿਬ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਅਤੇ ਪੋਤਰੇ (ਚਾਰੋ ਸਾਹਿਬਜ਼ਾਦਿਆਂ) ਨੇ ਸ਼ਹਾਦਤ ਦੇ ਕੇ ਮੁਗਲਾਂ ਦੇ ਤਖ਼ਤ ਵਿਚ ਆਖਰੀ ਕਿੱਲ ਗੱਡ ਦਿੱਤੀ। ਗੁਰੂ ਸਾਹਿਬ ਨੇ ਲੋਕਾਂ ਦੇ ਮਨਾ ਵਿੱਚੋਂ ਮੌਤ ਦਾ ਭੈਅ ਕੱਢਦੇ ਹੋਏ ਅਤੇ ਜ਼ੁਲਮ ਦਾ ਬਹਾਦਰੀ ਨਾਲ ਟਾਕਰਾ ਕਰਨ ਲਈ ਪ੍ਰੇਰਿਤ ਕਰਦੇ ਹੋਏ ਕਿਹਾ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਅਰਥਾਤ (ਨਾ ਤਾਂ ਕਿਸੇ ਨੂੰ ਕੋਈ ਡਰ ਦੇਣਾ ਚਾਹੀਦਾ ਹੈ ਤੇ ਨਾ ਹੀ ਕਿਸ ਦਾ ਡਰ ਮੰਨਣਾ ਚਾਹੀਦਾ ਹੈ)। ਗੁਰੂ ਸਾਹਿਬ ਦੇ ਇਸ ਫਲਸਫੇ ਨੂੰ ਆਪਣੀ ਸੋਚ ਦਾ ਹਿੱਸਾ ਬਣਾਇਆ ਜਾਵੇ ਤਾਂ ਪੂਰੀ ਦੁਨੀਆਂ ਵਿੱਚੋਂ ਟਕਰਾਅ, ਜੰਗ ਅਤੇ ਯੁੱਧ ਖ਼ਤਮ ਹੋ ਕੇ ਸ਼ਾਂਤੀ ਸਥਾਪਤ ਹੋ ਜਾਵੇਗੀ।

'ਸ਼ਬਦ ਬੂੰਦ' ਰਾਹੀਂ ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਨਵੇਂ ਲੇਖਕਾਂ ਦੀਆਂ ਰਚਨਾਵਾਂ ਨੂੰ ਛਾਪ ਕੇ ਉਹਨਾਂ ਨੂੰ ਪ੍ਰੋਤਸਾਹਿਤ ਕੀਤਾ ਜਾਵੇ। ਇਸ ਲਈ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਆਪਣੀਆਂ ਰਚਨਾਵਾਂ ਅਕਾਦਮੀ ਨੂੰ ਜ਼ਰੂਰ ਭੇਜਣ। ਆਸ ਹੈ ਕਿ ਸ਼ਬਦ ਬੂੰਦ ਦੇ ਇਸ ਅੰਕ ਨੂੰ ਵੀ ਪਾਠਕਾਂ, ਲੇਖਕਾਂ ਅਤੇ ਵਿਦਵਾਨਾਂ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲੇਗਾ।

ਗੁਰਵਿੰਦਰ ਸਿੰਘ
ਡਿਪਟੀ ਚੇਅਰਮੈਨ
74044-99999

# ਸੰਪਾਦਕੀ



ਦੋਸਤੋ! ਨਵੰਬਰ ਮਹੀਨੇ ਦੀ 'ਸ਼ਬਦ ਬੂੰਦ' ਪੱਤ੍ਰਿਕਾ ਲੈ ਕੇ ਹਮੇਸਾ ਵਾਂਗ ਅਸੀਂ ਆਪ ਦੇ ਵਿਹੜੇ ਵਿੱਚ ਹਾਜਰ ਹਾਂ। ਸਾਡੀ ਹਮੇਸਾ ਵਾਂਗ ਇਸ ਵਾਰ ਵੀ ਕੋਸ਼ਿਸ਼ ਹੈ ਕਿ ਅਜਿਹੀਆਂ ਰਚਨਾਵਾਂ ਆਪ ਦੇ ਸਨਮੁੱਖ ਕੀਤੀਆਂ ਜਾਣ ਜੋ ਸਵੇਰ ਦੀ ਪਹਿਲੀ ਕਿਰਨ ਵਾਂਗ ਗਿਆਨ ਅਤੇ ਨਵੀਆਂ ਜਾਣਕਾਰੀਆਂ ਨਾਲ ਭਰਪੂਰ ਹੋਣ। 'ਸ਼ਬਦ ਬੂੰਦ' ਦੇ ਨਵੇਂ ਅੰਕ ਪ੍ਰਤੀ ਤੁਹਾਡੀ ਤਾਂਘ ਸਾਨੂੰ ਹੋਰ ਮਿਹਨਤ ਤੇ ਸਿਰੜ ਨਾਲ ਕਾਰਜ ਕਰਨ ਲਈ ਹਮੇਸ਼ਾ ਪ੍ਰੇਰਨਾ ਤੇ ਉਤਸ਼ਾਹ ਦਿੰਦੀ ਹੈ।

1 ਨਵੰਬਰ ਨੂੰ 'ਹਰਿਆਣਾ ਦਿਵਸ' ਬੜੇ ਜੋਸ਼ੋ-ਖਰੋਸ਼ ਨਾਲ ਪੂਰੇ ਹਰਿਆਣਾ ਪ੍ਰਾਂਤ ਵਿੱਚ ਮਨਾਇਆ ਜਾ ਰਿਹਾ ਹੈ। ਕਦੇ ਇਸ ਸੂਬੇ ਦੀ ਪਛਾਣ ਰੇਤਲੇ ਟਿੱਬੇ ਅਤੇ ਕਿੱਕਰ ਦੇ ਜੰਗਲਾਂ ਤੱਕ ਸੀਮਤ ਸੀ ਪਰ ਅਜੋਕੇ ਸਮੇਂ ਵਿੱਚ ਹਰਿਆਣਾ ਦੇ ਨੌਜਵਾਨਾਂ ਨੇ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰਕੇ ਨਵੇਂ ਮੁਕਾਮ ਛੋਹੇ ਹਨ, ਚਾਹੇ ਖੇਡਾਂ ਹੋਣ, ਰਾਜਨੀਤੀ ਹੋਵੇ ਜਾਂ ਹੋਰ ਕੋਈ ਵੀ ਖੇਤਰ ਹੋਵੇ। ਭਾਰਤ ਦੀ ਪਹਿਲੀ ਮਹਿਲਾ ਪੁਲਾੜ ਯਾਤਰੀ ਕਲਪਨਾ ਚਾਵਲਾ ਦਾ ਜਨਮ ਵੀ ਹਰਿਆਣਾ ਦੀ ਧਰਤੀ 'ਤੇ ਹੋਇਆ ਸੀ। ਖਾਸ ਕਰਕੇ ਖੇਡਾਂ ਵਿੱਚ ਇਸ ਸੂਬੇ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ। ਕੁਸ਼ਤੀ, ਮੁੱਕੇਬਾਜ਼ੀ, ਹਾਕੀ ਅਤੇ ਸ਼ੂਟਿੰਗ ਵਰਗੀਆਂ ਖੇਡਾਂ ਵਿੱਚ ਇੱਥੋਂ ਦੇ ਖਿਡਾਰੀਆਂ ਦਾ ਬੋਲਬਾਲਾ ਰਿਹਾ ਹੈ। ਯੋਗੇਸ਼ਵਰ ਦੱਤ, ਸੁਸ਼ੀਲ ਕੁਮਾਰ, ਸੰਦੀਪ ਸਿੰਘ, ਬਬੀਤਾ ਫੋਗਾਟ ਵਰਗੇ ਮਹਾਨ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਉਣ ਵਿਚ ਕਾਮਯਾਬ ਰਹੇ ਹਨ। ਇਸ ਪ੍ਰਦੇਸ ਦੀ ਇਤਿਹਾਸਕ ਮਹੱਤਤਾ ਵੀ ਹੈ। ਮਹਾਂਭਾਰਤ ਦਾ ਸੰਸਾਰ ਪ੍ਰਸਿੱਧ ਯੁੱਧ ਹਰਿਆਣਾ ਦੇ 'ਕੁਰੂਕਸ਼ੇਤਰ' ਵਿੱਚ ਹੋਇਆ ਸੀ ਅਤੇ ਕੁਰੂਕਸ਼ੇਤਰ ਵਿੱਚ ਹੀ ਸ੍ਰੀ ਕ੍ਰਿਸ਼ਨ ਜੀ ਨੇ 'ਸ੍ਰੀ ਮਦ ਭਗਵਦ ਗੀਤਾ' ਦਾ ਉਚਾਰਨ ਕੀਤਾ ਸੀ।

ਨਵੰਬਰ ਮਹੀਨੇ ਵਿੱਚ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਾਰੀ ਦੁਨੀਆਂ ਵਿੱਚ ਬੜੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦਾ ਜਨਮ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋਂ ਰਾਇ ਭੋਇ ਦੀ ਤਲਵੰਡੀ, ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਹੋਇਆ। ਆਪ ਨਿਰਭੈ ਅਤੇ ਮਹਾਨ ਮਾਨਵਤਾਵਾਦੀ ਗੁਰੂ ਸਨ। ਆਪ ਦੇ ਮਾਨਵਤਾਵਾਦ ਵਿਚ ਸਾਰੀ ਮਨੁੱਖਤਾ ਦੇ ਕਲਿਆਣ ਦੀ ਭਾਵਨਾ ਮੁੱਖ ਹੈ।

ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਪੁਰਬ 24 ਨਵੰਬਰ ਨੂੰ ਨਾਨਕ ਨਾਮ ਲੇਵਾ ਸੰਗਤ ਵੱਲੋਂ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸ਼ੁਰੂ ਤੋਂ ਹੀ ਸੰਸਾਰ ਪ੍ਰਤੀ ਤਿਆਗ ਅਤੇ ਵੈਰਾਗ ਦੀ ਭਾਵਨਾ ਕਾਰਨ ਹਰੀ-ਭਗਤੀ ਵਿਚ ਲੀਨ ਰਹਿੰਦੇ ਸਨ। ਆਪ ਨੇ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ ਕਰਤਾਰਪੁਰ ਦੇ ਯੁੱਧ ਵਿਚ ਹਿੱਸਾ ਲਿਆ ਅਤੇ ਯੁੱਧ-ਭੂਮੀ ਵਿਚ ਬਹਾਦਰੀ ਦੇ ਜੌਹਰ ਦਿਖਾਉਣ ਕਾਰਣ ਪਿਤਾ-ਗੁਰੂ ਵਲੋਂ ਆਪ ਜੀ ਦਾ ਜੁਝਾਰੂ ਨਾਂ 'ਤੇਗ ਬਹਾਦਰ' ਰੱਖਿਆ ਗਿਆ। ਆਪ ਜੀ ਦਾ ਰੂਹਾਨੀ ਤੇ ਸਰਬ ਵਿਆਪਕ ਉਪਦੇਸ਼ ਹੈ ਕਿ ਨਾ ਹੀ ਕਿਸੇ ਦਾ ਭੈ ਮੰਨਣਾ ਅਤੇ ਨਾ ਹੀ ਕਿਸੇ ਨੂੰ ਭੈ ਦੇਣਾ। ਗੁਰੂ ਸਾਹਿਬ ਨੇ ਮਾਨਵਤਾ ਦੀ ਰੱਖਿਆ ਲਈ ਸਮੇਂ ਦੀ ਹਕੂਮਤ ਅੱਗੇ ਨਾ ਝੁਕਦਿਆਂ ਦਿੱਲੀ ਦੇ ਚਾਂਦਨੀ ਚੌਕ ਵਿੱਚ ਆਪਣੀ ਸ਼ਹੀਦੀ ਦੇ ਦਿੱਤੀ। ਵਿਸ਼ਵ-ਇਤਿਹਾਸ ਵਿੱਚ ਗੁਰੂ ਜੀ ਦੀ ਕੁਰਬਾਨੀ ਵਿਲੱਖਣ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਨ੍ਹਾਂ ਵੱਲੋਂ ਇਹ ਕੁਰਬਾਨੀ ਆਪਣੇ ਭਾਈਚਾਰੇ ਲਈ ਨਹੀਂ ਬਲਕਿ ਸਮੁੱਚੀ ਮਾਨਵਤਾ ਨੂੰ ਬਚਾਉਣ ਖ਼ਾਤਰ ਦਿੱਤੀ ਗਈ। ਇਸ ਤਰ੍ਹਾਂ ਇਸ ਗੌਰਵਮਈ ਸ਼ਹਾਦਤ ਨੇ ਸਿਰਫ਼ ਸਿੱਖ ਇਤਿਹਾਸ ਨੂੰ ਹੀ ਨਵਾਂ ਮੋੜ ਨਹੀਂ ਦਿੱਤਾ ਸਗੋਂ ਪੂਰੇ ਵਿਸ਼ਵ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਪ੍ਰਦਾਨ ਕੀਤਾ। ਗੁਰੂ ਜੀ ਦੀ ਸ਼ਹਾਦਤ ਨੇ ਉਸ ਸਮੇਂ ਦੇ ਮਜ਼ਲੂਮਾਂ, ਨਿਤਾਣਿਆਂ, ਨਿਓਟਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿੱਚ ਇੱਕ ਨਵੀਂ ਰੂਹ ਫੂਕੀ। ਆਪ ਜੀ ਦੀ ਕੁਰਬਾਨੀ ਨਾ ਸਿਰਫ਼ ਸਮਕਾਲੀਨ ਸਮਾਜ ਲਈ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ-ਸਰੋਤ ਬਣੀ ਰਹੇਗੀ।

ਆਸ ਕਰਦੇ ਹਾਂ ਕਿ ਇਹ ਹੱਥਲਾ ਅੰਕ ਪਾਠਕਾਂ ਦੇ ਗਿਆਨ ਵਿੱਚ ਵਾਧਾ ਕਰੇਗਾ ਅਤੇ ਉਨ੍ਹਾਂ ਦੀਆਂ ਆਸਾਂ ਤੇ ਉਮੀਦਾਂ ਉੱਤੇ ਖਰਾ ਉਤਰੇਗਾ।

ਡਾਇਰੈਕਟਰ
89098-13333

ISSN 2456-544X

# ਸ਼ਬਦ ਬੂੰਦ

**ਨਵੰਬਰ, 2022**
ਅੰਕ-210, 20/-ਰੁਪਏ



ਪ੍ਰਧਾਨ ਸਰਪ੍ਰਸਤ ਤੇ ਚੇਅਰਮੈਨ
ਮਨੋਹਰ ਲਾਲ
ਮੁੱਖ ਮੰਤਰੀ, ਹਰਿਆਣਾ

ਪ੍ਰਧਾਨ ਸੰਪਾਦਕ
ਅਨੁਰਾਗ ਅਗਰਵਾਲ, ਆਈ.ਏ.ਐਸ.
ਕਾਰਜਕਾਰੀ ਉਪ ਚੇਅਰਮੈਨ, ਅਕਾਦਮੀ

ਪ੍ਰਬੰਧ ਸੰਪਾਦਕ
ਅਮਿਤ ਕੁਮਾਰ ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ, ਸੂਚਨਾ, ਲੋਕ ਸੰਪਰਕ ਤੇ
ਭਾਸ਼ਾ ਵਿਭਾਗ, ਹਰਿਆਣਾ


ਮੁੱਖ ਸੰਪਾਦਕ
ਗੁਰਵਿੰਦਰ ਸਿੰਘ ਧਮੀਜਾ
ਡਿਪਟੀ ਚੇਅਰਮੈਨ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ



ਸੰਪਾਦਕ
ਸੁਨੀਲ ਵਸ਼ਿਸ਼ਟ
ਡਾਇਰੈਕਟਰ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸਹਿ ਸੰਪਾਦਕ
ਹਰਦਿਆਲ ਸਿੰਘ

ਸੰਪਾਦਕੀ ਬੋਰਡ
ਡਾ. ਰਤਨ ਸਿੰਘ ਢਿੱਲੋਂ
ਡਾ. ਮਨਜੀਤ ਸਿੰਘ
ਡਾ. ਪਰਮਜੀਤ ਕੌਰ ਸਿੱਧੂ
ਸ. ਜਰਨੈਲ ਸਿੰਘ



ਪ੍ਰਕਾਸ਼ਕ :
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਆਈ. ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ)
ਫ਼ੋਨ : 0172-2972071, 2577798
ਈ-ਮੇਲ : hpsaa55@gmail.com
ਵੈੱਬ-ਸਾਈਟ : haryanapunjabisahityaacademy.com

ਸੰਪਾਦਕ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਕਿਸੇ ਪ੍ਰਕਾਰ ਦੀ 'ਸ਼ਬਦ ਬੂੰਦ', ਅਕਾਦਮੀ ਡਾਇਰੈਕਟਰ ਜਾਂ ਅਕਾਦਮੀ ਸੰਬੰਧੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿੱਚ ਹੀ ਹੋ ਸਕਦੀ ਹੈ।



# ਤਤਕਰਾ


| ਲੜੀ ਨੰ. | ਲੇਖਕ | ਰਚਨਾ | ਪੰਨਾ ਨੰ. |
|---|---|---|---|
| 1. | ਅੰਮ੍ਰਿਤਪਾਲ ਕੌਰ ਵਿਰਕ | ਨਾਨਕ ਬਾਣੀ ਦੀ ਸਮਾਜ ਤੇ ਸਭਿਆਚਾਰ ਨੂੰ ਦੇਣ | 05 |
| 2. | ਵਿਨੋਦ ਫ਼ਕੀਰਾ | ਸਤਿਗੁਰੂ ਨਾਨਕ ਦੀ ਕ੍ਰਿਪਾ | 07 |
| 3. | ਡਾ. ਸੁਖਵਿੰਦਰ ਕੌਰ ਕੰਵਲ | ਸ੍ਰੀ ਗੁਰੂ ਤੇਗ ਬਹਾਦਰ ਜੀ: ਮਨੁੱਖੀ ਅਧਿਕਾਰ ਅਤੇ ਆਜ਼ਾਦੀ ਦਾ ਸੰਕਲਪ | 08 |
| 4. | ਬਲਜਿੰਦਰ ਕੌਰ ਸ਼ੇਰਗਿੱਲ | ਬਾਬਾ ਨਾਨਕ | 10 |
| 5. | ਬਲਵਿੰਦਰ ਕੌਰ ਖੁਰਾਣਾ | ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ | 11 |
| 6. | ਡਾ. ਰੇਖਾ ਰਾਣੀ | 'ਸਾਡਾ ਹਰਿਆਣਾ' | 15 |
| 7. | ਪ੍ਰਮੋਦ ਪੱਬੀ | ਸੂਰਜਮੁਖੀਆਂ ਨੂੰ | 17 |
| 8. | ਪ੍ਰੋਫੈਸਰ ਸ਼ਾਮਲਾਲ ਕੌਸ਼ਲ | ਗੁਰੂ ਨਾਨਕ ਦੇਵ ਜੀ | 18 |
| 9. | ਗੁਰਪ੍ਰੀਤ ਕੌਰ | ਕਵਿਤਾ | 20 |
| 10. | ਡਾ. ਬਲਵਿੰਦਰ ਸਿੰਘ ਥਿੰਦ | ਗੁਰੂ ਨਾਨਕ ਬਾਣੀ ਦੇ ਸਰੋਕਾਰ: 'ਕਾਲ' ਤੋਂ 'ਅਕਾਲ' ਦੀ ਯਾਤਰਾ | 21 |
| 11. | ਡਾ. ਸਵਰਨਜੀਤ ਕੌਰ | ਸ਼ਾਹਮੁਖੀ ਤੋਂ ਗੁਰਮੁਖੀ ਵਿੱਚ ਤਰਜਮਾ ਹੋਏ ਨਾਵਲਾਂ ਵਿੱਚ ਪੇਸ਼ ਮੁੱਖ ਸਰੋਕਾਰ | 26 |
| 12. | ਤਰਸੇਮ ਸਿੰਘ ਭੰਗੂ | ਬਾਬਾ ਨਾਨਕਾ ਤੂੰ ਆ ਜਾ | 31 |
| 13. | ਹਰਜਿੰਦਰ ਸਿੰਘ | ਯੁਵਕ ਮੇਲਿਆਂ ਦੇ ਮੰਚ ਤੋਂ ਪ੍ਰਕਾਸ਼ਿਤ ਨਾਟਕਾਂ ਦਾ ਸਰਵੇਖਣ | 32 |
| 14. | ਅੰਮ੍ਰਿਤਪਾਲ ਕੌਰ | ਪਰਵਾਸੀ ਪੰਜਾਬੀ ਕਹਾਣੀਕਾਰ ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲੇ ਵਰਕੇ' ਦਾ ਵਿਸ਼ੇਗਤ ਅਧਿਐਨ | 39 |
| 15. | ਲਖਬੀਰ ਸਿੰਘ ਦੌਦਪੁਰ | ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ 'ਮੰਜਾ' | 44 |
| 16. | ਪ੍ਰੋ. ਦਾਤਾਰ ਸਿੰਘ | ਹਾਇਕੂ | 45 |
| 17. | ਜਸਪ੍ਰੀਤ ਕੌਰ ਧਾਲੀਵਾਲ | ਲੋਕ ਕੀ ਕਹਿਣਗੇ | 46 |
| 18. | ਪ੍ਰਤਾਪ 'ਪਾਰਸ'ਗੁਰਦਾਸਪੁਰੀ | ਗੁਰੂ ਨਾਨਕ ਦਾ ਜਨਮ ਦਿਹਾੜਾ | 47 |
| 19. | ਸੰਜੀਵ ਸੈਣੀ | ਬਦਲ ਰਹੀ ਜੀਵਨ-ਸ਼ੈਲੀ | 48 |
| 20. | ਵੀਨਾ ਬਟਾਲਵੀ | ਵੱਧਦੀ ਅਬਾਦੀ | 49 |
| 21. | ਜਸਵੀਰ ਢੰਡ | ਇਕ ਉਦਾਸ ਧੁਨ | 50 |
| 22. | ਸੁਰਿੰਦਰ ਸ਼ਰਮਾ ਨਾਗਰਾ | ਟੈਲੀਵਿਜ਼ਨ | 54 |
| 23. | ਸਿੱਧੂ ਹਰਦੇਵ ਸਿੰਘ | ਪਾਪ ਛੁਪਦਾ ਨਹੀਂ | 55 |
| 24. | ਸਰਦਾਰੀ ਲਾਲ 'ਕੰਵਲ' | ਗ਼ਜ਼ਲ | 55 |
| 25. | ਜਤਿੰਦਰ ਵਿਰਦੀ | ਜ਼ਿੰਦਗੀ ਦਾ ਚੰਦਨ | 56 |
| 26. | ਪੂਰਨ ਸਿੰਘ ਨਿਰਾਲਾ | ਗ਼ਜ਼ਲ | 58 |
| 27. | ਸੁਰਿੰਦਰ ਕੈਲੇ | ਮੁੱਖ ਅਧਿਆਪਕ ਦਾ ਅਨੁਸ਼ਾਸਨ | 59 |
| 28. | ਗੁਰਜੋਤ ਸਿੰਘ ਦੌਦਪੁਰ | ਗ਼ਜ਼ਲ | 59 |
| 29. | ਡਾ. ਚਰਨਜੀਤ ਸਿੰਘ ਉਡਾਰੀ | ਨਾਵਲ ਲਿਫ਼ਾਫ਼ਾ 'ਸਮੁੰਦ ਸਮਾਇਆ ਬੂੰਦ ਮੇਂ' | 60 |
| 30. | ਰਣਜੀਤ ਆਜ਼ਾਦ ਕਾਂਝਲਾ | ਸੱਖਣੀ | 63 |
| 31. | ਡਾ. ਰਮੇਸ਼ ਕੁਮਾਰ | ਸਮੇਂ ਦੀਆਂ ਸਲਵਟਾਂ | 65 |
| 32. | ਦਰਸ਼ਨ ਸਿੰਘ ਅਹਿਰਵਾਂ | ਗੁਰੂ ਨਾਨਕ ਦੇਵ ਜੀ | 66 |
| 33. | ਹਰਨੇਕ ਸਿੰਘ ਮਾਨ | ਬਾਬਾ ਨਾਨਕ | 67 |
| 34. | ਮਨਜੀਤ ਕੌਰ ਅੰਬਾਲਵੀ | ਸਾਹਾਂ ਦੇ ਦੀਵੇ | 67 |
| 35. | ਕਰਨੈਲ ਸਿੰਘ ਅਸਪਾਲ | ਧੰਨ ਨਾਨਕ ਤੇਰੀ ਵੱਡੀ ਕਮਾਈ | 68 |
| 36. | ਸਾਕਸ਼ੀ | ਸੋਹਣੇ ਨੈਣ | 68 |
| 37. | ਲਖਵਿੰਦਰ ਬਾਜਵਾ | ਕਵਿਤਾ | 69 |
| 38. | ਲਵ ਕੁਮਾਰ ਸਰਫਰੋਸ਼ | ਕਵਿਤਾ ਦੀ ਬਿੜਕ | 70 |
| 39. | ਨੱਕਾਸ਼ ਚਿੱਤੇਵਾਣੀ (ਮਾਈਕਲ) | ਤੇਰੇ ਹਵਾਲੇ | 71 |
| 40. | ਮਲਕੀਅਤ 'ਸੁਹਲ' | ਆ ਨਾਨਕ | 72 |
| 41. | ਰਮੇਸ਼ ਸ਼ਰਮਾ | ਗੁਰੂ ਨਾਨਕ ਦੇਵ ਪਿਆਰੇ ਜੀ | 72 |
| 42. | ਬਲਵਿੰਦਰ ਬਾਲਮ | ਅੰਧ ਵਿਸ਼ਵਾਸ਼ਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ | 73 |
| 43. | ਡਾ. ਇੰਦਰਪਾਲ ਕੌਰ | ਮੈਂ ਕੌਣ...ਔਰਤ | 73 |
| 44. | ਡਾ ਗੁਰਬਖਸ਼ ਸਿੰਘ ਭੰਡਾਲ | ਗੁਰੂ ਨਾਨਕ ਦੇ ਪ੍ਰਕਾਸ਼-ਪੁਰਬ 'ਤੇ | 74 |
| 45.. | ਅਮਨਜੋਤ ਕੌਰ | ਅੱਜ ਦੇ ਸਮਾਜ ਦੀ ਤਸਵੀਰ.......... | 75 |
| 46. | ਮਾਸਟਰ ਗੁਰਚਰਨ ਸਿੰਘ ਦਰਦੀ | ਸਿਲਸਿਲਾ | 75 |

# ਨਾਨਕ ਬਾਣੀ ਦੀ ਸਮਾਜ ਤੇ ਸਭਿਆਚਾਰ ਨੂੰ ਦੇਣ

ਅੰਮ੍ਰਿਤਪਾਲ ਕੌਰ ਵਿਰਕ



ਗੁਰੂ ਨਾਨਕ ਦੇਵ ਜੀ ਦਾ ਸੰਸਾਰ ਆਗਮਨ ਵਿਸ਼ਵ ਦੇ ਧਾਰਮਿਕ ਇਤਿਹਾਸ ਵਿੱਚ ਇੱਕ ਬਹੁਤ ਵੱਡੀ ਘਟਨਾ ਗਿਣੀ ਜਾਂਦੀ ਹੈ। ਕਿਉਂਕਿ ਇਸ ਮਹਾਨ ਜੋਤ ਨੇ ਸੰਸਾਰ ਨੂੰ ਜਿਨ੍ਹਾਂ ਸਿਧਾਂਤਾਂ, ਅਸੂਲਾਂ, ਰਹੂ-ਰੀਤੀਆਂ ਤੇ ਸਿੱਖਿਆਵਾਂ ਦੀ ਬਖਸ਼ਿਸ਼ ਕੀਤੀ ਹੈ, ਉਹ ਸਮੁੱਚੇ ਇਨਸਾਨੀ ਭਾਈਚਾਰੇ ਦੇ ਸੰਪੂਰਨ ਕਲਿਆਣ ਨਾਲ ਸੰਬੰਧਿਤ ਹਨ ਅਤੇ ਕਿਸੇ ਇੱਕ ਫ਼ਿਰਕੇ, ਇੱਕ ਜਾਤ, ਇੱਕ ਬਿਰਾਦਰੀ ਨਾਲ ਨਹੀਂ। ਗੁਰੂ ਸਾਹਿਬ ਨੇ ਸੰਸਾਰ ਵਿੱਚ ਆਪਣੇ ਮਿੱਠੇ ਤੇ ਪਿਆਰ ਭਰੇ ਬੋਲਾਂ ਰਾਹੀਂ ਲੋਕਾਂ ਦੇ ਹਿਰਦਿਆਂ ਨੂੰ ਨਿਰਮਲ ਤੇ ਸਵੱਛ ਕੀਤਾ ਤੇ ਉਨ੍ਹਾਂ ਦੇ ਮਨਾਂ ਦੀ ਮੈਲ ਲਾਹ ਦਿੱਤੀ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਸਰਬ ਮਾਨਵੀ ਮਿਸ਼ਨ ਇਕ ਖ਼ੂਬਸੂਰਤ ਫੁੱਲ ਦੀ ਭਾਂਤੀ ਵਿਸ਼ਵ ਵਿੱਚ ਖਿੜਿਆ ਜਿਸ ਨੇ ਵਾਤਾਵਰਣ ਨੂੰ ਆਪਣੀ ਰਸਭਿੰਨੀ ਮਨਮੋਹਕ ਖ਼ੁਸ਼ਬੂ ਨਾਲ ਮੁਅੱਤਰ ਕਰ ਦਿੱਤਾ।

ਗੁਰੂ ਨਾਨਕ ਸਾਹਿਬ ਦੀਆਂ ਵਡਿਆਈਆਂ ਦਾ ਕੋਈ ਲੇਖਾ-ਜੋਖਾ ਨਹੀਂ ਹੋ ਸਕਦਾ। ਉਹ ਚੰਗੇ ਬੁਲਾਰੇ ਸਨ, ਗੁਣਵਾਨ ਮਹਾਂਪੁਰਸ਼ ਸਨ, ਉੱਚ ਕੋਟੀ ਦੇ ਵਕਤਾ ਸਨ, ਰੱਬੀ ਬਾਣੀ ਦੇ ਰਚੇਤਾ, ਨੂਰਾਨੀ ਨੂਰ ਸਨ ਅਤੇ ਹਕ ਇਨਸਾਫ਼ ਦੀ ਰਾਖੀ ਲਈ ਡੱਟ ਕੇ ਪਹਿਰਾ ਦੇਣ ਵਾਲੇ ਸੂਰਬੀਰ ਯੋਧਾ ਸਨ। ਉਨ੍ਹਾਂ ਦੇ ਹਿਰਦੇ ਵਿੱਚ ਮਾਨਵ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਬਾਣੀ ਗਾਉਣਾ ਅਤੇ ਆਪਣੇ ਮਧੁਰ ਬੋਲਾਂ ਰਾਹੀਂ ਹਰ ਇੱਕ ਨੂੰ ਕੀਲ ਲੈਣਾ ਉਨ੍ਹਾਂ ਦਾ ਸੁਭਾਅ ਸੀ। ਉਹ ਸੰਗੀਤ ਨਾਲ ਭਰੀ ਰੂਹ ਸਨ।

ਗੁਰੂ ਨਾਨਕ ਬਾਣੀ ਦਾ ਅਧਿਐਨ ਕਰਨ 'ਤੇ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਅਜਿਹੇ ਆਦਰਸ਼ ਸਮਾਜ ਦੀ ਸਥਾਪਨਾ ਕਰਦੀ ਹੈ, ਜੋ ਮਨੁੱਖ ਨੂੰ ਆਪੇ ਤੇ ਬ੍ਰਹਿਮੰਡ ਨਾਲ ਜੋੜਦੀ ਹੋਈ ਪਰਮਾਰਥ ਦਾ ਮਾਰਗ ਦਿਖਾਉਂਦੀ ਹੈ। ਗੁਰੂ ਨਾਨਕ ਬਾਣੀ ਜਿੱਥੇ ਆਪਣੇ ਸਮੇਂ ਦੇ ਸਾਮੰਤਵਾਦ ਦੀ ਕੱਟੜ ਨੀਤੀ ਤੋਂ ਆਰਥਿਕ ਲੁੱਟ-ਖਸੁੱਟ ਦਾ ਵਿਰੋਧ ਕਰਦੀ ਹੋਈ ਮਨੁੱਖ ਨੂੰ ਚੇਤਨ ਕਰਦੀ ਹੈ, ਉੱਥੇ ਹੀ ਸਮੁੱਚੀ ਲੋਕਾਈ ਨੂੰ ਕਰਮ-ਕਾਂਡਾਂ, ਆਡੰਬਰਾਂ ਤੇ ਪਾਖੰਡਾਂ ਤੋਂ ਮੁਕਤ ਕਰਦੀ ਹੋਈ 'ਇਕ-ਈਸ਼ਵਰਵਾਦ' ਦੇ ਸਿਧਾਂਤ ਨਾਲ ਜੋੜਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਦਰਸ਼ ਮਨੁੱਖ ਤੇ ਸਮਾਜ ਦੀ ਸਥਾਪਨਾ ਲਈ "ਕਿਰਤ ਕਰੋ, ਨਾਮ ਜਪੋ, ਵੰਡ ਛਕੋ" ਦੇ ਤਿੰਨ ਮੁੱਖ ਉਪਦੇਸ਼ ਦਿੱਤੇ ਜੋ ਸਮਾਜ ਦੇ ਅਰਥਚਾਰੇ ਤੇ ਸਮਾਜਿਕ ਸਾਂਝੀਵਾਲਤਾ ਦੇ ਸੰਕਲਪ ਹਨ। ਗੁਰੂ ਨਾਨਕ ਦੇਵ ਜੀ ਕਿਰਤ ਦੀ ਮਹੱਤਤਾ ਬਾਰੇ ਦੱਸਦੇ ਹਨ ਕਿ ਕਿਰਤ ਨੂੰ ਸਿਰਫ਼ ਪਦਾਰਥਕ ਖ਼ੁਸ਼ਹਾਲੀ ਦਾ ਆਧਾਰ ਨਹੀਂ ਮੰਨਣਾ ਚਾਹੀਦਾ ਸਗੋਂ ਸੁੱਚੀ ਕਿਰਤ ਦੁਆਰਾ ਅਸੀਂ ਜਿੱਥੇ ਸਮਾਜ ਦਾ ਆਰਥਿਕ ਤੌਰ 'ਤੇ ਵਿਕਾਸ ਕਰਦੇ ਹਾਂ। ਉੱਥੇ ਹੀ ਸੱਚ ਦਾ ਰਾਹ ਵੀ ਕਿਰਤ ਦੁਆਰਾ ਪਛਾਣਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਖ਼ੁਦ ਖੇਤੀਬਾੜੀ ਕਰਕੇ ਕਿਰਤ ਦੀ ਮਹੱਤਤਾ ਨੂੰ ਦਰਸਾਇਆ ਹੈ। ਕਿੱਤਾ ਕੋਈ ਵੀ ਹੋਵੇ ਉਸ ਨੂੰ ਕਰਦਿਆਂ ਹੀਣਤਾ ਮਹਿਸੂਸ ਨਹੀਂ ਕਰਨੀ ਚਾਹੀਦੀ, ਸਗੋਂ ਸਮਾਜ ਦੇ ਸਦੀਵੀਂ ਵਿਕਾਸ ਲਈ ਉਪਕਾਰ ਭਰੇ ਕਾਰਜ ਕਰਨੇ ਚਾਹੀਦੇ ਹਨ।

ਗੁਰੂ ਨਾਨਕ ਦੇਵ ਜਿਸ ਯੁੱਗ ਵਿੱਚ ਵਿਚਰ ਰਹੇ ਸਨ ਉਸ ਵਿੱਚ ਪੰਜਾਬੀ ਸਮਾਜ ਤੇ ਸਭਿਆਚਾਰ ਅਨੇਕ ਦਬਾਵਾਂ ਤੇ ਅੰਤਰ ਵਿਰੋਧਾਂ ਵਿੱਚ ਗ੍ਰਸਿਆ ਪਿਆ ਸੀ। ਵਿਦੇਸ਼ੀ ਹਾਕਮਾਂ ਨੇ ਅੱਤਿਆਚਾਰ ਅਤੇ ਦਮਨ ਦਾ ਰਵੱਈਆ ਅਪਣਾਇਆ ਹੋਇਆ ਸੀ। ਉਪਰਲੇ ਵਰਗ ਦੇ ਹਿੰਦੂਆਂ ਨੇ ਮੁਸਲਮਾਨ ਹਾਕਮਾਂ ਨੂੰ ਖ਼ੁਸ਼ ਕਰਨ ਵਾਸਤੇ ਉਨ੍ਹਾਂ ਦੇ ਤੌਰ-ਤਰੀਕਿਆਂ ਅਤੇ ਬੋਲ ਬਾਣੀ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਸੀ। ਆਮ ਵਿਅਕਤੀ ਇਸ ਦੂਹਰੀ ਗ਼ੁਲਾਮੀ ਵਾਲੀ ਜ਼ਿੰਦਗੀ ਨੂੰ ਜੀ ਰਿਹਾ ਸੀ। ਰਾਜਨੀਤਿਕ ਪੱਖੋਂ ਤਾਂ ਉਹ ਮੁਸਲਮਾਨਾਂ ਦੀ ਗ਼ੁਲਾਮੀ ਕਰ ਰਿਹਾ ਸੀ ਅਤੇ ਸਭਿਆਚਾਰ ਤੌਰ ਤੋਂ ਉਸ ਨੂੰ ਬ੍ਰਾਹਮਣ ਵਰਗ ਦੁਆਰਾ ਸੰਚਾਲਿਤ ਕਠੋਰ ਵਰਣ ਵਿਵਸਥਾ ਦਾ ਪਾਲਣ ਕਰਨ ਦੀ ਮਜ਼ਬੂਰੀ ਸੀ। ਅਜਿਹੀ ਸਥਿਤੀ ਵਿੱਚ ਆਮ ਮਨੁੱਖ ਦਾ ਰੁਝਾਨ ਪਲਾਇਣ ਵੱਲ ਵਧਦਾ ਜਾ ਰਿਹਾ ਸੀ। ਨਾਥ

ਜੋਗੀਆਂ ਦੇ ਵੱਖ-ਵੱਖ ਫ਼ਿਰਕੇ ਅਜਿਹੀ ਪਲਾਇਣ ਮੁੱਖਤਾ ਦਾ ਫਾਇਦਾ ਚੁੱਕ ਕੇ ਮਨੁੱਖ ਨੂੰ ਪ੍ਰਤੀਗਾਮੀ ਤੇ ਨਿਰਾਸ਼ਾਵਾਦੀ ਬਣਾ ਰਹੇ ਸਨ। ਇਸ ਸਮੇਂ ਸਮਾਜ ਦੇ ਆਲੇ-ਦੁਆਲੇ ਬਹੁਤ ਸਾਰੇ ਪੱਖਾਂ ਵਿੱਚ ਝੂਠ ਤੇ ਹੰਕਾਰ ਦਾ ਬੋਲਬਾਲਾ ਸੀ। ਇੰਞ ਮਹਿਸੂਸ ਹੁੰਦਾ ਸੀ ਕਿ ਸੱਚ ਤੇ ਹੱਕ ਕਿਧਰੇ ਪਰ ਲਾ ਕੇ ਉੱਡ ਗਏ ਸੀ। ਅਜਿਹੇ ਰਾਜਨੀਤਿਕ-ਇਤਿਹਾਸਕ ਪਰਿਵੇਸ਼ ਵਿੱਚ ਪ੍ਰਗਟ ਹੋ ਕੇ ਗੁਰੂ ਜੀ ਨੇ ਨਾ ਕੇਵਲ ਲੋਕਾਂ ਵਿੱਚ ਜਿਊਣ ਦੀ ਆਸ ਜਗਾਈ ਬਲਕਿ ਇਸ ਵਿਦੇਸ਼ੀ ਹਕੂਮਤ ਤੇ ਰੂੜੀਗ੍ਰਸਤ ਸਭਿਆਚਾਰ ਦੀਆਂ ਜ਼ੰਜੀਰਾਂ ਦੇ ਵਿਰੁੱਧ ਲੜਨ-ਮਰਨ ਦਾ ਚਾਊ ਵੀ ਪੈਦਾ ਕੀਤਾ। ਇਸੇ ਪ੍ਰਸੰਗ ਵਿੱਚ ਆਪਣੇ ਜੀਵਨ-ਮਾਰਗ ਦਾ ਪਰਿਚੈ ਕਰਵਾਉਂਦਿਆਂ ਹੋਏ ਗੁਰੂ ਜੀ ਫ਼ੁਰਮਾਉਂਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥[1]

ਗੁਰੂ ਨਾਨਕ ਦੇਵ ਜੀ ਨੇ ਵਿਦੇਸ਼ੀ ਹੁਕਮਰਾਨਾਂ ਅਤੇ ਸੱਤਾ ਦੇ ਹੋਰ ਕੇਂਦਰਾਂ ਨੂੰ ਵੀ ਵੰਗਾਰਿਆ, ਭਾਰਤੀ ਸਭਿਆਚਾਰ ਵਿੱਚ ਆ ਰਹੀ ਜੜਤਾ ਨੂੰ ਤੋੜਿਆ ਤੇ ਸਾਰੇ ਅਵਾਮ ਵਿੱਚ ਇੱਕ ਆਦਰਸ਼ ਤੇ ਪ੍ਰਗਤੀਸ਼ੀਲ ਜੀਵਨ-ਜਾਂਚ ਨੂੰ ਪੇਸ਼ ਕੀਤਾ। ਕਿਉਂਕਿ ਗੁਰੂ ਜੀ ਮੂਲ ਤੌਰ 'ਤੇ ਇੱਕ ਕ੍ਰਾਂਤੀਕਾਰੀ ਮਹਾਂਪੁਰਸ਼ ਸੀ। ਗੁਰੂ ਜੀ ਦਾ ਇਰਾਦਾ ਭਾਰਤੀ ਸਭਿਆਚਾਰ ਦੀ ਕੇਵਲ ਇੱਕ ਅੱਧ ਇਕਾਈ ਨੂੰ ਰੱਦਣ ਜਾਂ ਬਦਲਣ ਦਾ ਨਹੀਂ ਸੀ ਸਗੋਂ ਗੁਰੂ ਜੀ ਭਾਰਤੀ ਸਭਿਆਚਾਰ ਦਾ ਸਮੁੱਚਾ ਰੂਪਾਂਤਰਣ ਚਾਹੁੰਦੇ ਸੀ। ਇਹੀ ਕਾਰਨ ਸੀ ਕਿ ਗੁਰੂ ਜੀ ਨੇ ਆਪਣੀ ਬਾਣੀ ਵਿੱਚ ਹਰ ਛੋਟੀ ਮੋਟੀ ਇਕਾਈ, ਸਮਾਜਿਕ ਬੁਰਾਈ ਨੂੰ ਆਪਣੀ ਆਲੋਚਨਾ ਰਾਹੀਂ ਭੰਡਿਆ ਹੈ।

ਉਸ ਸਮੇਂ ਦਾ ਸਮਾਜ ਗੁਰੂ ਜੀ ਦੇ ਆਦਰਸ਼ਾਂ ਤੋਂ ਕਿਧਰੇ ਨੀਵਾਂ ਸੀ। ਗੁਰੂ ਜੀ ਨੇ ਆਪਣੀ ਬਾਣੀ ਵਿੱਚ ਸਮਾਜ ਦੀ ਅਜਿਹੀ ਦਸ਼ਾ ਦਾ ਅਨੇਕ ਥਾਵਾਂ 'ਤੇ ਚਿਤਰਨ ਕੀਤਾ ਹੈ। ਭਾਰਤੀ ਸਮਾਜ ਵਿੱਚ ਰਹਿੰਦਾ ਵਿਅਕਤੀ ਉਸ ਦਾ ਪਰਿਵਾਰਕ ਜੀਵਨ, ਉਸ ਦਾ ਕੌਮੀ ਜੀਵਨ ਅਤੇ ਰਾਜ ਪ੍ਰਬੰਧ ਦਾ ਸਮੁੱਚਾ ਪਾਸਾਰ ਇਸ ਝੂਠ ਅਤੇ ਹਉਮੈਂ ਸਹਾਰੇ ਹੀ ਚੱਲ ਰਿਹਾ ਸੀ। ਗੁਰੂ ਜੀ ਲਿਖਦੇ ਹਨ:

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥[2]

ਇਨ੍ਹਾਂ ਸਤਰਾਂ ਤੋਂ ਬਿਲਕੁਲ ਇਹ ਅਰਥ ਨਹੀਂ ਲੈਣੇ ਕਿ ਗੁਰੂ ਨਾਨਕ ਦੇਵ ਜੀ ਸੰਸਾਰ ਦੀ ਖੇਡ ਨੂੰ ਹੀ ਝੂਠ ਮੰਨਦੇ ਹਨ। ਕਿਉਂਕਿ ਗੁਰਬਾਣੀ ਵਿੱਚ ਕਿਧਰੇ ਵੀ ਸੰਸਾਰ ਨੂੰ ਬਿਲਕੁਲ ਝੂਠ ਕਹਿ ਕੇ ਇਸ ਨੂੰ ਤਿਆਗਣ ਦੀ ਗੱਲ ਨਹੀਂ ਕੀਤੀ ਗਈ ਹੈ। ਇੱਥੇ ਇਨ੍ਹਾਂ ਸਤਰਾਂ ਦਾ ਭਾਵ ਕੇਵਲ ਇਹ ਹੈ ਕਿ ਸੱਚ ਅਰਥਾਤ ਉਸ ਅਕਾਲ ਪੁਰਖ ਪਰਮਾਤਮਾ ਨੂੰ ਭੁੱਲ ਕੇ ਜੀਵਿਆ ਜੀਵਨ ਝੂਠਾ ਹੈ। ਅਜਿਹੀ ਸਥਿਤੀ ਵਿੱਚ ਕੋਈ ਵੀ ਸਮਾਜ ਦਾ ਵਿਕਾਸ ਕਿਵੇਂ ਤੇ ਕਿਸ ਵਿਧੀ ਨਾਲ ਹੋ ਸਕਦਾ ਹੈ। ਗੁਰੂ ਜੀ ਨੇ ਸਭਿਆਚਾਰ ਦੀ ਦੂਜੀ ਵੱਡੀ ਸੰਸਥਾ ਧਰਮ ਨੂੰ ਵੀ ਆਪਣੇ ਵਿਅੰਗ ਅਤੇ ਆਲੋਚਨਾ ਦਾ ਵਿਸ਼ਾ ਬਣਾਇਆ। ਉਸ ਸਮੇਂ ਦਾ ਸਮਾਜ ਤੇ ਵਿਅਕਤੀ ਮਾਨਸਿਕ 'ਤੇ ਨੈਤਿਕ ਤੌਰ 'ਤੇ ਕਰਮ ਕਾਂਡ, ਵਹਿਮ-ਪ੍ਰਸਤੀ, ਠੱਗੀ ਚੋਰੀ ਆਦਿ ਵਿੱਚ ਗ੍ਰਸਿਆ ਪਿਆ ਸੀ। ਪਦਾਰਥਕ ਤੌਰ 'ਤੇ ਸਾਰਾ ਸਮਾਜ 'ਮਾਇਆ' ਜਾਂ 'ਜ਼ਰ' ਦੀ ਜਕੜ ਵਿੱਚ ਹੈ ਤੇ ਇਸ ਵਿੱਚ ਜਕੜਿਆ ਹਰ ਇੱਕ ਦੋਸ਼ੀ ਹੈ।

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥[3]

ਰਾਜ ਧਰਮ ਅਤੇ ਸਮਾਜ ਵਿੱਚ ਫੈਲੇ ਅਨਾਚਾਰ ਦਾ ਅਸਰ ਪਰਿਵਾਰਿਕ ਜੀਵਨ ਉੱਪਰ ਪੈਣਾ ਸੁਭਾਵਿਕ ਸੀ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਧੀਆਂ, ਪੁੱਤਰਾਂ ਤੇ ਇਸਤਰੀ ਨੂੰ ਜਿੰਨ-ਭੂਤ ਕਹਿ ਕੇ ਉਸ ਵੇਲੇ ਦੇ ਪਰਿਵਾਰਿਕ ਜੀਵਨ ਦੇ ਚਿੱਤਰ ਨੂੰ ਪੇਸ਼ ਕੀਤਾ ਹੈ।

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥[4]

ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੀ ਰਵਾਇਤੀ ਸਿੱਖਿਆ ਪ੍ਰਣਾਲੀ ਦਾ ਵੀ ਵਿਰੋਧ ਕੀਤਾ ਹੈ। ਗੁਰੂ ਜੀ ਅਨੁਸਾਰ ਇਹ ਰਵਾਇਤੀ ਸਿੱਖਿਆ ਪ੍ਰਣਾਲੀ ਪਾਠਕਾਂ ਦੇ ਮਨ ਅੰਦਰ ਹਉਮੈਂ ਅਤੇ ਈਰਖਾ ਦੇ ਭਾਵ ਪੈਦਾ ਕਰਦੀ ਹੈ। ਗੁਰੂ ਜੀ ਨੇ ਭਾਰਤ ਵਾਸੀਆਂ ਨੂੰ ਧਰਮ ਦੀਆਂ ਸੰਕੀਰਣ ਸੋਚਾਂ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੀ ਭਾਵਨਾ ਪੈਦਾ

ਕਰਨ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਨੇ ਕੋਈ ਵੀ ਧਰਮ ਛੋਟਾ-ਵੱਡਾ ਨਹੀਂ ਆਖਿਆ ਸੀ। ਉਨ੍ਹਾਂ ਦੇ ਅਨੁਸਾਰ ਸਾਰੇ ਧਰਮ ਸਮਾਨ ਹਨ ਤੇ ਹਰ ਧਰਮ ਆਪਣੀ ਵਿਧੀ ਦੁਆਰਾ ਆਪਣੇ ਪੈਰੋਕਾਰਾਂ ਨੂੰ ਚੰਗਾ ਇਨਸਾਨ ਬਣਨ ਦੀ ਪ੍ਰੇਰਨਾ ਦਿੰਦਾ ਹੈ। ਇਸ ਤਰ੍ਹਾਂ ਦੂਸਰੀ ਵੱਡੀ ਸਮਾਜਿਕ ਕੁਰੀਤੀ ਜੋ ਅੱਜਕੱਲ੍ਹ ਜ਼ਿਆਦਾ ਚਲਤ ਹੈ ਉਹ ਭਰੂਣ ਹੱਤਿਆ ਜਾਂ ਨਾਰੀ ਦਾ ਸਤਿਕਾਰ ਨਾ ਹੋਣਾ, ਮੱਧਕਾਲੀਨ ਸਮਾਜ ਵਿੱਚ ਇਸਤਰੀ ਦੀ ਸਥਿਤੀ ਬਹੁਤ ਤਰਸਯੋਗ ਸੀ। ਨਾਰੀ ਨੂੰ 'ਕਾਮ ਦੀ ਪੁਤਲੀ' ਅਤੇ 'ਵਿਭਚਾਰਨ' ਕਹਿ ਕੇ ਉਸ ਦਾ ਅਪਮਾਨ ਕਰਦੇ ਰਹਿੰਦੇ ਸਨ। ਪਰ ਗੁਰੂ ਜੀ ਨੇ ਨਾਰੀ ਨੂੰ ਪੂਰਾ ਸਤਿਕਾਰ ਦਿੱਤਾ ਹੈ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥॥[5]

ਗੁਰੂ ਨਾਨਕ ਬਾਣੀ ਦੇ ਪੰਜਾਬੀ ਸਭਿਆਚਾਰ ਵਿੱਚ ਪ੍ਰਗਤੀਸ਼ੀਲ ਜੀਵਨ ਦ੍ਰਿਸ਼ਟੀ ਦੇ ਬੀਜ ਬੀਜੇ। ਗੁਰੂ ਨਾਨਕ ਦੇਵ ਜੀ ਸਮਾਜ ਨੂੰ ਤਿੰਨ ਪੱਖਾਂ ਤੋਂ ਉੱਚਾ ਤੇ ਉੱਨਤ ਵੇਖਣਾ ਚਾਹੁੰਦੇ ਸੀ। ਉਹ ਤਿੰਨ ਪੱਖ ਪਦਾਰਥਕ, ਮਾਨਸਿਕ ਤੇ ਆਤਮਿਕ ਪੱਖ। ਇਸੇ ਤਰ੍ਹਾਂ ਗੁਰੂ ਜੀ ਨੇ 'ਕਿਰਤ ਕਰੋ ਤੇ ਵੰਡ ਛਕੋ' ਦੀ ਪ੍ਰੇਰਣਾ ਦੇ ਕੇ ਇਕ ਖ਼ੁਸ਼ਹਾਲ ਤੇ ਵਿਕਸਿਤ ਸਮਾਜ ਦਾ ਸੰਕਲਪ ਪੇਸ਼ ਕੀਤਾ।

ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥[6]

ਅੱਜ ਦੇ ਯੁੱਗ ਵਿੱਚ ਨਾਨਕ ਬਾਣੀ ਪ੍ਰਾਸੰਗਿਕਤਾ ਤੇ ਸਾਰਕਥਤਾ ਉਤਨੀ ਹੀ ਹੈ, ਜਿੰਨੀ ਮੱਧਕਾਲ ਵਿੱਚ ਸੀ। ਅੱਜ ਜ਼ਰੂਰਤ ਹੈ ਕਿ ਅਸੀਂ ਗੁਰੂ ਨਾਨਕ ਬਾਣੀ। ਗੁਰਬਾਣੀ ਦੁਆਰਾ ਦਰਸਾਏ ਹੋਏ ਮਾਰਗ ਉੱਤੇ ਚੱਲ ਕੇ ਇੱਕ ਉੱਨਤ ਤੇ ਆਦਰਸ਼ ਸਮਾਜ ਦੀ ਸਥਾਪਨਾ ਕਰੀਏ।

**ਹਵਾਲੇ**


1. ਬ੍ਰਹਮ ਜਗਦੀਸ਼ ਸਿੰਘ, ਗੁਰੂ ਨਾਨਕ ਬਾਣੀ ਸਾਹਿਤਿਕ ਪਰਿਪੇਖ, ਪੰਨਾ 126
2. ਡਾ. ਜਸਬੀਰ ਕੇਸਰ, 'ਸਿੱਖ ਵਿਅਕਤੀ ਤੇ ਸਿੱਖ ਸਮਾਜ', ਪੰਨਾ 41
3. ਉਹੀ, ਪੰਨਾ 22
4. ਉਹੀ, ਪੰਨਾ 43
5. ਬ੍ਰਹਮ ਜਗਦੀਸ਼ ਸਿੰਘ, ਗੁਰੂ ਨਾਨਕ ਬਾਣੀ ਸਾਹਿਤਿਕ ਪਰਿਪੇਖ, ਪੰਨਾ 131
6. ਡਾ. ਜਸਬੀਰ ਕੇਸਰ, 'ਸਿੱਖ ਵਿਅਕਤੀ ਤੇ ਸਿੱਖ ਸਮਾਜ', ਪੰਨਾ 30



ਅਸਿ.ਪ੍ਰੋ. ਮਾਤਾ ਸੁੰਦਰੀ ਖ਼ਾਲਸਾ ਗਰਲਜ਼ ਕਾਲਜ
ਨਿਸਿੰਗ, ਕਰਨਾਲ
99916-43410


## ਸਤਿਗੁਰੂ ਨਾਨਕ ਦੀ ਕ੍ਰਿਪਾ



ਵਿਨੋਦ ਫ਼ਕੀਰਾ

ਸਤਿਗੁਰੂ ਨਾਨਕ ਦੀ ਕ੍ਰਿਪਾ ਨੂੰ, ਅੱਜ ਕੁਲ ਆਲਮ ਮਾਣੇ, ਇਲਮ
ਕੀਤਾ ਜਿਨ੍ਹਾਂ ਬਾਣੀ ਉੱਤੇ, ਉਹੀ ਭਵਸਾਗਰ ਤੋਂ ਪਾਰ ਹੈ ਜਾਣੇ,
ਸਤਿਗੁਰੂ ਨਾਨਕ ਦੀ ਕ੍ਰਿਪਾ ਨੂੰ, ਅੱਜ ਕੁਲ ਆਲਮ ਮਾਣੇ।
ਹੱਕ ਸੱਚ ਦੀ ਜੋ ਕਰਨ ਕਮਾਈ, ਕ੍ਰਿਤੀਆਂ ਨੂੰ ਗੱਲ ਲਾਵੇ,
ਉਹੀ ਸੱਚਾ ਮਨੁੱਖ ਹੈ, ਜੋ ਰੁੱਖੀ ਸੁੱਖ ਖਾ ਕੇ ਰਹੇ ਵਿੱਚ ਭਾਣੇ।
ਰੱਖਦਾ ਹੋਵੇ ਯਕੀਨ ਜੋ, ਉਸ ਇੱਕ ਮਾਲਕ ਉੱਤੇ,
ਵਹਿਮਾਂ ਵਿੱਚੋਂ ਨਿਕਲੇ ਤੇ ਛੱਡੇ ਮੰਨਣੇ ਝੂਠੇ ਬਾਣੇ।
ਕਦੇ ਵੀ ਨਾ ਵਿਸਰੋ ਉਸ ਰੱਬ ਦੇ ਨਾਂ ਨੂੰ,
ਜ਼ਿੰਦਗੀ ਦੇ ਇਹ ਪਲ ਜੋ, ਮੁੜ ਕਦੇ ਨਾ ਆਉਣੇ।
ਸਤਿਗੁਰੂ ਨਾਨਕ ਦੇ ਦੱਸੇ ਮਾਰਗ ਉੱਤੇ ਚੱਲੋ,
ਐਵੇਂ 'ਆਉਣਗੇ' ਕੱਟ ਨਾ ਸਮਾਂ ਬਣ ਕੇ ਅਨਜਾਣੇ।
ਸਤਿਗੁਰੂ ਨਾਨਕ ਦੀ ਕ੍ਰਿਪਾ ਨੂੰ, ਅੱਜ ਕੁਲ ਆਲਮ ਮਾਣੇ।


ਲੇਖਕ ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ,
ਆਰੀਆ ਨਗਰ, ਕਰਤਾਰਪੁਰ,ਜਲੰਧਰ (ਪੰਜਾਬ)
98721-97326

# ਸ੍ਰੀ ਗੁਰੂ ਤੇਗ ਬਹਾਦਰ ਜੀ: ਮਨੁੱਖੀ ਅਧਿਕਾਰ ਅਤੇ ਆਜ਼ਾਦੀ ਦਾ ਸੰਕਲਪ

ਡਾ. ਸੁਖਵਿੰਦਰ ਕੌਰ ਕੰਵਲ



ਸ੍ਰੀ ਗੁਰੂ ਤੇਗ ਬਹਾਦਰ ਜੀ ਦੁਨੀਆਂ ਦੇ ਇਤਿਹਾਸ ਵਿਚ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ ਦੇ ਰਾਖੇ ਦੇ ਤੌਰ 'ਤੇ ਜਾਣੇ ਜਾਂਦੇ ਹਨ। ਜਦੋਂ ਹਿੰਦੂ ਸੰਸਕ੍ਰਿਤੀ ਮੁਸਲਮਾਨੀ ਹੱਲਿਆਂ ਦੀ ਮਾਰ ਨਾ ਝੱਲਦੇ ਹੋਏ ਡਗਮਗਾ ਗਈ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ ਨਾਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਹਮਲਾਵਾਰਾਂ ਨੇ ਭਾਰਤ ਦੀ ਧਾਰਮਿਕ ਮਾਨਤਾ, ਬੋਲ-ਬਾਣੀ, ਪਹਿਰਾਵਾ, ਖਾਣ-ਪੀਣ ਅਤੇ ਰਹਿਣ-ਸਹਿਣ ਸਭ ਕੁੱਝ 'ਤੇ ਹੀ ਹਮਲਾ ਕਰ ਦਿੱਤਾ ਸੀ ਅਤੇ ਹਾਲਾਤ ਬਹੁਤ ਹੀ ਤਰਸਯੋਗ ਹੋ ਚੁੱਕੇ ਸਨ। ਇਸ ਸਮੇਂ ਭਗਤੀ ਲਹਿਰ ਦਾ ਪ੍ਰਭਾਵ ਪੂਰੇ ਜੋਰਾਂ 'ਤੇ ਸੀ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਭਗਤੀ ਲਹਿਰ ਦੇ ਸੰਤਾਂ ਨਾਲੋਂ ਕਾਫ਼ੀ ਵੱਖਰੇ ਸਨ। ਉਹ ਬ੍ਰਹਮਗਿਆਨੀ ਤਾਂ ਸਨ ਹੀ, ਸਵੈਮਾਨੀ ਵੀ ਸਨ ਅਤੇ ਹਿੰਦੁਸਤਾਨ ਦਾ ਕੌਮੀ ਸ੍ਵੈਮਾਨ ਗਰਕ ਹੁੰਦਾ ਵੇਖ ਕੇ ਸਹਿ ਨਾ ਸਕੇ ਅਤੇ ਉਚਾਰਿਆ:

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥

(ਆਸਾ ਦੀ ਵਾਰ)

ਅਤੇ ਨਾਲ ਹੀ ਫਰਮਾਇਆ:-

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥

(ਆਸਾ ਦੀ ਵਾਰ)

ਮਨੁੱਖ ਦੇ ਬੁਨਿਆਦੀ ਜੀਣ ਦੇ ਅਧਿਕਾਰ ਨੂੰ ਬੜੀ ਬੇਦਰਦੀ ਨਾਲ ਕੁਚਲਿਆ ਜਾ ਰਿਹਾ ਸੀ। ਇਸ ਦੇ ਵਿਰੁੱਧ ਇੱਕਲਾ ਆਦਮੀ ਕੁੱਝ ਵੀ ਕਰ ਸਕਣ ਦੇ ਅਸਮਰਥ ਸੀ। ਸੋ ਜ਼ੁਲਮ ਦੇ ਵਿਰੁੱਧ ਲਹਿਰ ਨੂੰ ਯੋਜਨਾਬੱਧ ਤਰੀਕੇ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਗੁਰਗੱਦੀ ਨੂੰ ਦਸ ਜਾਮਿਆ ਵਿਚ ਚਲਾਇਆ ਗਿਆ। ਥਾਂ-ਥਾਂ ਸੰਗਤਾਂ ਕਾਇਮ ਕੀਤੀਆਂ, ਧਰਮਸਾਲਾਂ ਥਾਪੀਆਂ ਗਈਆਂ, ਲੰਗਰ ਪ੍ਰਥਾ ਦਾ ਅਰੰਭ ਕੀਤਾ ਗਿਆ ਅਤੇ ਹਥਿਆਰਾਂ ਦੀ ਵਰਤੋਂ ਦੀ ਵੀ ਯੋਗ ਅਗਵਾਈ ਦਿੱਤੀ ਗਈ। ਨੇਕੀ ਦੀ ਸ਼ਕਤੀ ਨੂੰ ਸੰਗਠਿਤ ਕਰਕੇ ਬਦੀ ਵਿਰੁੱਧ ਲਾਮਬੰਦ ਕੀਤਾ ਗਿਆ। ਭਗਤੀ ਅਤੇ ਸ਼ਕਤੀ ਨੂੰ ਇਕੱਠਿਆਂ ਕੀਤਾ ਗਿਆ। ਸਿੱਖ ਨੂੰ ਮਾਲਾ ਫੜ੍ਹ ਕੇ ਇਕਾਂਤ ਵਾਸ ਲੈਣ ਤੋਂ ਵਰਜਿਆ ਗਿਆ ਅਤੇ ਸਿਰ ਤਲੀ 'ਤੇ ਰੱਖਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਕਿ ਨੇਕੀ ਦੀ ਬਦੀ ਉੱਤੇ ਜਿੱਤ ਨਿਸ਼ਚਿਤ ਕੀਤੀ ਜਾ ਸਕੇ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

(ਸ੍ਰੀ ਗੁਰੂ ਨਾਨਕ ਦੇਵ ਜੀ)

ਭਾਵੇਂ ਜਬਰ ਜ਼ੁਲਮ ਦੇ ਖਿਲਾਫ਼ ਕਈ ਵਿਰੋਧ ਉੱਠੇ ਪਰ ਉਹ ਸਭ ਵਿਅਕਤੀਗਤ ਸਨ, ਸੰਗਠਿਤ ਨਹੀਂ ਸਨ। ਸਿੱਖ ਗੁਰੂਆਂ ਨੇ ਇਸ ਨੂੰ ਇਕਜੁੱਟਤਾ ਨਾਲ ਜੱਥੇਬੰਦ ਹੋ ਕੇ ਚਲਾਇਆ। ਇਹ ਦਸਾਂ ਗੁਰੂ ਸਾਹਿਬਾਨਾਂ ਦਾ ਜ਼ੁਲਮ ਦੇ ਵਿਰੁੱਧ ਮੁਹਾਜ਼ ਸੀ, ਜਿਸ ਦਾ ਆਰੰਭ ਨਾਨਕ ਪਾਤਸਾਹ ਦੁਆਰਾ ਇਹ ਕਹਿ ਕੇ ਹੁੰਦਾ ਹੈ:

ਰਾਜੇ ਸੀਹ ਮੁਕਦਮ ਕੁਤੇ ॥

ਅਤੇ

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

(ਸ੍ਰੀ ਗੁਰੂ ਨਾਨਕ ਦੇਵ ਜੀ)

ਇਹ ਵਿਦਰੋਹ ਅਜਿਹਾ ਸੀ, ਜਿਸ ਦਾ ਆਰੰਭ 'ਰਬਾਬ' ਰਾਹੀਂ ਹੋ ਕੇ 'ਨਗਾਰੇ' ਤਕ ਪਹੁੰਚਦਾ ਹੈ, ਜਿਸ ਵਿਚ ਮੀਰੀ ਤੇ ਪੀਰੀ ਦੋਹਾਂ ਤਲਵਾਰਾਂ ਨੂੰ ਧਾਰਨ ਕੀਤਾ ਜਾਂਦਾ ਹੈ ਭਗਤੀ ਅਤੇ ਸ਼ਕਤੀ ਦਾ ਸੁਮੇਲ ਇਸ ਵਿਚ ਹੈ ਅਤੇ ਸੰਤ ਦਾ ਸਿਪਾਹੀ ਵੀ ਹੋ ਜਾਣਾ ਇਸ ਲਹਿਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਰਾਹੀਂ ਸੁੱਤੀ ਕੌਮ ਨੂੰ ਆਪ ਜਾ ਕੇ ਜੰਝੋੜ ਕੇ ਜਗਾਇਆ। ਗੁਰੂ

ਅੰਗਦ ਦੇਵ ਜੀ ਨੇ ਲੋਕਾਂ ਵਿਚ ਆਪਣੀ ਬੋਲੀ ਅਤੇ ਲਿੱਪੀ ਪ੍ਰਤੀ ਸ੍ਵੈ-ਮਾਣ ਜਗਾਇਆ। ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਲੰਗਰ ਅਤੇ ਪੰਗਤ ਰਾਹੀਂ ਜਾਤਪਾਤ ਦਾ ਵਹਿਮ ਤੋੜਿਆ। ਗੁਰੂ ਰਾਮਦਾਸ ਪਾਤਸ਼ਾਹ ਜੀ ਨੇ 'ਗੁਰੂ ਕਾ ਚੱਕ' ਨਾਮ ਨਾਲ ਕਿਰਤੀਆਂ ਦੀ ਨਵੀਂ ਬਸਤੀ ਵਸਾਈ ਅਤੇ ਸਿੱਖਾਂ ਵਿਚ ਨਿਰਭੈ ਦੀ ਭਾਵਨਾ ਜਗਾਈ:-

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ
ਤਿਨ ਕਾ ਭਉ ਸਭੁ ਗਵਾਸੀ ॥

(ਸ੍ਰੀ ਗੁਰੂ ਰਾਮਦਾਸ ਜੀ)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਸਾਂਝਾ ਧਰਮ ਗ੍ਰੰਥ ਸੰਪਾਦਿਤ ਕਰਕੇ ਏਕਤਾ ਨੂੰ ਮਜ਼ਬੂਤ ਕੀਤਾ। ਇਸ ਤੋਂ ਬਾਅਦ ਆਪ ਜੀ ਦੀ ਸ਼ਹਾਦਤ ਨੇ ਇਹ ਸਿੱਧ ਕੀਤਾ ਕਿ ਸਿੱਖੀ ਦੀ ਚੜ੍ਹਾਈ ਨੇ ਮੁਸਲਮਾਨ ਅੰਦਰ ਖੌਫ ਪੈਦਾ ਕੀਤਾ ਅਤੇ ਉਨ੍ਹਾਂ ਨੇ ਗੁਰੂ ਪਾਤਸ਼ਾਹ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਇਸੇ ਸਮੇਂ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਜਿਸ ਦਾ ਭਾਵ ਸੀ ਕਿ ਪੀਰੀ ਭਾਵ ਧਰਮ ਨੂੰ ਤਿਆਗਿਆ ਨਹੀਂ, ਸਗੋਂ ਮੀਰੀ ਭਾਵ ਰਾਜਨੀਤਿਕ ਸੱਤਾ ਵੀ ਧਾਰਨ ਕਰ ਲਈ ਹੈ। ਛਪਰੀਆ ਦੀ ਥਾਂ ਛਾਉਣੀਆਂ ਬਣੀਆਂ, ਮਾਲਾ ਦੀ ਥਾਂ ਤੇਗਾਂ ਲਿਸ਼ਕੀਆਂ ਅਤੇ ਛੋਟੇ-ਛੋਟੇ ਯੁੱਧ ਵੀ ਹੋਏ। ਸ੍ਰੀ ਗੁਰੂ ਹਰਿ ਰਾਇ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਧਾਰਮਿਕ ਅਤੇ ਰਾਸਜੀ ਆਜ਼ਾਦੀ ਦੀ ਲਹਿਰ ਦੇ ਪੈਰ ਮਜ਼ਬੂਤ ਹੋਏ ਅਤੇ ਗੈਰ-ਮੁਸਲਮਾਨ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਲੱਗੇ। ਇਹ ਗੱਲ ਔਰੰਗਜ਼ੇਬ ਵਰਗਾ ਕੱਟੜ ਬਾਦਸ਼ਾਹ ਬਰਾਦਸ਼ਤ ਨਾ ਕਰ ਸਕਿਆ। ਉਹ ਬਹੁਤ ਹੀ ਕੱਟੜ ਅਤੇ ਤੁਅੱਸਬੀ ਸੀ। ਉਸ ਨੇ ਹਿੰਦੂਆਂ ਦੇ ਮੰਦਰ ਪਾਠਸ਼ਾਲਾਵਾਂ, ਰਸਮਾਂ ਰੀਤਾਂ, ਬਾਹਰੀ ਚਿੰਨ੍ਹਾਂ ਆਦਿ ਸਭ ਨੂੰ ਆਪਣੀ ਕੱਟੜਤਾ ਦਾ ਸ਼ਿਕਾਰ ਬਣਾ ਦਿੱਤਾ ਅਤੇ ਗੈਰ-ਮੁਸਲਮਾਨਾਂ ਨੂੰ ਧੱਕੇ ਨਾਲ ਹੀ ਮੁਸਲਮਾਨ ਬਣਾਉਣ ਲੱਗ ਪਿਆ ਅਤੇ ਨਾ ਮੰਨਣ ਦੀ ਸੂਰਤ ਵਿਚ ਉਹਨਾਂ ਦਾ ਕਤਲੇਆਮ ਕਰਕੇ ਹਉਮੈ ਦਾ ਸਬੂਤ ਦੇਣ ਲੱਗ ਪਿਆ। ਉਸ ਸਮੇਂ ਔਰੰਗਜ਼ੇਬ ਨੇ ਜੋ ਕਾਨੂੰਨੀ ਫੈਸਲੇ ਕੀਤੇ, ਉਹ ਇਹ ਸਨ। ਛੇ ਮਹੀਨੇ ਤੋਂ ਵੱਧ ਦਾ ਅਨਾਜ ਇੱਕਠਾ ਨਹੀਂ ਕਰ ਸਕਦੇ, ਘੋੜ ਸਵਾਰੀ ਨਹੀਂ ਕਰ ਸਕਦੇ, ਕਸ਼ਮੀਰ ਦੇ ਪੰਡਿਤ ਜੋ ਕਿ ਬਹੁਤ ਵਿਦਵਾਨ ਸਨ, ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਣ ਲੱਗਾ, ਤਾਂ ਕਿ ਇਸਲਾਮ ਧਾਰਨ ਕਰਨ ਤੋਂ ਬਾਅਦ ਉਹ ਪੂਰੀ ਸੁਚੱਜਤਾ ਨਾਲ ਅਤੇ ਆਪਣੀ ਉੱਚੀ ਵਿਦਿਆ ਦੇ ਬਲ ਨਾਲ ਇਸਲਾਮ ਦਾ ਪ੍ਰਚਾਰ ਕਰ ਸਕਣ। ਨਾਲੇ ਉਸ ਨੂੰ ਇਹ ਭਰਮ ਵੀ ਸੀ ਕਿ ਜੇ ਕਸ਼ਮੀਰੀ ਪੰਡਿਤ ਮੁਸਲਮਾਨ ਬਣ ਗਏ ਤਾਂ ਬਾਕੀ ਅਨਪੜ੍ਹ ਜਨਤਾ ਨੂੰ ਇਸਲਾਮ ਵਿਚ ਲਿਆਉਣਾ ਸੌਖਾ ਹੋ ਜਾਵੇਗਾ। ਉਸਦੀ ਦਮਨਕਾਰੀ ਨੀਤੀ ਇਹ ਸੀ ਕਿ ਰੋਜ਼ ਸਵਾ ਮਣ ਜਨੇਊ ਲਹਿਣਾ ਚਾਹੀਦਾ ਹੈ। ਪੁਸ਼ਤਾਂ ਖ਼ਤਮ ਕਰ ਦਿਉ, ਧਰਮ ਆਪਣੇ ਆਪ ਖ਼ਤਮ ਹੋ ਜਾਵੇਗਾ। ਵਿਦਿਆ ਖ਼ਤਮ ਕਰੋ ਤਾਂ ਕਿ ਅਗਲੀ ਪੀੜ੍ਹੀ ਨੂੰ ਸੋਝੀ ਹੀ ਨਾ ਆ ਸਕੇ ਤੇ ਸਿੱਟੇ ਵੱਜੋਂ ਔਰੰਗਜ਼ੇਬ ਦੇ ਜ਼ੁਲਮ ਦੀ ਉਹ ਹਨੇਰੀ ਚੱਲੀ ਕੀ ਕਸ਼ਮੀਰ ਵਿਚ ਹਾਹਾਕਾਰ ਮੱਚ ਗਈ।

ਇਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਜ਼ਾਦੀ ਦੀ ਲਹਿਰ ਦੇ ਆਗੂ ਬਣੇ। ਕਸ਼ਮੀਰੀ ਪੰਡਤਾਂ ਦੇ ਫਰਿਆਦ ਕਰਨ 'ਤੇ ਆਪ ਉਨ੍ਹਾਂ ਨਾਲ ਤੁਰ ਪਏ। ਕਿਉਂਕਿ ਆਪ ਜੀ ਅਨੁਸਾਰ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਹੈ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

(ਸ੍ਰੀ ਗੁਰੂ ਤੇਗ ਬਹਾਦਰ ਜੀ)

ਆਪ ਆਪਣੇ ਸਿੰਘਾਂ ਸਮੇਤ ਹਿੰਦੂ ਧਰਮ ਦੀ ਰੱਖਿਆ ਕਰਨ ਲਈ ਅਨੰਦਪੁਰ ਸਾਹਿਬ ਤੋਂ ਚੱਲ ਪਏ। ਆਗਰੇ ਵਿਖੇ ਆਪ ਨੂੰ ਗ੍ਰਿਫਤਾਰ ਕਰਕੇ ਸਖ਼ਤ ਪਹਿਰੇ ਵਿਚ ਦਿੱਲੀ ਲਿਆਂਦਾ ਗਿਆ ਅਤੇ ਚਾਂਦਨੀ ਚੌਂਕ ਕੋਤਵਾਲੀ ਅੰਦਰ ਇਕ ਲੋਹੇ ਦੇ ਪਿੰਜਰੇ ਵਿਚ ਰੱਖਿਆ ਗਿਆ। ਆਪਣੇ ਸਾਹਮਣੇ ਆਪ ਜੀ ਦੇ ਸਿੰਘਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਫਿਰ ਆਪ ਜੀ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਆਪ ਨੇ ਤਿਲਕ, ਜੰਞੂ ਅਤੇ ਹਿੰਦੂ ਧਰਮ ਦੀ ਰੱਖਿਆ ਕੀਤੀ। ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਅਤੇ ਨਿਰਦਈ ਪ੍ਰਵਿਰਤੀ ਉੱਤੇ ਇਹ ਪਹਿਲੀ ਅਤੇ ਬੜੀ ਹੀ ਗਹਿਰੀ ਚੋਟ ਸੀ। ਮਜ਼ਲੂਮਾਂ ਦੀ ਬਾਂਹ ਫੜਨਾ ਅਤੇ ਉਨ੍ਹਾਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਹਲੂਣ ਕੇ ਆਪਣੇ ਅਧਿਕਾਰਾਂ ਅਤੇ ਆਜ਼ਾਦੀ ਪ੍ਰਤੀ ਸੁਚੇਤ ਕਰਨਾ ਹੀ ਆਤਮਕ ਤੌਰ 'ਤੇ ਜਾਗੇ ਹੋਏ ਮਨੁੱਖ ਦਾ ਫ਼ਰਜ ਹੈ ਅਤੇ ਇਹ ਫਰਜ਼ ਆਪ ਨੇ ਸ਼ਹੀਦ

ਹੋ ਕੇ ਨਿਭਾਇਆ।

ਇਸ ਅਦਭੁੱਤ ਕੁਰਬਾਨੀ ਨੇ ਆਜ਼ਾਦੀ ਦੀ ਲਹਿਰ ਨੂੰ ਇਤਨੀ ਭਾਰੀ ਸ਼ਕਤੀ ਪ੍ਰਦਾਨ ਕੀਤੀ ਕਿ ਖ਼ਾਲਸਾ ਦਲ ਖੰਡਾ ਫੜ ਜ਼ੁਲਮ ਨਾਲ ਲੜਨ ਲਈ ਤਿਆਰ ਬਰ ਤਿਆਰ ਹੋ ਗਿਆ ਅਤੇ ਔਰੰਗਜ਼ੇਬ ਦੀਆਂ ਨੀਤੀਆਂ ਦੀ ਹਾਰ ਹੋਈ। ਆਪ ਦੀ ਅਦੁੱਤੀ ਸ਼ਹੀਦੀ ਨੇ ਹਿੰਦੁਸਤਾਨ ਦੀ ਸੁੱਤੀ ਪਈ ਅਤੇ ਡਰਦੀ ਕੰਬਦੀ ਜਨਤਾ ਨੂੰ ਵੰਗਾਰਿਆ ਅਤੇ ਜ਼ੁਲਮ ਦਾ ਡਟ ਕੇ ਮੁਕਾਬਲਾ ਕਰਨ ਲਈ ਅਤੇ ਆਪਣੇ ਅਧਿਕਾਰ ਲੈਣ ਲਈ ਸਜਗ ਕੀਤਾ:-

ਤੇਗ ਬਹਾਦਰ ਕੇ ਚਲਤ ਭਯੋ ਜਗਤ ਮਹਿ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਸਹਾਇਕ ਪ੍ਰੋਫੈਸਰ,
ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ ਸੰਤਪੁਰਾ,
ਯਮੁਨਾਨਗਰ (ਹਰਿਆਣਾ)
85296-18907



## ਬਾਬਾ ਨਾਨਕਾ

ਬਲਜਿੰਦਰ ਕੌਰ ਸ਼ੇਰਗਿੱਲ

ਆਇਆ ਪੀਰ,
ਜਗਤ ਨੂੰ ਤਾਰਨ
ਪ੍ਰਗਟ ਹੋਇਆ, ਬਾਬਾ ਨਾਨਕਾ।
ਰੱਬੀ ਰੂਪ,
ਹੈ ਬਨਵਾਰੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਦਾਇਆ ਧਾਰੀ,
ਕਲਯੁਗ ਦਾ ਹੈ ਅਵਤਾਰੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਮਹਿਤਾ ਕਾਲੂ, ਘਰ ਪੈਦਾ ਹੋਇਆ,
ਨੂਰ ਇਲਾਹੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਤ੍ਰਿਪਤਾ ਦੀ ਕੁੱਖ ਹੈ,
ਭਾਗਾਂ ਵਾਲੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਮੋਦੀਖ਼ਾਨੇ ਬੈਠ ਕੇ,
ਤੇਰਾਂ-ਤੇਰਾਂ ਜਾਵੇ, ਤੋਲੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਵੇਈਂ ਨਦੀ 'ਚ, ਟੁੱਭੀ ਮਾਰੀ,
ਸੱਚ ਖੰਡ ਗਏ, ਬਨਵਾਰੀ,
ਪ੍ਰਗਟ ਹੋਆ, ਬਾਬਾ ਨਾਨਕਾ,
ਤਿੰਨ ਦਿਨਾਂ ਬਾਅਦ, ਪ੍ਰਗਟ ਹੋਏ,
ਤੱਪ ਕੀਤਾ, ਫਿਰ ਨਿਰੰਕਾਰੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਵੱਲ ਆਉਂਦਾ, ਦੂਰੋਂ ਪੱਥਰ ਭਾਰੀ,
ਇੱਕ ਹੱਥ ਰੋਕਿਆ, ਕਰ ਬਨਵਾਰੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਸੁੱਟਿਆ ਪੱਥਰ, ਵਲੀ ਕੰਧਾਰੀ,
ਅੰਤ ਚਰਨੀਂ, ਪੈ ਗਿਆ ਸੀ ਹੰਕਾਰੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਚਾਰ ਦਿਸ਼ਾਵਾਂ ਦੀ, ਕਰ ਉਦਾਸੀ,
ਸਾਰੀ ਖ਼ਲਕਤ, ਸੀ ਤਾਰੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਭਰਮ ਭੁਲੇਖੇ ਮਿਟਾ ਕੇ,
ਸੱਚਾ ਸੌਦਾ ਕੀਤਾ ਬਨਵਾਰੀ,
ਪ੍ਰਗਟ ਹੋਇਆ, ਬਾਬਾ ਨਾਨਕਾ।
ਕਰ ਲੱਤਾਂ ਬੈਠਾ, ਬਾਬਾ ਮਸੀਤ ਵਿਚ,
ਮੱਕਾ ਘੁੰਮਿਆ ਕਈ ਵਾਰੀ।
ਪ੍ਰਗਟ ਹੋਇਆ, ਬਾਬਾ ਨਾਨਕਾ।
ਪ੍ਰਗਟ ਹੋਇਆ, ਬਾਬਾ ਨਾਨਕਾ।

ਫੇਜ਼-3, ਬੀ-1, ਮੁਹਾਲੀ
98785-19278

# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ

ਬਲਵਿੰਦਰ ਕੌਰ ਖੁਰਾਣਾ



ਜਦੋਂ ਕਦੀ ਵੀ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਉੱਤੇ ਝਾਤ ਮਾਰਦੀ ਹਾਂ ਤਾਂ ਲਗਦਾ ਹੈ ਕਿ ਭਾਈ ਮਰਦਾਨੇ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਅਧਿਆਇ ਪੂਰਾ ਹੀ ਨਹੀਂ ਹੋ ਸਕਦਾ । ਸਵਾਲ ਉੱਠਦਾ ਹੈ ਕਿ ਮਰਦਾਨਾ ਕੌਣ ਸੀ ਅਤੇ ਉਸ ਦਾ ਗੁਰੂ ਨਾਨਕ ਜੀ ਨਾਲ ਕੀ ਸੰਬੰਧ ਸੀ। ਮਰਦਾਨਾ ਇੱਕ ਧੁਨ ਦਾ ਨਾਂ ਸੀ ਇਕ ਰਬਾਬ ਦਾ ਨਾਂ ਸੀ। ਮਰਦਾਨਾ ਗੁਰੂ ਨਾਨਕ ਜੀ ਦੇ ਸ਼ਬਦਾਂ ਦਾ ਸੰਗੀਤ ਸੀ। ਜਿਸ ਨੇ ਇਲਾਹੀ ਰੰਗ ਵਿਚ ਰੰਗੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਆਪਣੇ ਸੰਗੀਤ ਨਾਲ ਵਿਸਮਾਦ ਦੀ ਚਰਮ ਅਵਸਥਾ ਤੱਕ ਪਹੁੰਚਾਇਆ। ਭਾਈ ਮਰਦਾਨਾ ਜੀ ਨੇ ਆਪਣੇ ਜੀਵਨ ਦੇ 47 ਸਾਲ ਗੁਰੂ ਨਾਨਕ ਦੇਵ ਜੀ ਦਾ ਸਾਥ ਨਿਭਾਇਆ। ਭਾਈ ਮਰਦਾਨਾ ਅਤੇ ਗੁਰੂ ਬਾਬੇ ਦੀ ਦੋਸਤੀ ਪਾਕਿ-ਪਵਿੱਤਰ ਦੋਸਤੀ ਦੀ ਮਿਸਾਲ ਹੈ। ਜਿੱਥੇ ਕੋਈ ਜਾਤ ਦਾ ਭੇਦ-ਭਾਵ ਨਹੀਂ, ਧਰਮ ਦੀ ਅੜਚਨ ਨਹੀਂ, ਉੱਚੇ-ਨੀਵੇਂ ਦੀ ਕੰਧ ਨਹੀਂ, ਜਿੱਥੇ ਦੋਸਤੀ ਨੂੰ ਪੀਡਾ ਕਰਨ ਵਾਲਾ ਭਰੋਸਾ ਹੈ, ਸ਼ਰਧਾ, ਸਮਰਪਣ ਹੈ। ਕਈ-ਕਈ ਮੀਲਾਂ ਦਾ ਸਫ਼ਰ, ਬਿਖੜੇ ਪੈਂਡੇ, ਰਾਹ ਦੀਆਂ ਦੁਸ਼ਵਾਰੀਆਂ, ਗਰਮੀ, ਸਰਦੀ, ਜੰਗਲ ਬੀਆਬਾਨ, ਜਾਨਵਰਾਂ ਦਾ ਡਰ, ਅਰਥਿਕ ਤੰਗੀ, ਭੁੱਖ ਪਿਆਸ ਅਤੇ ਘਰ ਦਾ ਮੋਹ, ਮਰਦਾਨੇ ਨੂੰ ਗੁਰੂ ਸਾਹਿਬ ਨਾਲੋਂ ਤੋੜ ਨਹੀਂ ਸਕੇ। ਜੇ ਗੁਰੂ ਨਾਨਕ ਨਿਰੰਕਾਰ ਸੀ ਤਾਂ ਮਰਦਾਨਾ ਵੀ ਨਿਰੰਕਾਰ ਦਾ ਹੀ ਕੋਈ ਰੂਪ ਸੀ, ਜਿਸ ਨੇ ਸਭ ਤੋਂ ਪਹਿਲਾਂ ਗੁਰੂ ਬਾਬੇ ਦੀ ਬਾਣੀ ਸੁਣੀ ਅਤੇ ਉਸ ਨੂੰ ਰਾਗਾਂ ਵਿਚ ਗਾਇਆ। ਗੁਰੂ ਨਾਨਕ ਦੇਵ ਜੀ ਦੇ ਸ਼ਬਦ ਤਾਂ ਅਮਰ ਹੋ ਹੀ ਗਏ, ਮਰਦਾਨਾ ਜੀ ਦੀ ਰਬਾਬ ਵੀ ਅਮਰ ਹੋ ਗਈ। ਮੇਰੇ ਮਨ ਵਿਚ ਜਿੰਨੀ ਸ਼ਰਧਾ ਗੁਰੂ ਨਾਨਕ ਸਾਹਿਬ ਲਈ ਹੈ ਉਨੀ ਹੀ ਭਾਈ ਮਰਦਾਨਾ ਜੀ ਲਈ ਵੀ ਹੈ, ਇਸੇ ਲਈ ਅੱਜ ਉਹਨਾਂ ਦੇ ਬਾਰੇ ਲਿਖਦਿਆਂ ਉਹਨਾਂ ਦੇ ਤਿਆਗ ਅਤੇ ਸ਼ਰਧਾ ਅੱਗੇ ਮੈਂ ਨਤਮਸਤਕ ਹਾਂ, ਮਨ ਭਰ ਆਇਆ ਹੈ, ਅੱਖਾਂ ਨਮ ਹੋ ਗਈਆਂ ਹਨ। ਹੱਥ ਕੰਬ ਰਹੇ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਮੇਰੀ ਕਲਮ ਨੂੰ ਤੌਫ਼ੀਕ ਬਖ਼ਸ਼ੇ ਕਿ ਮੈਂ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਨੂੰ ਸ਼ਬਦਾਂ ਦੇ ਫੁੱਲ ਭੇਂਟ ਕਰ ਸਕਾਂ।

ਭਾਈ ਮਰਦਾਨੇ ਜੀ ਦਾ ਜਨਮ 1459 ਈਸੀਵੀ ਵਿਚ ਪਿਤਾ ਮੀਰ ਬਾਦਰੇ ਅਤੇ ਮਾਤਾ ਲੱਖੋ ਦੇ ਘਰ ਰਾਇ-ਭੋਇ ਤਲਵੰਡੀ ਵਿਖੇ ਹੋਇਆ। ਉਹਨਾਂ ਦੇ ਪਿਤਾ ਮੀਰ ਬਾਦਰੇ ਪਿੰਡ ਦੇ ਮਰਾਸੀ ਸਨ। ਮਰਦਾਨਾ ਜੀ ਪਹਿਲੇ ਛੇ ਭੈਣ-ਭਰਾ ਪੈਦਾ ਹੋਣ ਤੋਂ ਕੁਝ ਸਾਲ ਬਾਅਦ ਮਰ ਜਾਂਦੇ ਸਨ, ਜਦੋਂ ਮਰਦਾਨਾ ਜੀ ਪੈਦਾ ਹੋਏ ਤਾਂ ਮਾਂ ਨੇ ਬੜੀ ਨਿਰਾਸਤਾ ਵਿਚ ਉਹਨਾਂ ਨੂੰ 'ਮਰ ਜਾਣਾ' ਕਿਹਾ ਕਿਉਂਕਿ ਉਹਨਾਂ ਨੂੰ ਲਗਦਾ ਸੀ ਕਿ ਬਾਕੀ ਭੈਣ-ਭਰਾਵਾਂ ਵਾਂਗ ਇਹ ਵੀ ਨਹੀਂ ਬਚੇਗਾ ਭਾਵ ਮਰ ਜਾਵੇਗਾ, ਇਸ ਲਈ ਆਪ ਜੀ ਦਾ ਨਾਂ 'ਮਰ ਜਾਣਾ' ਪੈ ਗਿਆ।

ਉਹਨਾਂ ਦਿਨਾਂ ਵਿਚ ਵੀ ਭਾਵੇਂ ਜਾਤ-ਪਾਤ ਦਾ ਭੇਦ-ਭਾਵ ਮੌਜੂਦ ਸੀ ਪਰ ਮਰਾਸੀਆਂ ਨੂੰ ਸਮਾਜ ਵਿਚ ਸਨਮਾਨਜਨਕ ਸਥਾਨ ਪ੍ਰਾਪਤ ਸੀ, ਉਸ ਦਾ ਕਾਰਨ ਸੀ ਕਿ ਪਿੰਡ ਦੇ ਲੋਕਾਂ ਦੇ ਸੁਨੇਹੇ ਅਤੇ ਚਿੱਠੀ ਪੱਤਰ ਦੂਜੇ ਪਿੰਡ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਤੱਕ ਪਹੁੰਚਾਉਣ ਦਾ ਕੰਮ ਮਰਾਸੀ ਹੀ ਕਰਦੇ ਸਨ। ਦੇਰ-ਸਵੇਰ ਹੋਣ ਜਾਂ ਮੌਸਮ ਦੇ ਹਿਸਾਬ ਨਾਲ ਲੋਕ ਇਹਨਾਂ ਨੂੰ ਆਪਣੇ ਘਰ ਵਿਚ ਰਹਿਣ ਦੀ ਥਾਂ ਵੀ ਦਿੰਦੇ ਅਤੇ ਇਹਨਾਂ ਦੀ ਖ਼ਾਤਰਦਾਰੀ ਵੀ ਕਰਦੇ। ਲੰਮੇ ਸਫ਼ਰ ਅਤੇ ਰਾਹ ਦੇ ਉਕਾਊਪਣ ਨੂੰ ਦੂਰ ਕਰਨ ਲਈ ਮਰਾਸੀ ਲੋਕ ਗਾਉਣ-ਵਜਾਉਣ ਦਾ ਕੰਮ ਵੀ ਕਰਦੇ। ਭਾਈ ਮਰਦਾਨਾ ਜੀ ਨੂੰ ਵੀ ਸੰਗੀਤ ਵਿਰਾਸਤ ਵਿਚੋਂ ਹੀ ਮਿਲਿਆ। ਇਹਨਾਂ ਦੇ ਖ਼ਾਨਦਾਨ ਵਿਚ ਰਬਾਬ ਵਜਾਉਣ ਦਾ ਖ਼ਾਸ ਗੁਣ ਸੀ। ਇਹ ਰਬਾਬ ਹੀ ਸੀ, ਜਿਸ ਨੇ ਭਾਈ ਮਰਦਾਨੇ ਅਤੇ ਗੁਰੂ ਨਾਨਕ ਦੇਵ ਜੀ ਨੂੰ ਇਕ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ, ਰਾਇ ਬੁਲਾਰ ਦੇ ਦਸਾਂ ਪਿੰਡਾਂ ਦੇ ਪਟਵਾਰੀ ਸਨ। ਭਾਈ

ਮਰਦਾਨੇ ਦੇ ਪਿਤਾ ਮੀਰ ਬਾਦਰੇ ਦਾ ਉਹਨਾਂ ਦੇ ਘਰ ਆਉਣਾ-ਜਾਣਾ ਸੀ। ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਤੋਂ ਕਰੀਬ ਸਾਢੇ ਨੌ ਸਾਲ ਵੱਡੇ ਸਨ। ਜਦੋਂ 1469 ਈਸਵੀ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰਕਾਸ਼ ਧਾਰਿਆ ਤਾਂ ਸਾਰੇ ਪਾਸੇ ਖੁਸ਼ੀ ਮਨਾਈ ਗਈ। ਜਦੋਂ ਗੁਰੂ ਸਾਹਿਬ ਦਾ ਤੇਰ੍ਹਵਾਂ ਮਨਾਇਆ ਗਿਆ ਤਾਂ ਬਾਕੀ ਰਿਸ਼ਤੇਦਾਰਾਂ ਅਤੇ ਲੋਕਾਂ ਵਾਂਗ ਮੀਰ ਬਾਦਰੇ ਜੀ ਨੂੰ ਵੀ ਬੁਲਾਇਆ ਗਿਆ। ਕਿਹਾ ਜਾਂਦਾ ਹੈ ਕਿ ਮੀਰ ਬਾਦਰੇ ਜਾਣ ਲਈ ਤਿਆਰ ਹੋ ਰਹੇ ਸੀ ਤਾਂ ਭਾਈ ਮਰਦਾਨਾ ਵੀ ਪਿਤਾ ਦੇ ਨਾਲ ਜਾਣ ਦੀ ਜ਼ਿੱਦ ਕਰਨ ਲੱਗੇ। ਬੀਬੀ ਲੱਖੋ ਦੇ ਕਹਿਣ 'ਤੇ ਮੀਰ ਬਾਦਰੇ ਭਾਈ ਮਰਦਾਨੇ ਨੂੰ ਵੀ ਨਾਲ ਲੈ ਗਏ। ਉੱਥੇ ਪਹੁੰਚ ਕੇ ਬੇਬੇ ਨਾਨਕੀ ਦੀ ਗੋਦ ਵਿਚ ਖੇਡ ਰਹੇ ਬਾਲ ਨਾਨਕ ਨੂੰ ਭਾਈ ਮਰਦਾਨਾ ਇਕ ਟੱਕ ਵੇਖਦੇ ਰਹੇ। ਸ਼ਾਇਦ ਇਹ ਕੋਈ ਇਲਾਹੀ ਸਾਂਝ ਸੀ ਜਾਂ ਗੁਰੂ ਨਾਨਕ ਦਾ ਨੂਰ ਸੀ ਕਿ ਭਾਈ ਮਰਦਾਨਾ ਜੀ ਉਹਨਾਂ ਵੱਲ ਹੀ ਵੇਖੀ ਗਏ। ਇਹ ਵੇਖ ਭੈਣ ਨਾਨਕੀ ਨੇ ਬਾਲ ਨਾਨਕ ਨੂੰ ਮਰਦਾਨਾ ਜੀ ਦੀ ਗੋਦ ਵਿਚ ਦੇ ਦਿੱਤਾ। ਉਸ ਦਿਨ ਤੋਂ ਹੀ ਭਾਈ ਮਰਦਾਨਾ ਜੀ ਗੁਰੂ ਸਾਹਿਬ ਦਾ ਮੁਰੀਦ ਹੋ ਗਏ। ਇਹ ਵੀ ਜ਼ਿਕਰ ਆਉਂਦਾ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਕੁਝ ਵੱਡੇ ਹੋਏ ਤਾਂ ਇਕ ਦਿਨ ਬੀਬੀ ਲੱਖੋ ਨੂੰ ਰੋਂਦਿਆਂ ਵੇਖ ਕੇ ਉਹਨਾਂ ਦੇ ਦੁੱਖ ਦਾ ਕਾਰਨ ਪੁੱਛਿਆ ਤਾਂ ਬੀਬੀ ਲੱਖੋ ਨੇ ਕਿਹਾ ਕਿ ਹੁਣ ਇਸਨੇ (ਭਾਈ ਮਰਦਾਨਾ) ਵੀ ਮਰ ਜਾਣਾ ਹੈ, ਆਪਣੇ ਬਾਕੀ ਭੈਣ ਭਰਾਵਾਂ ਵਾਂਗ ਇਹ ਵੀ ਸਾਡੇ ਕੋਲੋਂ ਚਲਾ ਜਾਵੇਗਾ।" "ਤਾਂ ਗੁਰੂ ਨਾਨਕ ਸਾਹਿਬ ਨੇ ਕਿਹਾ, "ਇਹ ਮਰਜਾਣਾ ਨਹੀਂ, ਇਹ ਮਰਦਾਨਾ ਹੈ।" ਭਾਵ ਇਹ ਹੁਣ ਮਰਦਾ ਨਹੀਂ, ਇਹ ਤਾਂ ਅਮਰ ਹੋ ਗਿਆ, ਇਸ ਤਰ੍ਹਾਂ ਮਰਜਾਣਾ ਤੋਂ ਆਪ ਜੀ ਦਾ ਨਾਂ ਭਾਈ ਮਰਦਾਨਾ ਪੈ ਗਿਆ।

ਭਾਈ ਮਨੀ ਸਿੰਘ ਜੀ ਨੇ ਭਾਈ ਮਰਦਾਨਾ ਅਤੇ ਗੁਰੂ ਨਾਨਕ ਸਾਹਿਬ ਦਾ ਮੇਲ 1480 ਵਿਚ ਹੋਇਆ ਦੱਸਿਆ ਹੈ। ਜਦੋਂ ਗੁਰੂ ਨਾਨਕ ਸਾਹਿਬ ਦੀ ਉਮਰ 11 ਸਾਲ ਅਤੇ ਭਾਈ ਮਰਦਾਨੇ ਦੀ 21 ਸਾਲ ਦੇ ਲਗਭਗ ਸੀ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਇੱਕ ਰੁੱਖ ਹੇਠਾਂ ਅਰਾਮ ਕਰ ਰਹੇ ਸਨ ਕਿ ਕਿਸੇ ਪਾਸਿਓਂ ਰਬਾਬ ਵਜਾਉਣ ਦੀ ਮਧੁਰ ਅਵਾਜ਼ ਸੁਣਾਈ ਦਿੱਤੀ ਤਾਂ ਗੁਰੂ ਨਾਨਕ ਸਾਹਿਬ ਉੱਠ ਕੇ ਰਬਾਬ ਵਜਾਉਣ ਵਾਲੇ ਕੋਲ ਗਏ ਤਾਂ ਉਹਨਾਂ ਨੇ ਭਾਈ ਮਰਦਾਨੇ ਨੂੰ ਕਿਹਾ, "ਤੂੰ ਰਬਾਬ ਭਲਾ ਵਜਾਉਂਦਾ ਹੈ ਤੇ ਤੈਨੂੰ ਰਾਗਾਂ ਦੀ ਵੀ ਸੋਝੀ ਹੈ ਪਰ ਜੇ ਤੂੰ ਸਾਡੀ ਸੰਗਤ ਕਰੇ ਤੇ ਇਹ ਰਾਗ ਸ਼ਬਦ ਪਾ ਕੇ ਗਾਵੇ ਤਾਂ ਤੇਰਾ ਦੀਨ ਦੁਨੀਆਂ ਵਿਚ ਉਦਾਰ ਹੋਵੇਗਾ।" ਭਾਈ ਮਰਦਾਨਾ ਜੀ ਨੇ ਕਿਹਾ, "ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਲਿਆਉਂਦੇ ਹਾਂ। ਜੇ ਤੇਰੇ ਨਾਲ ਚੱਲਾਂਗੇ ਤਾਂ ਪਰਿਵਾਰ ਵਾਲੇ ਸਭ ਭੁੱਖੇ ਮਰ ਜਾਣਗੇ ਤੇ ਭੁੱਖਿਆਂ ਤੋਂ ਨਿਮਾਜ਼ ਰੋਜ਼ਾ ਵੀ ਨਹੀਂ ਹੋਣਾ।" ਇਹ ਸੁਣ ਕੇ ਗੁਰੂ ਸਾਹਿਬ ਨੇ ਕਿਹਾ, ਦਾਨਿਆ! ਤੂੰ ਦੀਵਾਨਾ ਹੋਇਆ ਹੈਂ, ਸਭ ਦੀ ਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਤੇ ਰੋਜ਼ਾ ਖ਼ੁਦਾ ਦੇ ਘਰੋਂ ਬਖ਼ਸ਼ਿਸ਼ ਹੈ। ਜਦੋਂ ਲੇਖਾ ਹੋਇਆ ਤਾਂ ਹਾਮੀ ਕਿਸੇ ਨਹੀਂ ਭਰਨੀ। ਦਾਨਿਆ, ਜੇ ਹੁਣ ਤੂੰ ਮਰਦਾਨਾ ਹੋਵੇਂ, ਸ਼ਬਦ ਪਾ ਕੇ ਰਾਗ ਗਾਵੇਂ ਤਾਂ ਤੇਰਾ ਦੋਹਾਂ ਲੋਕਾਂ ਦਾ ਕਾਰਜ ਹੋਵੇਗਾ। ਇਸ ਤਰ੍ਹਾਂ ਮਰਦਾਨਾ ਧਰਤ ਲੋਕਾਈ ਨੂੰ ਸੋਧਣ ਲਈ ਗੁਰੂ ਨਾਨਕ ਸਾਹਿਬ ਦਾ ਸਾਥੀ ਬਣਨ ਲਈ ਤਿਆਰ ਹੋ ਗਿਆ। ਸ਼ਬਦ ਅਤੇ ਸੁਰਤ ਦਾ ਮੇਲ ਹੋ ਗਿਆ। ਗੁਰੂ ਬਾਬੇ ਦੇ ਸ਼ਬਦ ਅਤੇ ਮਰਦਾਨੇ ਦੀ ਰਬਾਬ ਨੇ ਉਹ ਕੁਝ ਕਰ ਵਿਖਾਇਆ, ਜਿਸ ਦੀ ਮਿਸਾਲ ਕੋਈ ਹੋਰ ਨਹੀਂ ਮਿਲਦੀ। ਭਾਈ ਗੁਰਦਾਸ ਜੀ ਲਿਖਦੇ ਹਨ,

"ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।"
(ਵਾਰ 11ਵੀਂ , ਪਉੜੀ 13ਵੀਂ)

ਇਕ ਹੋਰ ਥਾਂ ਭਾਈ ਗੁਰਦਾਸ ਜੀ ਲਿਖਦੇ ਹਨ,

"ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
(ਵਾਰ ਪਹਿਲੀ, ਪਉੜੀ 35ਵੀਂ)

ਇਸ ਤਰ੍ਹਾਂ ਭਾਈ ਮਰਦਾਨਾ ਉਹ ਪਹਿਲਾ ਸਰੋਤਾ ਹੈ, ਜਿਸ ਨੇ ਬਾਬਾ ਨਾਨਕ ਦੇ ਮੁੱਖੋਂ ਉਚਾਰਿਤ ਬਾਣੀ ਸੁਣੀ। ਜਦੋਂ ਗੁਰੂ ਸਾਹਿਬ ਨੂੰ ਬਾਣੀ ਉਤਰਦੀ ਭਾਵ ਜਦੋਂ ਉਹਨਾਂ ਦੇ ਸਿਰਜਣਾਂ ਦੇ ਪਲ ਹੁੰਦੇ ਸੀ ਤਾਂ ਉਹ ਭਾਈ ਮਰਦਾਨੇ ਨੂੰ ਕਹਿੰਦੇ, "ਮਰਦਾਨਿਆਂ! ਰਬਾਬ ਵਜਾਇ ਬਾਣੀ ਆਈ ਏ।" ਭਾਈ ਮਰਦਾਨੇ ਨੂੰ ਰਾਗ ਵਿੱਦਿਆ, ਰਬਾਬ ਵਿੱਦਿਆ ਭਾਵੇਂ ਵਿਰਸੇ ਵਿਚੋਂ ਮਿਲੀ ਸੀ ਪਰ ਵੱਖ-ਵੱਖ ਕਾਵਿ-ਰੂਪਾਂ ਜਿਵੇਂ ਛੰਤ, ਸੋਹਿਲਾ, ਅਲਾਹੁਣੀਆਂ ਆਦਿ ਨੂੰ ਵਿਸ਼ੇਸ਼ ਰਾਗ ਬੰਦਿਸ਼ ਨਾਲ ਮਿਲਾ ਕੇ ਗਾਉਣ ਦੀ ਵਿਧੀ ਗੁਰੂ ਨਾਨਕ ਸਾਹਿਬ ਨੇ ਸਿਖਾਈ। ਉਹਨਾਂ ਨੇ ਭਾਈ ਮਰਦਾਨਾ ਜੀ ਦੀ

ਕਲਾ ਨੂੰ ਇਸ ਤਰ੍ਹਾਂ ਨਿਖਾਰਿਆ ਕਿ ਹਿਰਦੇ ਪ੍ਰਫੁੱਲਿਤ ਹੋ ਵਿਸਮਾਦੀ ਰੰਗ ਵਿਚ ਰੰਗੇ ਜਾਂਦੇ।

ਲਗਭਗ ਸੱਤ ਸਾਲ 1480 ਤੋਂ 1487 ਈਸਵੀ ਤੱਕ ਭਾਈ ਮਰਦਾਨਾ ਜੀ ਨੇ ਗੁਰੂ ਜੀ ਸੰਗਤ ਕੀਤੀ। ਜਦੋਂ ਪਿਤਾ ਮਹਿਤਾ ਕਾਲੂ ਜੀ ਨੇ ਗੁਰੂ ਸਾਹਿਬ ਨੂੰ ਦੁਨਿਆਵੀ ਕੰਮਾਂ-ਕਾਰਾ ਵੱਲ ਮੋੜਨ ਲਈ ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਕੋਲ ਭੇਜ ਦਿੱਤਾ ਤਾਂ ਭਾਈ ਮਰਦਾਨਾ ਜੀ ਉਦਾਸ ਹੋ ਗਏ ਪਰ ਭਾਈ ਮਰਦਾਨੇ ਜੀ ਦੀ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਛੇਤੀ ਪੂਰੀ ਹੋ ਗਈ। ਜਦੋਂ ਗੁਰੂ ਨਾਨਕ ਪਾਤਸ਼ਾਹ ਨਵਾਬ ਦੌਲਤ ਖ਼ਾਨ ਦੇ ਮੋਦੀਖਾਨੇ ਵਿਚ ਕੰਮ ਕਰਨ ਲੱਗ ਪਏ ਤਾਂ ਪਿਤਾ ਮਹਿਤਾ ਕਾਲੂ ਜੀ ਨੇ ਭਾਈ ਮਰਦਾਨੇ ਨੂੰ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਭੇਜਿਆ ਤਾਂ ਜੋ ਉਹ ਗੁਰੂ ਨਾਨਕ ਸਾਹਿਬ ਦਾ ਹਾਲ-ਚਾਲ ਪਤਾ ਕਰ ਸਕੇ। ਉੱਥੇ ਜਾ ਕੇ ਭਾਈ ਮਰਦਨਾ ਗੁਰੂ ਸਾਹਿਬ ਦੇ ਪਿਆਰ ਤੋਂ ਐਨੇ ਪ੍ਰਭਾਵਿਤ ਹੋਏ ਕਿ ਸਭ ਕੁਝ ਭੁਲਾ ਕੇ ਉਹ ਗੁਰੂ ਨਾਨਕ ਦੇ ਹੀ ਹੋ ਕੇ ਰਹਿ ਗਏ। ਇੱਥੇ ਹੀ ਗੁਰੂ ਨਾਨਕ ਸਾਹਿਬ ਨੇ ਮਰਦਾਨੇ ਨੂੰ 'ਭਾਈ' ਦੀ ਪਦਵੀ ਦੇ ਕੇ ਨਿਵਾਜਿਆ ਅਤੇ ਛੂਤ-ਛਾਤ ਦੇ ਪਾੜੇ ਨੂੰ ਖ਼ਤਮ ਕੀਤਾ। ਬਰਾਬਰੀ ਦਾ ਦਰਜਾ ਦਿੱਤਾ। ਭਾਈ ਗੁਰਦਾਸ ਜੀ ਲਿਖਦੇ ਹਨ,

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥"

1487 ਈਸਵੀ ਵਿਚ ਗੁਰੂ ਨਾਨਕ ਦੇਵ ਜੀ ਦਾ ਵਿਆਹ ਬੀਬੀ ਸੁਲੱਖਣੀ ਜੀ ਨਾਲ ਬਟਾਲਾ ਵਿਖੇ ਹੋਇਆ। 1487 ਤੋਂ 1491 ਈਸਵੀ ਤੱਕ ਉਹ ਤਲਵੰਡੀ ਹੀ ਰਹੇ। ਸਮਾਂ ਪਾ ਕੇ ਉਹ ਸੁਲਤਾਨਪੁਰ ਜਾਣ ਦੀ ਤਿਆਰੀ ਕਰਨ ਲੱਗੇ। ਭਾਈ ਮਰਦਾਨਾ ਜੀ ਗੁਰੂ ਜੀ ਨਾਲ ਨਹੀਂ ਗਏ। ਗੁਰੂ ਸਾਹਿਬ ਨੇ ਕਿਹਾ, "ਮਰਦਾਨਿਆ! ਮੈਂ ਛੇਤੀ ਤੈਨੂੰ ਸੁਲਤਾਨਪੁਰ ਬੁਲਾ ਲਵਾਂਗਾ।" ਅਨੁਮਾਨ ਹੈ ਕਿ ਭਾਈ ਮਰਦਾਨਾ ਜੀ 1492-93 ਈਸਵੀ ਵਿਚ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆਏ। ਭਾਈ ਮਰਦਾਨੇ ਦੇ ਆਉਣ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਸੰਸਾਰ ਵਿਚੋਂ ਆਗਿਆਨਤਾ ਦਾ ਹਨੇਰਾ ਦੂਰ ਕਰਨ ਲਈ ਯਾਤਰਾ 'ਤੇ ਨਿਕਲ ਤੁਰੇ। ਇਸ ਸਫ਼ਰ ਵਿਚ ਭਾਈ ਮਰਦਾਨਾ ਜੀ ਉਹਨਾਂ ਦੇ ਸਾਥੀ ਸਨ। ਮਾਨਵਤਾ ਦਾ ਭਲਾ ਕਰਨ ਦੇ ਉਦੇਸ਼ ਨਾਲ ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ। ਇਹਨਾਂ ਉਦਾਸੀਆਂ ਸਮੇਂ ਰਾਹ ਵਿਚ ਕਿੰਨੀਆਂ ਹੀ ਦੁਸ਼ਵਾਰੀਆਂ ਆਈਆਂ ਪਰ ਭਾਈ ਮਰਦਾਨੇ ਨੇ ਗੁਰੂ ਜੀ ਦਾ ਸਾਥ ਨਹੀਂ ਛੱਡਿਆ। ਭਾਵੇਂ ਬਹੁਤ ਵਾਰੀ ਉਹਨਾਂ ਨੂੰ ਭੁੱਖੇ-ਪਿਆਸੇ ਰਹਿਣਾ ਪਿਆ, ਰੋੜਾਂ 'ਤੇ ਸੌਣਾ ਪਿਆ, ਪਰਿਵਾਰ ਦਾ ਵਿਛੋੜਾ ਸਹਿਣਾ ਪਿਆ, ਜਾਦੂਗਰਨੀਆਂ ਦੇ ਜਾਦੂ ਦਾ ਸ਼ਿਕਾਰ ਹੋਣਾ ਪਿਆ, ਕੌਡੇ ਰਾਖ਼ਸ਼ ਅਤੇ ਹੋਰ ਕਈ ਭੈੜੇ ਬੰਦਿਆਂ ਦਾ ਸ਼ਿਕਾਰ ਹੋਣਾ ਪਿਆ ਵਲੀ ਕੰਧਾਰੀ ਵਰਗੇ ਹੰਕਾਰੀ ਦੇ ਹੰਕਾਰ ਅਤੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਪਰ ਭਾਈ ਮਰਦਾਨਾ ਨਾ ਕਦੀ ਅੱਕਿਆ, ਨਾ ਥੱਕਾ! ਹਮੇਸ਼ਾਂ ਗੁਰਬਾਣੀ ਦੇ ਬਚਨਾਂ ਨੂੰ 'ਸਤ' ਕਹਿ ਕੇ ਮੰਨਿਆ। ਹਰ ਥਾਂ 'ਤੇ ਇਹੀ ਜ਼ਿਕਰ ਆਉਂਦਾ ਹੈ ਕਿ ਰਬਾਬ ਤੇ ਸ਼ਬਦਾਂ ਦੀ ਅਵਾਜ਼ ਸੁਣ ਕੇ ਲੋਕ ਗੁਰੂ ਬਾਬੇ ਵੱਲ ਖਿੱਚੇ ਆਉਂਦੇ ਸਨ। ਮੱਕਾ-ਮਦੀਨਾ, ਬਗ਼ਦਾਦ ਅਤੇ ਹੋਰ ਇਸਲਾਮੀ ਦੇਸ਼ਾਂ ਵਿਚ ਆਪ ਨੇ ਰਬਾਬ ਨਾਲ ਕੀਰਤਨ ਕਰਕੇ ਲੋਕਾਂ ਨੂੰ ਹੈਰਾਨ ਹੀ ਕੀਤਾ, ਸਗੋਂ 'ਪਾਤਾਲਾਂ ਪਾਤਾਲ ਲਖ ਆਗਾਸਾ ਆਗਾਸ' ਵਰਗੀ ਬਾਣੀ ਗਾਈ। ਭਾਈ ਮਰਦਾਨੇ ਜੀ ਨੇ ਗੁਰੂ ਸਾਹਿਬ ਨਾਲ ਮਿਲ ਕੇ ਦੁਸ਼ਟ ਲੋਕਾਂ ਨੂੰ ਸੱਚ ਦਾ ਰਾਹ ਵਿਖਾਇਆ। ਭਾਈ ਮਰਦਾਨਾ ਜੀ ਨੇ ਕਦੀ ਪੈਸੇ ਜਾਂ ਰਤਨ ਜਵਾਹਰਾਂ ਦਾ ਲਾਲਚ ਨਹੀਂ ਕੀਤਾ। ਬਲਕਿ ਗੁਰੂ ਬਾਬੇ ਨਾਲ ਰੁੱਖੀ-ਮਿੱਸੀ ਖਾ ਕੇ ਖ਼ੁਸ਼ ਰਹੇ ਅਤੇ ਗੁਰੂ ਬਾਬੇ ਵੱਲੋਂ ਉਚਾਰਣ 'ਧੁਰ ਕੀ ਬਾਣੀ' ਨੂੰ ਰਾਗ-ਬੱਧ ਕਰਕੇ ਗਾਉਂਦੇ ਰਹੇ।

ਭਾਈ ਮਰਦਾਨਾ ਜੀ ਦੇ ਪਰਿਵਾਰ ਬਾਰੇ ਬਹੁਤੀ ਜਾਣਕਾਰੀ ਤਾਂ ਨਹੀਂ ਮਿਲਦੀ ਪਰ ਕਿਹਾ ਜਾਂਦਾ ਹੈ ਕਿ ਉਹ ਵਿਆਹੇ ਹੋਏ ਸੀ ਤੇ ਉਹਨਾਂ ਦੇ ਬੱਚੇ ਵੀ ਸਨ। ਆਪ ਜੀ ਦੇ ਦੋ ਪੁੱਤਰਾਂ ਰਜਾਦਾ ਅਤੇ ਸਜਾਦਾ ਦਾ ਇਤਿਹਾਸ ਵਿਚ ਨਾਂ ਆਉਂਦਾ ਹੈ।

ਜਦੋਂ ਭਾਈ ਮਰਦਾਨੇ ਜੀ ਦੇ ਅਕਾਲ ਚਲਾਣੇ ਦੇ ਦਿਨ ਨੇੜੇ ਸਨ ਤਾਂ ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਕਿਹਾ,"ਭਾਈ ਜੀ! ਬ੍ਰਾਹਮਣ ਮਿਰਤਕ ਦੇਹ ਨੂੰ ਜਲ ਪ੍ਰਵਾਹ ਕੀਤਾ ਜਾਂਦਾ ਹੈ, ਖੱਤਰੀ ਦੀ ਦੇਹ ਨੂੰ ਜਲਾਇਆ ਜਾਂਦਾ ਹੈ, ਵੈਸ਼ ਦੀ ਦੇਹ ਨੂੰ ਖੁੱਲ੍ਹਾ ਸੁੱਟ ਦਿੱਤਾ ਜਾਂਦਾ ਹੈ। ਸ਼ੂਦਰਾਂ ਦੀ

ਦੇਹ ਨੂੰ ਦੱਬ ਦਿੱਤਾ ਜਾਂਦਾ ਹੈ। ਤੇਰੀ ਦੇਹ ਨੂੰ ਕਿਹੜੀ ਰੀਤ ਅਨੁਸਾਰ ਸੰਸਾਕਾਰਿਆ ਜਾਏ। ਗੁਰਬਾਣੀ ਵਿਚ ਗੁਰੂ ਸਾਹਿਬ ਨੇ ਲਿਖਿਆ ਹੈ:-

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥

ਭਾਵ ਕੋਈ ਆਪਣੇ ਸੰਬੰਧੀ ਦੀ ਦੇਹ ਨੂੰ ਜਲਾ ਦਿੰਦਾ ਹੈ, ਕੋਈ ਦੱਬ ਦਿੰਦਾ ਹੈ, ਕੋਈ ਜਲ ਪ੍ਰਵਾਹ ਕਰ ਦਿੰਦਾ ਹੈ। ਪਾਰਸੀ ਲੋਕ ਇਕ ਉੱਚਾ ਚਬੂਤਰਾ ਬਣਾ ਕੇ, (ਜਿਸ ਨੂੰ ਉਹ ਹਸਣਾ ਕਹਿੰਦੇ ਹਨ) ਉਸ ਉੱਪਰ ਰੱਖ ਦਿੰਦੇ ਹਨ ਤਾਂ ਕਿ ਇੱਲਾਂ ਅਤੇ ਹੋਰ ਪੰਛੀ ਆਦਿ ਖਾ ਸਕਣ।

ਗੁਰੂ ਨਾਨਕ ਸਾਹਿਬ ਨੇ ਫਿਰ ਭਾਈ ਮਰਦਾਨੇ ਜੀ ਨੂੰ ਪੁੱਛਿਆ ਕਿ "ਜੇ ਤੂੰ ਕਹੇ ਤਾਂ ਤੇਰੀ ਮਿਰਤਕ ਦੇਹ ਨੂੰ ਧਰਤੀ ਵਿਚ ਦੱਬ ਕੇ ਇੱਟਾਂ ਦੀ ਸਮਾਧੀ ਬਣਾ ਦੇਈਏ?" ਭਾਈ ਮਰਦਾਨਾ ਜੀ ਨੇ ਕਿਹਾ, "ਗੁਰੂ ਜੀ ਸਰੀਰ ਦੀ ਸਮਾਧੀ ਵਿਚੋਂ ਕੱਢ ਕੇ ਕਿਉਂ ਇੱਟਾਂ ਦੀ ਸਮਾਧੀ ਵਿਚ ਕੈਦ ਕਰਦੇ ਹੋ?" ਗੁਰੂ ਜੀ ਨੇ ਕਿਹਾ, "ਤੁਸੀਂ ਅਸਲ ਬ੍ਰਹਮ ਨੂੰ ਪਛਾਣ ਲਿਆ ਹੈ।" ਭਾਈ ਮਰਦਾਨਾ ਜੀ ਨੇ ਕਿਹਾ, "ਤੁਸੀਂ ਬ੍ਰਹਮ ਨੂੰ ਪਛਾਣਿਆ ਹੈ। ਮੈਂ ਤਾਂ ਤੁਹਾਨੂੰ ਪਛਾਣਿਆ ਹੈ। ਹੁਣ ਆਪ ਵਿਚ ਤੇ ਮੇਰੇ ਵਿਚ ਬਹੁਤਾ ਫਰਕ ਨਹੀਂ।"

ਇਹੋ ਜਿਹੇ ਸਨ- ਭਾਈ ਮਰਦਾਨਾ, ਜੋ ਗੁਰੂ ਨਾਨਕ ਸਾਹਿਬ ਨਾਲ ਇਕ ਰੂਪ ਹੋ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ- 553 ਵਿਚ ਭਾਈ ਮਰਦਾਨਾ ਜੀ ਦਾ ਇੱਕ ਸੰਪੂਰਨ ਸ਼ਬਦ ਉਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੀ ਮੋਹਰ ਹੇਠ ਅੰਕਿਤ ਹੈ, ਜਿਵੇਂ ਬਾਕੀ ਗੁਰੂਆਂ ਦੀ ਬਾਣੀ 'ਤੇ ਹੁੰਦਾ ਹੈ।

**ਸਲੋਕੁ ਮਰਦਾਨਾ 1**

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥

**ਮਰਦਾਨਾ 1**

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥
ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥
ਸਤਸੰਗਤਿ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥

**ਪਉੜੀ।।**

ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ॥
ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ ॥
ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ ॥
ਆਪੈ ਨਾਲਿ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪੁ ਸਿਆਣੀ॥
ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ॥

ਗੁਰੂ ਨਾਨਕ ਪਾਤਸ਼ਾਹ ਨੇ ਜਾਤ-ਧਰਮ ਤੋਂ ਉੱਪਰ ਉੱਠ ਕੇ ਮਰਦਾਨੇ ਨੂੰ ਆਪਣਾ ਸਾਥੀ ਬਣਾਇਆ। ਉਹਨਾਂ ਦਾ ਅੰਤਿਮ ਸਸਕਾਰ ਆਪਣੇ ਹੱਥੀਂ ਕੀਤਾ। ਭਾਈ ਮਰਦਾਨਾ ਜੀ ਨੇ ਇੱਕ ਆਗਿਆਕਾਰੀ ਸ਼ਿਸ਼ ਦੀ ਤਰ੍ਹਾਂ ਗੁਰੂ ਦੇ ਹਰ ਹੁਕਮ ਉੱਤੇ ਫੁੱਲ ਚੜ੍ਹਾਏ ਅਤੇ ਜੀਵਨ ਭਰ ਗੁਰੂ ਨਾਨਕ ਸਾਹਿਬ ਦਾ ਸਾਥ ਦਿੱਤਾ। ਇਹੋ ਜਿਹੇ ਗੁਰੂ ਰੂਪ ਭਾਈ ਮਰਦਾਨਾ ਜੀ ਅੱਗੇ ਸਾਡਾ ਸਭ ਦਾ ਸਿਰ ਸ਼ਰਧਾ ਵਿਚ ਝੁਕਣਾ ਚਾਹੀਦਾ ਹੈ।

ਬੀ-145, ਟੈਗੋਰ ਗਾਰਡਨ, ਐਕਸਟੈਨਸ਼ਨ,
ਨਵੀਂ ਦਿੱਲੀ-110027,
98730-54130

**ਸੋਚ ਜਿੰਨੀ ਮਰਜ਼ੀ ਵੱਡੀ ਹੋਵੇ**
**ਜੇ ਉਹ ਅਮਲ ਵਿਚ ਨਾ ਲਿਆਂਦੀ ਜਾ ਸਕਦੀ ਹੋਵੇ**
**ਤਾਂ ਉਸਦਾ ਕੋਈ ਫਾਇਦਾ ਨਹੀਂ।**

**(ਥਾਮਸ ਕਾਰਲਾਈਲ)**

# ਸਾਡਾ ਹਰਿਆਣਾ

ਡਾ. ਰੇਖਾ ਰਾਣੀ



ਹਰਿਆਣਾ ਭਾਰਤ ਦੇ 29 ਸੂਬਿਆਂ ਵਿਚੋਂ ਇੱਕ ਹੈ। ਇਹ ਸੂਬਾ ਉੱਤਰੀ ਭਾਰਤ ਵਿਚ ਸਥਿਤ ਹੈ। ਹਰਿਆਣਾ ਵਰਤਮਾਨ ਭਾਰਤ ਦਾ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੂਸਰਾ ਸਭ ਤੋਂ ਅਮੀਰ ਸੂਬਾ ਹੈ। ਜੇਕਰ ਭਾਰਤ ਦੇਸ਼ ਦੇ ਅਮੀਰ ਪਿੰਡਾਂ ਬਾਰੇ ਗੱਲ ਕਰੀਏ ਤਾਂ ਵੀ ਭਾਰਤ ਦੇ ਸਭ ਤੋਂ ਅਮੀਰ ਪਿੰਡ ਹਰਿਆਣੇ ਵਿਚ ਹਨ। ਇਸ ਤਰਾਂ ਅਰਥ-ਵਿਵਸਥਾ ਦੇ ਪੱਖ ਤੋਂ ਹਰਿਆਣਾ ਇਕ ਮਜ਼ਬੂਤ ਆਰਥਿਕਤਾ ਵਾਲਾ ਸੂਬਾ ਹੈ। ਇਹ ਸੂਬਾ ਭਾਰਤ ਦੇ ਉੱਤਰ-ਪੂਰਬੀ ਭਾਗ ਵਿਚ ਸਥਿਤ ਹੈ। ਇਸ ਦੀ ਸੀਮਾ ਉੱਤਰ ਵਿਚ ਹਿਮਾਚਲ ਅਤੇ ਦੱਖਣ ਵਿਚ ਰਾਜਸਥਾਨ ਨਾਲ ਲੱਗਦੀ ਹੈ। ਉੱਤਰੀ ਸੀਮਾ ਪੰਜਾਬ ਨਾਲ ਲਗਦੀ ਹੈ। ਹਰਿਆਣਾ ਸੂਬੇ ਨੇ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਤਿੰਨ ਪਾਸਿਆਂ ਤੋਂ ਘੇਰਿਆ ਹੋਇਆ ਹੈ। ਹਰਿਆਣੇ ਦਾ ਕੁੱਲ ਖੇਤਰਫਲ 44212 ਕਿ.ਮੀ. ਹੈ। ਹਰਿਆਣੇ ਦੇ 6 ਪ੍ਰਸ਼ਾਸਨਿਕ ਹਿੱਸੇ, ਅਤੇ 22 ਜ਼ਿਲ੍ਹੇ ਹਨ। ਹਰਿਆਣੇ ਦੀਆਂ ਵਿਧਾਨ ਸਭਾ ਵਿਚ 90, ਲੋਕ ਸਭਾ ਵਿਚ 10 ਅਤੇ ਰਾਜ ਸਭਾ ਵਿਚ 5 ਸੀਟਾਂ ਹਨ। ਇਸ ਤਰ੍ਹਾਂ ਹਰਿਆਣੇ ਦਾ ਦੇਸ਼ ਦੀ ਰਾਜਨੀਤੀ ਵਿਚ ਅਹਿਮ ਸਥਾਨ ਹੈ।

1 ਨਵੰਬਰ, 1966 ਈ. ਨੂੰ ਹਰਿਆਣੇ ਨੂੰ ਇਕ ਵੱਖਰੇ ਸੂਬੇ ਵਜੋਂ ਪਛਾਣ ਮਿਲੀ ਅਤੇ ਹਰਿਆਣਾ ਭਾਰਤ ਦਾ 17ਵਾਂ ਸੂਬਾ ਬਣਿਆ। ਵਰਤਮਾਨ ਹਰਿਆਣਾ ਕਿਸੇ ਸਮੇਂ ਪੰਜਾਬ ਦਾ ਹੀ ਹਿੱਸਾ ਸੀ। ਪਰੰਤੂ ਬਾਅਦ ਵਿਚ ਭਾਸ਼ਾਈ ਵਖਰੇਵੇਂ ਨੂੰ ਆਧਾਰ ਬਣਾ ਕੇ ਹਰਿਆਣੇ ਨੂੰ ਵੱਖਰਾ ਸੂਬਾ ਬਣਾਇਆ ਗਿਆ। 1 ਨਵੰਬਰ, 2022 ਨੂੰ ਹਰਿਆਣਾ ਵਾਸੀ 56ਵਾਂ ਹਰਿਆਣਾ ਦਿਵਸ ਮਨਾ ਰਹੇ ਹਨ। ਆਓ! ਹਥਲੇ ਪਰਚੇ ਰਾਹੀਂ ਅਸੀਂ ਸਾਡੇ ਸੂਬੇ ਬਾਰੇ ਕੁਝ ਜਾਣਕਾਰੀ ਸਾਂਝੀ ਕਰਦੇ ਹਨ।

ਹਰਿਆਣਾ ਇਕ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇੱਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਬਾੜੀ ਹੈ। ਖੇਤੀਬਾੜੀ ਤੋਂ ਬਿਨਾ ਪਸ਼ੂ ਪਾਲਣ ਹਰਿਆਣਾ ਦੇ ਲੋਕਾਂ ਦਾ ਦੂਸਰਾ ਮੁੱਖ ਕਿੱਤਾ ਹੈ। ਖੇਤੀਬਾੜੀ ਦੇ ਸਹਾਇਕ ਧੰਦਿਆਂ ਵਜੋਂ ਵੀ ਪਸ਼ੂ ਪਾਲਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਹਰਿਆਣਾ ਦੇ ਲੋਕ ਆਪਣੇ ਭੋਜਨ ਵਿਚ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਵਧੇਰੇ ਸ਼ਾਮਲ ਕਰਦੇ ਹਨ। ਇਸ ਲਈ ਇੱਥੋਂ ਦੇ ਲੋਕ ਸਿਹਤਮੰਦ ਅਤੇ ਹੱਟੇ-ਕੱਟੇ ਹਨ। ਇੱਥੇ ਦੇ ਜ਼ਿਆਦਾਤਰ ਗੱਭਰੂ ਭਾਰਤੀ ਫ਼ੌਜ ਵਿਚ ਭਰਤੀ ਹੋ ਕੇ ਦੇਸ਼ ਦੀ ਸੇਵਾ ਨੂੰ ਤਰਜ਼ੀਹ ਦਿੰਦੇ ਹਨ। ਹਰਿਆਣੇ ਦੇ ਮਰਦਾਂ ਦਾ ਪਹਿਰਾਵਾ ਸਫੈਦ ਕੁੜਤਾ, ਧੋਤੀ ਤੇ ਸਿਰ ’ਤੇ ਪਗੜੀ ਹੈ ਜਦੋਂ ਕਿ ਔਰਤਾਂ ਦਾ ਪਹਿਰਾਵਾ ਘੱਗਰਾ-ਕੁੜਤੀ ਜਿਸ ਨੂੰ ਸਥਾਨਕ ਭਾਸ਼ਾ ਵਿਚ ਦਾਮਨ ਤੇ ਕੁੜਤੀ ਕਿਹਾ ਜਾਂਦਾ ਹੈ, ਪਹਿਨਦੀਆਂ ਹਨ ਅਤੇ ਸਿਰ ’ਤੇ ਗੋਟੇ ਵਾਲੀ ਚੁੰਨੀ/ਚੂੰਦੜੀ ਲੈਂਦੀਆਂ ਹਨ। ਔਰਤ ਤੇ ਮਰਦ ਪੈਰ ਵਿਚ ਦੁੱਖਲੀ ਜੁੱਤੀ ਪਹਿਨਦੇ ਹਨ। ਹਰਿਆਣੇ ਦੀਆਂ ਔਰਤਾਂ ਅਤੇ ਮਰਦ ਦੋਵੇਂ ਹੀ ਗਹਿਣਿਆਂ ਦੇ ਸ਼ੌਕੀਨ ਹਨ। ਬੋਰਲ, ਹੰਸਲੀ, ਤਾਗੜੀ ਆਦਿ ਔਰਤਾਂ ਦੇ ਪ੍ਰਮੁੱਖ ਗਹਿਣੇ ਹਨ ਜਦੋਂ ਕਿ ਮੁਰਕੀਆਂ, ਤਵੀਜੀ, ਕੁੰਡਲ ਮਰਦਾਂ ਦੇ ਗਹਿਣੇ ਹਨ। ਲੂਰ ਅਤੇ ਧਮਾਲ ਇੱਥੋਂ ਦੇ ਪ੍ਰਸਿੱਧ ਲੋਕ ਨਾਚ ਹਨ।

ਹਰਿਆਣੇ ਦੇ ਲੋਕਾਂ ਦੀ ਮੁੱਖ ਖ਼ੁਰਾਕ ਦੁੱਧ ਦਹੀਂ ਵਾਲੀ ਪੌਸ਼ਟਿਕ ਖ਼ੁਰਾਕ ਹੈ। ਅਨਾਜ ਅਤੇ ਦਾਲਾਂ ਵਿਚ ਚੌਲ, ਕਣਕ, ਮੱਕੀ, ਬਾਜਰਾ, ਛੋਲੇ, ਉੜਦ/ਮਾਂਹ ਆਦਿ ਵਧੇਰੇ ਖਾਧੇ ਜਾਂਦੇ ਹਨ। ਹਰਿਆਣਾ ਵਾਸੀਆਂ ਦੀ ਖ਼ੁਰਾਕ ਬਾਰੇ ਪ੍ਰਚਲਿਤ ਹੈ :

''ਸੀਧੇ ਸਾਧੇ ਲੋਕ ਯਾਹਾਂ ਕੇ,
ਸੀਧਾ ਸਾਧਾ ਬਾਣਾ।
ਯਹ ਮੇਰਾ ਹਰਿਆਣਾ,
ਜਿਤ ਦੂਧ-ਦਹੀਂ ਕਾ ਖਾਣਾ।''

ਹਰਿਆਣਾ ਵਾਸੀ ਆਪਣੀ ਭਾਸ਼ਾ, ਰੀਤੀ-ਰਿਵਾਜ ਅਤੇ ਬਹਾਦਰੀ-ਪੂਰਨ ਇਤਿਹਾਸ ਕਾਰਨ ਆਪਣੀ ਵੱਖਰੀ

ਸਭਿਆਚਾਰਕ ਪਛਾਣ ਰੱਖਦੇ ਹਨ। ਹਰਿਆਣਾ ਪ੍ਰਾਚੀਨ ਸਮੇਂ ਵਿਚ ਵੈਦਿਕ ਸੱਭਿਅਤਾ ਅਤੇ ਸਿੰਧੂ ਘਾਟੀ ਦੀ ਸੱਭਿਅਤਾ ਦਾ ਨਿਵਾਸ ਰਿਹਾ ਹੈ। ਹਰਿਆਣੇ ਦਾ ਇਤਿਹਾਸ ਬਹੁਤ ਪੁਰਾਣਾ ਹੈ। ਕਿਹਾ ਜਾਂਦਾ ਹੈ ਕਿ ਹਰਿਆਣੇ ਦਾ ਨਿਰਮਾਣ ਦੇਵਤਿਆਂ ਨੇ ਕੀਤਾ ਹੈ। ਇਸ ਲਈ ਇਸ ਨੂੰ ਦੇਵ-ਭੂਮੀ ਕਿਹਾ ਜਾਂਦਾ ਹੈ। ਪ੍ਰਾਚੀਨ ਸਮੇਂ ਵਿਚ ਇਸ ਖੇਤਰ ਨੂੰ ਬ੍ਰਹਮਵ੍ਰਤ, ਆਰੀਆਵ੍ਰਤ, ਬ੍ਰਹਮੋਪਦੇਸ਼ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਸੀ। ਰੋਹਤਕ ਜ਼ਿਲ੍ਹੇ ਦੇ ਇਕ ਪਿੰਡ ਬੋਹਰ ਵਿਚ ਮਿਲੇ ਸ਼ਿਲਾਲੇਖ ਦੇ ਅਨੁਸਾਰ ਇਸ ਖੇਤਰ ਨੂੰ ਹਰਿਅੰਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਤੋਂ ਬਾਅਦ ਮੁਹੰਮਦ ਬਿਨ ਤੁਗਲਕ ਦੇ ਸ਼ਾਸ਼ਨ ਕਾਲ ਵਿਚ ਇਸ ਦਾ ਨਾਮ ਹਰਿਆਣਾ ਹੋ ਗਿਆ।

ਹਰਿਆਣਾ ਬਹਾਦਰ ਯੋਧਿਆ ਦੀ ਜਨਮਭੂਮੀ ਅਤੇ ਰਣਭੂਮੀ ਹੈ। ਜਿਸ ਦਾ ਪ੍ਰਮਾਣ ਮਹਾਂਭਾਰਤ ਕਾਲ ਤੋਂ ਮਿਲਦਾ ਹੈ। ਇਸ ਧਰਤੀ ’ਤੇ ਅਜਿਹੇ ਅਨੇਕਾਂ ਯੁੱਧ ਲੜੇ ਗਏ ਜਿਨ੍ਹਾਂ ਵਿਚ ਭਾਰਤ ਦਾ ਇਤਿਹਾਸ ਸਮੋਇਆ ਹੋਇਆ ਹੈ। ਹਿੰਦੂ ਮਤ ਅਨੁਸਾਰ ਭਾਰਤ ਦਾ ਸਭ ਤੋਂ ਵੱਡਾ ਯੁੱਧ ਮਹਾਂਭਾਰਤ ਦਾ ਯੁੱਧ ਵੀ ਹਰਿਆਣੇ ਦੀ ਰਣ-ਭੂਮੀ ਵਿਚ ਹੋਇਆ। ਇਸ ਯੁੱਧ ਦੌਰਾਨ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਕੁਰੂਕਸ਼ੇਤਰ ਦੀ ਧਰਤੀ ’ਤੇ ਗੀਤਾ ਦਾ ਉਪਦੇਸ਼ ਦਿੱਤਾ। ਗੀਤਾ ਦਾ ਉਪਦੇਸ਼ ਅੱਗੇ ਚੱਲ ਕੇ ਸਮੁੱਚੇ ਵਿਸ਼ਵ ਨੂੰ ਚੰਗੀ ਸੇਧ ਦੇਣ ਵਿਚ ਸਹਾਈ ਹੋਇਆ ਅਤੇ ਮਾਨਵਤਾ ਦਾ ਮਾਰਗ ਦਰਸ਼ਕ ਸਿੱਧ ਹੋਇਆ। ਇਸੇ ਉਪਦੇਸ਼ ਕਾਰਨ ਹਰਿਆਣੇ ਦੀ ਧਰਤੀ ਦਾ ਧਾਰਮਿਕ ਪੱਖੋਂ ਵੀ ਬਹੁਤ ਮਹੱਤਵ ਹੈ। ਜੇਕਰ ਇਤਿਹਾਸਕ ਲੜਾਈਆਂ ਦੀ ਗੱਲ ਕਰੀਏ ਤਾਂ ਮੁਗ਼ਲ ਕਾਲ ਵਿਚ ਪਾਣੀਪਤ ਦੀਆਂ ਤਿੰਨ ਲੜਾਈਆਂ ਵੀ ਇੱਥੇ ਹੀ ਲੜੀਆਂ ਗਈਆਂ। ਹਰਿਆਣਾ ਦੇ ਬਹਾਦਰ ਯੋਧਿਆਂ ਨੇ ਅੰਗਰੇਜ਼ਾਂ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ ਅਤੇ ਅਜ਼ਾਦੀ ਤੋਂ ਬਾਅਦ 1965 ਅਤੇ 1971 ਦੀ ਜੰਗ ਵਿਚ ਵੀ ਹਰਿਆਣਾ ਦੇ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਅੱਜ ਤੱਕ ਯਾਦ ਕੀਤਾ ਜਾਂਦਾ ਹੈ:

''ਅਜਾਦੀ ਪ੍ਰੇਮੀ ਯੋਧੇ ਇੱਥੋਂ ਦੇ,
ਜਾਨ ਦੇਸ਼ ਤੋਂ ਵਾਰ ਦਿੰਦੇ
ਮਰ ਜਾਂਦੇ ਪਰ ਰਣ ਨਾ ਛੱਡਦੇ,
ਤੋੜ ਵੈਰੀ ਦੀ ਤਲਵਾਰ ਦਿੰਦੇ।''

ਸਾਡਾ ਇਹ ਪਿਆਰਾ ਸੂਬਾ ਹਰਿਆਣਾ ਭਾਵੇਂ ਵੱਖ-ਵੱਖ ਜਾਤੀਆਂ, ਧਰਮਾਂ ਅਤੇ ਸਭਿਆਚਾਰ ਦਾ ਸੁਮੇਲ ਹੈ। ਪਰੰਤੂ ਇੱਥੇ ਸਾਰੇ ਧਰਮਾਂ ਤੇ ਜਾਤਾਂ ਦੇ ਲੋਕ ਆਪਸ ਵਿਚ ਮਿਲ-ਜੁਲ ਕੇ ਪਿਆਰ ਨਾਲ ਰਹਿੰਦੇ ਹਨ। ਵੱਖ-ਵੱਖ ਧਾਰਮਿਕ ਤਿਉਹਾਰ ਜਿਵੇਂ ਦਿਵਾਲੀ, ਈਦ, ਗੁਰਪੁਰਬ, ਕ੍ਰਿਸਮਿਸ ਆਦਿ ਸਾਰੇ ਧਰਮਾਂ ਦੇ ਲੋਕ ਆਪਸ ਵਿਚ ਮਿਲ-ਜੁਲ ਕੇ ਮਨਾਉਂਦੇ ਹਨ।

ਹਰਿਆਣੇ ਵਿਚ ਅਨੇਕਾਂ ਵੇਖਣਯੋਗ ਥਾਵਾਂ ਹਨ। ਇਸ ਲਈ ਇੱਥੇ ਹਰ ਸਾਲ ਦੇਸ਼ਾਂ-ਵਿਦੇਸ਼ਾਂ ਤੋਂ ਲੱਖਾਂ ਲੋਕ ਘੁੰਮਣ ਲਈ ਆਉਂਦੇ ਹਨ। ਹਰਿਆਣੇ ਦੀਆਂ ਦੇਖਣਯੋਗ ਥਾਵਾਂ-ਬ੍ਰਹਮ ਸਰੋਵਰ, ਤੁਗਲਕ ਮਹਿਲ, ਭੱਦਰਕਾਲੀ ਮੰਦਿਰ, ਝੂਲਦੀ ਮੀਨਾਰ, ਬੀਰਬਲ ਦਾ ਛੱਤਾ, ਕਰਨ ਲੇਕ, ਸਤੀ ਦਾ ਤਲਾਬ, ਸੁਲਤਾਨ ਪੁਰ ਰਾਸ਼ਟਰੀ ਉੱਦਯਾਨ ਆਦਿ ਪ੍ਰਮੁੱਖ ਥਾਵਾਂ ਹਨ।

ਹਰਿਆਣਾ ਸੂਬਾ ਕਿਉਂਕਿ ਹਿੰਦੀ ਭਾਸ਼ੀ ਇਲਾਕੇ ਦੀ ਤਰਜ਼ ਤੇ ਬਣਿਆ ਸੂਬਾ ਹੈ। ਇਸ ਲਈ ਇੱਥੋਂ ਦੇ ਲੋਕਾਂ ਦੀ ਸਥਾਨਕ ਬੋਲ-ਚਾਲ ਦੀ ਬੋਲੀ ਹਰਿਆਣਵੀ ਹੈ ਜੋ ਹਿੰਦੀ ਭਾਸ਼ਾ ਦੇ ਕਾਫ਼ੀ ਨੇੜੇ ਹੈ। ਪਰੰਤੂ ਇੱਥੋਂ ਦੀ ਰਾਜ ਭਾਸ਼ਾ ਹਿੰਦੀ ਹੀ ਹੈ। ਪੰਜਾਬ ਸੂਬੇ ਨਾਲ ਵੱਖ ਹੋਣ ਕਾਰਨ ਹਰਿਆਣੇ ਵਿਚ ਪੰਜਾਬੀ ਦੂਸਰੀ ਸਭ ਤੋਂ ਵੱਧ ਬੋਲੀ ਜਾਣ ਵਾਲਾ ਭਾਸ਼ਾ ਹੈ। ਇਸ ਲਈ ਪੰਜਾਬੀ ਬੋਲੀ ਨੂੰ ਹਰਿਆਣਾ ਸੂਬੇ ਦੀ ਵਿਚ ਦੂਸਰੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਹਰਿਆਣੇ ਦੇ ਸਕੂਲਾਂ ਅਤੇ ਕਾਲਜਾਂ ਵਿਚ ਪੰਜਾਬੀ ਬੋਲੀ ਨੂੰ ਦੂਸਰੀ ਭਾਸ਼ਾ ਵਜੋਂ ਪੜ੍ਹਾਇਆ ਜਾ ਰਿਹਾ ਹੈ। ਹਰਿਆਣਾ ਸਰਕਾਰ ਵੱਲੋਂ ਵੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਸਮੇਂ-ਸਮੇਂ ’ਤੇ ਕਈ ਕਦਮ ਚੁੱਕੇ ਗਏ ਹਨ।

ਵਰਤਮਾਨ ਹਰਿਆਣਾ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿਚ ਬੜੀ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ। ਓਲਪਿੰਕ ਜੇਤੂ, ਗੀਤਾ ਫੌਗਾਟ, ਸੁਸ਼ੀਲ ਕੁਮਾਰ, ਸਾਕਸ਼ੀ ਮਲਿਕ, ਬਜਰੰਗ ਪੁਨਿਆ, ਵਿਜੇਂਦਰ ਕੁਮਾਰ ਅਤੇ ਨੀਰਜ ਚੋਪੜਾ ਆਦਿ ਇਸੇ ਸੂਬੇ ਦੀ ਦੇਣ ਹਨ। ਇਹਨਾਂ ਖਿਡਾਰੀਆਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਸੋਨ ਤਮਗੇ ਹਾਸਲ ਕਰਕੇ ਭਾਰਤ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਇਸ ਤੋਂ ਇਲਾਵਾ

ਹਰਿਆਣੇ ਵਿਚ ਉਦਯੋਗਿਕ ਕ੍ਰਾਂਤੀ ਵੀ ਪੈਰ ਪਸਾਰ ਰਹੀ ਹੈ। ਹਰਿਆਣੇ ਦੇ ਵੱਖ-ਵੱਖ ਉਦਯੋਗਾਂ ਵਿਚ ਬਣਨ ਵਾਲੇ ਸਮਾਨ ਦੀ ਮੰਗ ਵਿਦੇਸ਼ਾਂ ਤੱਕ ਹੈ। ਕੱਪੜਾ ਉਦਯੋਗ, ਆਟੋਮੋਬਾਈਲ ਉਦਯੋਗ, ਖੇਤੀ ਆਧਾਰਿਤ ਉਦਯੋਗ ਅਤੇ ਬਾਇਓਟੇਕ ਉਦਯੋਗ ਇੱਥੋਂ ਦੇ ਪ੍ਰਮੁੱਖ ਉਦਯੋਗ ਹਨ। ਜਿਨ੍ਹਾਂ ਨੇ ਸੂਬੇ ਦੀ ਆਰਥਿਕਤਾ ਨੂੰ ਨਵੀਆਂ ਲੀਹਾਂ 'ਤੇ ਪਾਇਆ। ਹੁਣ ਹਰਿਆਣਾ ਦਿਨ-ਦੁਗਣੀ ਰਾਤ-ਚੌਗੁਣੀ ਤਰੱਕੀ ਕਰ ਰਿਹਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਇਕ ਵਿਕਾਸਸ਼ੀਲ ਸੂਬਾ ਹੋਣ ਕਾਰਨ ਭਾਰਤ ਦੇਸ਼ ਦੇ ਸਿਰਕੱਢ ਸੂਬਿਆਂ ਵਿਚ ਸ਼ਾਮਲ ਹੈ। ਜਿਵੇਂ ਇੱਥੋਂ ਦੀ ਸਭਿਆਚਾਰਕ ਵਿਰਾਸਤ ਭਾਰਤੀ ਸਭਿਅਤਾ ਵਿਚ ਵੱਖਰਤਾ ਰੱਖਦੀ ਹੈ। ਠੀਕ ਉਸੇ ਤਰ੍ਹਾਂ ਹੀ ਇੱਥੋਂ ਦੇ ਲੋਕ ਵੀ ਆਪਣੀ ਮਿਹਨਤ, ਇਮਾਨਦਾਰੀ, ਤਾਕਤ ਅਤੇ ਹੌਂਸਲੇ ਕਾਰਨ ਵੱਖਰੀ ਪਛਾਣ ਰੱਖਦੇ ਹਨ। ਹਰਿਆਣਾ ਦੇ ਵਸਨੀਕਾਂ ਵਿਚ ਆਪਸੀ ਮਿਲਵਰਤਨ ਅਤੇ ਆਪਸੀ ਪਿਆਰ ਦੀ ਜੋ ਸਾਂਝ ਹੈ ਉਹ ਇੱਥੋਂ ਦੇ ਸਭਿਆਚਾਰਕ ਅਤੇ ਸਮਾਜਿਕ ਗੌਰਵ ਦੀ ਹਾਮੀ ਭਰਦੀ ਹੈ।

ਪੀ.ਜੀ.ਟੀ. ਪੰਜਾਬੀ,
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,
ਭੂਸਥਲਾ, ਕੁਰੂਕਸ਼ੇਤਰ (ਹਰਿਆਣਾ)
89502-12235



## ਸੂਰਜਮੁਖੀਆਂ ਨੂੰ

ਪਰਮੋਦ ਪੱਬੀ

ਤਿੱਖੜ ਦੁਪਹਿਰੇ ਕਿਰਦੀ
ਕੱਚੀ ਫਿੱਕੀ ਧੁੱਪ
ਤੇ
ਸਹਿਮੀਆਂ ਹਵਾਵਾਂ ਦੀ ਹਵਾਲਾਤੇ
ਸਹਿਕਦੀ ਜ਼ਿੰਦਗੀ ਨੇ,
ਮਹਿਸੂਸਿਆ ਹੀ ਨਹੀਂ ਕਦੇ,
ਬੇਫਿਕਰ,
ਬੇਲਗਾਮ ਮੌਸਮਾਂ ਦਾ ਅਹਿਸਾਸ

ਸਲ੍ਹਾਭੀਆਂ ਰੌਣਕਾਂ,
ਊਣੇ ਜਜ਼ਬੇ,
ਬੌਣੇ ਚਾਅ,
ਗੁਲਾਬੀ ਰੁੱਤੇ ਤਰੌਂਕਦੇ ਰਹੇ
ਕੁਸੈਲੇ ਸਵਾਦ

ਵਾਵਰੋਲਿਆਂ ਮੌਕੇ
ਹੰਢਾਈ ਐ ਕਾਲੀ ਪੱਤਝੜ
ਜਿਨ੍ਹਾਂ ਆਪਣੇ ਪਿੰਡੇ
ਬੜੇ,
ਸਬਰਮੱਤੇ ਹੁੰਦੇ ਨੇ ਉਹਨਾਂ ਦੇ ਖੇੜੇ

ਚਾਨਣੀਆਂ ਚ ਨਿੰਮੇ,
ਬਹਾਰੀਂ ਪੁੰਗਰੇ,
ਕੋਸੇ ਦਿਨੀਂ ਪਲੇ,
ਸੂਰਜਮੁਖੀ
ਚਾਂਭਲ ਉੱਠਦੇ ਨੇ ਅਕਸਰ
ਬੇਗਾਨੀਆਂ ਸ਼ੈਹਾਂ ਤੇ


ਮਿੱਤਰੋ
ਬੇਦੋਸ਼ੇ ਖ਼ੂਨਾਂ ਨਾਲ ਸਿੰਜੀ ਬਸੰਤ
ਬੜੀ,
ਔਖੀ ਬਹੁੜੀ ਹੈ ਏਸ ਵੇਹੜੇ

ਵੇਖਿਓ , ਕਿਤੇ
ਨਜ਼ਰਾਂ ਨਾ ਲਵਾ ਲਿਓ

ਮ.ਨੰ. 39-40, ਬੱਬੇਆਲ ਰੋਡ,
ਅੰਬਾਲਾ ਕੈਂਟ (ਹਰਿਆਣਾ)-133001
70568-70719

# ਗੁਰੂ ਨਾਨਕ ਦੇਵ ਜੀ

ਪ੍ਰੋਫੈਸਰ ਸ਼ਾਮਲਾਲ ਕੌਸ਼ਲ



ਸਮੇਂ-ਸਮੇਂ 'ਤੇ ਪੀਰ, ਪੈਗ਼ੰਬਰ, ਅਵਤਾਰ ਆਦਿ ਇਸ ਧਰਤੀ 'ਤੇ ਆ ਕੇ ਲੋਕਾਂ ਨੂੰ ਝੂਠ, ਪਾਖੰਡ, ਅਡੰਬਰ, ਪਾਪਾਂ ਤੋਂ ਛੁਟਕਾਰਾ ਦਿਵਾਉਣ ਵਾਸਤੇ ਪ੍ਰਗਟ ਹੁੰਦੇ ਰਹੇ ਹਨ ਅਤੇ ਲੋਕਾਂ ਨੂੰ ਸੱਚ ਦੇ ਮਾਰਗ 'ਤੇ ਚਲਾ ਕੇ ਪਰਲੋਕ ਸਿਧਾਰ ਗਏ। ਇਨ੍ਹਾਂ ਮਹਾਂਪੁਰਸ਼ਾਂ ਵਿੱਚੋਂ ਇੱਕ ਮਹਾਂ-ਪੁਰਸ਼ ਗੁਰੂ ਨਾਨਕ ਦੇਵ ਜੀ ਹੋਏ ਹਨ। ਉਹ ਸਿੱਖ ਧਰਮ ਦੇ ਸੰਸਥਾਪਕ ਸਨ ਅਤੇ ਉਨ੍ਹਾਂ ਨੇ ਅਜਿਹੇ ਵੇਲੇ ਧਰਤੀ 'ਤੇ ਅਵਤਾਰ ਲਿਆ ਜਦੋਂ ਕਿ ਇਨਸਾਨ ਜਾਦੂ, ਟੂਣੇ, ਅੰਧ ਵਿਸ਼ਵਾਸ, ਮੂਰਤੀ ਪੂਜਾ ਅਤੇ ਮੁਗ਼ਲ ਹਕੂਮਤ ਦੇ ਜ਼ੁਲਮਾਂ ਤੋਂ ਦੁਖੀ ਹੋ ਰਿਹਾ ਸੀ। ਲੋਕਾਂ ਵਿਚ ਨਿਰਾਸ਼ਾ ਅਤੇ ਅਨਿਸ਼ਚਿਤਤਾ ਛਾਈ ਹੋਈ ਸੀ। ਲੋਕਾਂ ਨੂੰ ਕੁਝ ਸੁੱਝਦਾ ਵੀ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ, 1469 ਵਿਚ ਪਾਕਿਸਤਾਨ ਦੇ ਤਲਵੰਡੀ ਵਿੱਚ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਘਰ ਵਿਚ ਹੋਇਆ ਸੀ ,ਉਨ੍ਹਾਂ ਦੇ ਪਿਤਾ ਕਿਸਾਨੀ ਕਰਦੇ ਸਨ। ਜਦੋਂ ਗੁਰੂ ਨਾਨਕ ਦੇਵ ਜੀ ਪੈਦਾ ਹੋਏ ਤਾਂ ਉਨ੍ਹਾਂ ਦੇ ਨਿੱਕੇ ਨਿੱਕੇ ਚਮਤਕਾਰੀ ਪੈਰ ਦੇਖ ਕੇ ਪੰਡਤ ਜੀ ਨੇ ਕਿਹਾ ਸੀ... ਤੁਹਾਡੇ ਘਰ ਤਾਂ ਰੱਬ ਨੇ ਖ਼ੁਦ ਹੀ ਅਵਤਾਰ ਲਿਆ ਹੈ। ਤੁਸੀਂ ਬਹੁਤ ਕਿਸਮਤ ਵਾਲੇ ਹੋ....! ਜਦੋਂ ਮਹਿਤਾ ਕਾਲੂ ਨੇ ਇਸ ਬੱਚੇ ਦੇ ਨਾਮਕਰਨ ਦੀ ਗਲ ਪੰਡਤ ਜੀ ਨੂੰ ਕਹੀ, ਤਾਂ ਪੰਡਤ ਜੀ ਨੇ ਕਿਹਾ ਕਿ ਉਹ 13 ਦਿਨ ਦੇ ਬਾਅਦ ਸੋਚ-ਸਮਝ ਕੇ ਦੱਸਣਗੇ ਅਤੇ 13 ਦਿਨ ਗੁਜ਼ਰਨ ਤੋਂ ਬਾਅਦ ਪੰਡਿਤ ਜੀ ਨੇ ਕਿਹਾ... ਇਸ ਹੋਣਹਾਰ ਬੱਚੇ ਦਾ ਨਾਂ ਹੋਵੇਗਾ.... ਨਾਨਕ...। ਮਹਿਤਾ ਕਾਲੂ ਨੇ ਸੁਣ ਕੇ ਕਿਹਾ... ਇਹ ਕਿਹੋ ਜਿਹਾ ਨਾਂ ਹੈ, ਨਾ ਇਹ ਹਿੰਦੂਆਂ ਵਾਲਾ ਹੈ ਅਤੇ ਨਾ ਹੀ ਮੁਸਲਮਾਨਾ ਵਾਲਾ ਹੈਂ....। ਤਾਂ ਪੰਡਤ ਜੀ ਨੇ ਕਿਹਾ... ਨਾਨਕ ਦੀ ਆਗਿਆ ਦੇਵੀ ਦੇਵਤਾ, ਹਿੰਦੂ, ਮੁਸਲਮਾਨ ਆਦਿ ਸਭ ਮੰਨਣਗੇ। ਇਹ ਤਾਂ ਜੱਗ ਨੂੰ ਤਾਰਨ ਦਾ ਕੰਮ ਕਰਨਗੇ। ਗੁਰੂ ਨਾਨਕ ਵਿਚ ਅਲੌਕਿਕ ਵਿਸ਼ੇਸ਼ਤਾਵਾਂ ਦੇਖ ਕੇ ਪੰਡਿਤ ਜੀ ਨੇ ਬਾਲਕ ਗੁਰੂ ਨਾਨਕ ਦੇਵ ਜੀ ਦੇ ਪੈਰਾਂ ਨੂੰ ਚੁੰਮ ਲਿਆ। ਏਥੇ ਇਹ ਦੱਸਣਾ ਵਿਅਰਥ ਨਹੀਂ ਹੋਵੇਗਾ ਕਿ ਸਤਿਯੁਗ ਵਿੱਚ ਨਾਨਕ ਦੇਵ ਜੀ ਅੰਬਰੀਸ਼, ਤ੍ਰੇਤਾ ਯੁੱਗ ਵਿਚ ਰਾਜਾ ਜਨਕ ਅਤੇ ਕਲਯੁਗ ਵਿੱਚ ਗੁਰੂ ਨਾਨਕ ਦੇਵ ਬਣ ਕੇ ਇਸ ਧਰਤੀ 'ਤੇ ਮਾਨਵਤਾ ਦਾ ਭਲਾ ਅਤੇ ਪ੍ਰਲੋਕ ਸੁਧਾਰਨ ਵਾਸਤੇ ਆਏ ਅਤੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਦੀ ਕੋਸ਼ਿਸ਼ ਕੀਤੀ। ਇਹਨਾਂ ਨੂੰ ਗੁਰੂ ਨਾਨਕ ਦੇਵ, ਨਾਨਕ ਸ਼ਾਹ, ਬਾਬਾ ਨਾਨਕ ਆਦਿ ਨਾਵਾਂ ਨਾਲ ਨਤਮਸਤਕ ਹੋ ਕੇ ਯਾਦ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਮਨ ਬਚਪਨ ਤੋਂ ਹੀ ਦੁਨਿਆਵੀ ਕੰਮਾਂ ਵਿੱਚ ਨਹੀਂ ਸੀ ਲਗਦਾ ਅਤੇ ਉਹਨਾਂ ਦਾ ਖਿਚਾਅ ਅਧਿਆਤਮ ਵੱਲ ਸੀ। ਉਹਨਾਂ ਨੇ 11 ਸਾਲ ਦੀ ਉਮਰ ਵਿਚ ਜਨੇਊ ਧਾਰਨ ਕਰਨ ਤੋਂ ਮਨਾ ਕਰ ਦਿੱਤਾ ਸੀ। ਉਹਨਾਂ ਨੇ ਅਧਿਆਤਮ ਦੀ ਰਾਹ ਚੁਣੀ। ਉਹਨਾਂ ਦਾ ਵਿਆਹ 16 ਸਾਲ ਦੀ ਉਮਰ ਵਿਚ ਬੀਬੀ ਸੁਲੱਖਣੀ ਨਾਲ ਹੋ ਗਿਆ ਅਤੇ ਬਾਅਦ ਵਿਚ ਉਨ੍ਹਾਂ ਦੇ 2 ਪੁੱਤਰ ਸ੍ਰੀ ਚੰਦ ਅਤੇ ਲਖਮੀ ਚੰਦ ਹੋਏ। ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਕੁਝ ਪੈਸੇ ਦੇ ਕੇ ਚੰਗਾ ਜਿਹਾ ਵਪਾਰ ਦਾ ਸੌਦਾ ਕਰਨ ਵਾਸਤੇ ਕਿਹਾ। ਗੁਰੂ ਨਾਨਕ ਦੇਵ ਜੀ ਜਦੋਂ ਇਹ ਪੈਸੇ ਲੈ ਕੇ ਘਰ ਤੋਂ ਬਾਹਰ ਜਾ ਰਹੇ ਸਨ ਤਾਂ ਉਨ੍ਹਾਂ ਨੇ ਕੁਝ ਭੁੱਖੇ ਸਾਧੂ ਸੰਤਾਂ ਨੂੰ ਦੇਖਿਆ ਅਤੇ ਸਾਰੇ ਪੈਸੇ ਉਹਨਾਂ ਦੀ ਸੇਵਾ ਵਿੱਚ ਲਗਾ ਦਿੱਤੇ ਅਤੇ ਘਰ ਆ ਕੇ ਆਪਣੇ ਪਿਤਾ ਜੀ ਨੂੰ ਸਾਰੀ ਗੱਲ ਸੁਣਾ ਕੇ ਕਿਹਾ....ਮੈਂ ਸੱਚਾ ਸੌਦਾ ਕਰ ਆਇਆ ਹਾਂ।

ਗੁਰੂ ਨਾਨਕ ਦੇਵ ਜੀ ਦੀ ਇਕ ਵੱਡੀ ਭੈਣ ਵੀ ਸੀ, ਜਿਸ ਦਾ ਨਾਂ ਸੀ ਨਾਨਕੀ। ਉਹ ਗੁਰੂ ਨਾਨਕ ਦੇਵ ਦੀ ਸ਼ਖ਼ਸ਼ੀਅਤ ਤੋਂ ਜਾਣੂ ਸੀ। ਉਸ ਦਾ ਵਿਆਹ ਭਾਈ ਜੈ ਰਾਮ ਨਾਲ ਹੋਇਆ ਹੋਇਆ ਸੀ। ਉਹਨਾਂ ਦੀ ਕੋਈ ਔਲਾਦ ਨਹੀਂ ਸੀ। ਇਸ ਕਰਕੇ ਉਹਨਾਂ ਦਾ ਨਾਨਕ ਦੇਵ ਨਾਲ ਬਹੁਤ ਲਗਾਅ ਸੀ। ਭਾਈ ਜੈ ਰਾਮ ਨੇ ਨਾਨਕ ਦੇਵ ਨੂੰ ਦੌਲਤ ਖ਼ਾਨ ਲੋਧੀ ਦੇ ਮੋਦੀਖ਼ਾਨੇ ਵਿੱਚ ਮੁਨਸ਼ੀ ਦੇ ਕੰਮ 'ਤੇ ਲਗਵਾਇਆ। ਉੱਥੇ ਨਾਨਕ ਦੇਵ ਨੇ ਲੋਕਾਂ ਨੂੰ ਬਿਨਾਂ ਹਿਸਾਬ ਕਿਤਾਬ ਦੇ ਵਸਤਾਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਲੋਕਾਂ ਨੇ ਦੌਲਤ ਖ਼ਾਨ ਨੂੰ ਇਹ ਕਹਿ ਕੇ ਸ਼ਿਕਾਇਤ ਕੀਤੀ ਕਿ ਉਹ ਤਾਂ ਉਸ ਦੀ ਦੁਕਾਨ ਨੂੰ ਉਜਾੜਨ 'ਤੇ ਲੱਗੇ ਹੋਏ ਹਨ। ਜਦੋਂ ਦੌਲਤ-ਖ਼ਾਂ ਨੇ ਹਿਸਾਬ ਕਿਤਾਬ ਦੀ ਪੜਤਾਲ ਕਰਵਾਈ ਤਾਂ ਕੰਮ ਧੰਦੇ ਵਿਚ ਲਾਭ ਹੀ ਮਿਲਿਆ, ਨੁਕਸਾਨ ਦੀ ਕੋਈ ਗੱਲ ਦੇਖਣ ਵਿਚ ਨਹੀਂ ਮਿਲੀ। ਇਹ ਸਾਰਾ ਕੁਝ ਨਾਨਕ ਦੇਵ ਦੀਆ ਅਲੌਕਿਕ ਸ਼ਕਤੀਆਂ ਦਾ ਹੀ ਅਸਰ ਸੀ। ਇਕ ਵਾਰ ਨਾਨਕ ਦੇਵ ਜੀ ਨਦੀ ਵਿੱਚ ਇਸ਼ਨਾਨ ਕਰਨ ਵਾਸਤੇ ਗਏ ਅਤੇ ਪਾਣੀ ਵਿੱਚ ਟੁੱਭੀ ਮਾਰੀ ਅਤੇ ਫੇਰ ਪਾਣੀ ਤੋਂ ਬਾਹਰ ਨਹੀਂ ਆਏ। ਜਦੋਂ ਕਾਫ਼ੀ ਦੇਰ ਤੱਕ ਨਾਨਕ ਦੇਵ ਨਦੀ ਵਿੱਚੋਂ ਬਾਹਰ ਨਹੀਂ ਨਿਕਲੇ ਤਾਂ ਇਹ ਨਤੀਜਾ ਕੱਢਿਆ ਗਿਆ ਕਿ ਨਾਨਕ ਦੇਵ ਜੀ ਪ੍ਰਲੋਕ ਸਿਧਾਰ ਗਏ ਹਨ। ਜਦੋਂ ਇਹ ਗੱਲ ਨਾਨਕੀ ਨੂੰ ਪਤਾ ਚੱਲੀ ਉਸਨੂੰ ਕੋਈ ਅਸਚਰਜ ਨਹੀਂ ਹੋਇਆ

ਕਿਉਂਕਿ ਉਹ ਜਾਣਦੀ ਸੀ ਕਿ ਉਨ੍ਹਾਂ ਦੇ ਵੀਰ ਵਿਚ ਰੱਬੀ ਸ਼ਕਤੀਆਂ ਸਨ ਅਤੇ ਉਹ ਇਸ ਤਰ੍ਹਾਂ ਜੋਤੀ ਜੋਤਿ ਨਹੀਂ ਸਮਾ ਸਕਦੇ। ਅਤੇ ਕੁਝ ਦਿਨਾਂ ਬਾਅਦ ਨਾਨਕ ਦੇਵ ਜੀ ਸਹੀ ਸਲਾਮਤ ਆਪਣੇ ਘਰ ਪਰਤ ਆਏ। ਇਹ ਸਭ ਦੇਖ ਕੇ ਸਾਰੇ ਲੋਕਾਂ ਨੂੰ ਅਚਰਜ ਵਾਲੀ ਖ਼ੁਸ਼ੀ ਹੋਈ।

ਗੁਰੂ ਨਾਨਕ ਦੇਵ ਨੇ ਸਮਾਜਿਕ ਕੁਰੀਤੀਆਂ, ਅੰਧ ਵਿਸ਼ਵਾਸ, ਮੂਰਤੀ ਪੂਜਾ ਆਦਿ ਦਾ ਵਿਰੋਧ ਕੀਤਾ। ਉਹਨਾਂ ਨੇ ਦੁਨੀਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਘਰ ਬਾਰ ਵਸਾ ਕੇ ਅਤੇ ਬਿਨਾਂ ਸੰਨਿਆਸ ਲਏ ਵੀ ਅਧਿਆਤਮ ਦਾ ਰਸਤਾ ਅਪਨਾਇਆ ਜਾ ਸਕਦਾ ਹੈ। ਉਹਨਾਂ ਨੇ ਸਮਾਨਤਾ, ਭਾਈਚਾਰਾ ਅਤੇ ਆਪਸ ਵਿੱਚ ਪ੍ਰੇਮ ਦਾ ਪਾਠ ਲੋਕਾਂ ਨੂੰ ਪੜ੍ਹਾਇਆ। ਉਹ ਸਭ ਲੋਕਾਂ ਨੂੰ ਇੱਕ ਸਮਾਨ ਸਮਝਦੇ ਸਨ ਅਤੇ ਜਾਤ-ਪਾਤ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ। ਉਹਨਾਂ ਨੇ 30 ਸਾਲ ਤੱਕ ਭਾਰਤ , ਤਿੱਬਤ ਅਤੇ ਅਰਬ ਦੇਸ਼ਾਂ ਵਿੱਚ ਧਰਮ ਪ੍ਰਚਾਰ ਵਾਸਤੇ ਯਾਤਰਾ ਕੀਤੀ ਜਿਸ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਹਨਾਂ ਧਾਰਮਿਕ ਯਾਤਰਾਵਾਂ ਵਿਚ ਉਹਨਾਂ ਦੇ ਨਾਲ ਭਾਈ ਮਰਦਾਨਾ, ਬਾਲਾ, ਲਹਿਣਾ ਅਤੇ ਰਾਮਦਾਸ ਸਨ। ਜਿੱਥੇ ਵੀ ਗੁਰੂ ਨਾਨਕ ਦੇਵ ਜੀ ਦਾ ਦਿਲ ਕਰਦਾ ਉੱਥੇ ਹੀ ਉਹ ਪਰਮਾਤਮਾ ਦਾ ਭਜਨ ਕਰਨ ਵਾਸਤੇ ਬੈਠ ਜਾਂਦੇ ਅਤੇ ਮਰਦਾਨੇ ਨੂੰ ਕਹਿੰਦੇ.. ਮਰਦਾਨਿਆਂ, ਰਬਾਬ ਵਜਾ... ਅਤੇ ਫੇਰ ਰੱਬ ਦੇ ਨਾਮ ਨੂੰ ਜਪਣਾ ਸ਼ੁਰੂ ਕਰ ਦਿੰਦੇ। ਬਹੁਤ ਵਾਰ ਆਸ ਪਾਸ ਗੁਜ਼ਰਨ ਵਾਲੇ ਲੋਕ ਗੁਰੂ ਨਾਨਕ ਦੇਵ ਜੀ ਮਿੱਠੀ ਅਤੇ ਪ੍ਰਭਾਵਸ਼ਾਲੀ ਬਾਣੀ ਨੂੰ ਸੁਣ ਕੇ ਉੱਥੇ ਸਤਿਸੰਗ ਵਿਚ ਬੈਠ ਜਾਂਦੇ ਅਤੇ ਅਨੰਦ ਮਾਣਦੇ। ਗੁਰੂ ਨਾਨਕ ਦੇਵ ਨੇ ਲਗਭਗ 974 ਭਜਨ ਗਾਏ। ਇਕ ਵਾਰ ਨਾਨਕ ਦੇਵ ਜੀ ਮੱਕਾ ਗਏ ਅਤੇ ਇਕ ਥਾਂ 'ਤੇ ਲੇਟ ਗਏ। ਇਤਨੇ ਵਿਚ ਇਕ ਮੌਲਵੀ ਭੱਜਦਾ ਹੋਇਆ ਆਇਆ ਅਤੇ ਨਾਰਾਜ਼ ਹੋ ਕੇ ਕਹਿਣ ਲੱਗਿਆ.. ਤੁਸੀਂ ਮੱਕੇ ਦੀ ਮਸੀਤ ਵੱਲ ਪੈਰ ਕਰਕੇ ਕਿਉਂ ਸੌਂ ਗਏ ਹੋ? ਇਹ ਕਹਿ ਕੇ ਉਸ ਮੌਲਵੀ ਨੇ ਨਾਨਕ ਦੇਵ ਜੀ ਦੀਆਂ ਲੱਤਾਂ ਚੁੱਕ ਕੇ ਦੂਜੇ ਪਾਸੇ ਕੀਤੀਆਂ ਅਤੇ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਸ ਨੇ ਦੇਖਿਆ ਕਿ ਮੱਕੇ ਦੀ ਮਸੀਤ ਤਾਂ ਉੱਧਰ ਚਲੀ ਗਈ ਹੈ ਜਿਸ ਪਾਸੇ ਗੁਰੂ ਨਾਨਕ ਦੇਵ ਜੀ ਦੀਆਂ ਲੱਤਾਂ ਸਨ। ਇਹ ਸਭ ਦੇਖ ਕੇ ਗੁਰੂ ਨਾਨਕ ਦੇਵ ਜੀ ਨੇ ਮੌਲਵੀ ਨੂੰ ਸਮਝਾਇਆ.. ਰੱਬ ਤਾਂ ਸਾਰੀਆਂ ਦਿਸ਼ਾਵਾਂ ਵੱਲ ਹੈ। ਇਹ ਸਾਡੀ ਨਜ਼ਰ ਦਾ ਫ਼ਰਕ ਹੈ ਜੋ ਅਸੀਂ ਉਸ ਨੂੰ ਇਕ ਖ਼ਾਸ ਦਿਸ਼ਾ ਵੱਲ ਹੀ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਇਹ ਸਭ ਕੁਝ ਦੇਖ ਅਤੇ ਸੁਣ ਕੇ ਮੌਲਵੀ ਗੁਰੂ ਨਾਨਕ ਦੇਵ ਜੀ ਅੱਗੇ ਨਤਮਸਤਕ ਹੋ ਗਿਆ।

ਕਈ ਲੋਕ ਗੁਰੂ ਨਾਨਕ ਦੇਵ ਜੀ ਦੇ ਧਰਮ ਪ੍ਰਚਾਰ ਦੇ ਖ਼ਿਲਾਫ਼ ਸਨ। ਜਦੋਂ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਲਿਆ ਤਾਂ ਭਾਰਤ ਵਿਚ ਮੁਗ਼ਲ ਬਾਦਸ਼ਾਹ, ਬਾਬਰ ਦਾ ਰਾਜ ਸੀ ਜੋ ਇਸਲਾਮ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਬਾਬਰ ਦੇ ਸਿਪਾਹੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਧਰਮ ਪ੍ਰਚਾਰ ਕਰਦੇ ਹੋਏ ਦੇਖਿਆ ਤਾਂ ਉਹ ਉਨ੍ਹਾਂ ਨੂੰ ਫੜ ਕੇ ਜੇਲ੍ਹ ਵਿਚ ਲੈ ਗਏ। ਜਦੋਂ ਜੇਲ੍ਹ ਵਿਚ ਹੋਰ ਕੈਦੀਆਂ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਉਹ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਪੈਰਾਂ 'ਤੇ ਡਿੱਗ ਪਏ। ਇਹ ਗੱਲ ਬਾਬਰ ਤੱਕ ਵੀ ਪਹੁੰਚੀ। ਬਾਬਰ ਖ਼ੁਦ ਗੁਰੂ ਨਾਨਕ ਦੇਵ ਜੀ ਨੂੰ ਦੇਖਣ ਵਾਸਤੇ ਜੇਲ੍ਹ ਵਿੱਚ ਆਇਆ। ਉਹ ਵੀ ਉਨ੍ਹਾਂ ਦੇ ਅਲੌਕਿਕ ਪ੍ਰਤਾਪ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਤੁਰੰਤ ਮਾਫ਼ੀ ਮੰਗਦੇ ਹੋਏ, ਗੁਰੂ ਨਾਨਕ ਦੇਵ ਜੀ ਨੂੰ ਬਾਇੱਜ਼ਤ ਜੇਲ੍ਹ ਤੋਂ ਰਿਹਾਅ ਕਰਨ ਦੇ ਹੁਕਮ ਜ਼ਾਰੀ ਕੀਤੇ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਦੇਸ਼ ਵਿੱਚ ਕਿਹਾ ਹੈ, ਈਸ਼ਵਰ ਇਕ ਹੈ, ਇੱਕੋ ਹੀ ਈਸ਼ਵਰ ਦੀ ਉਪਾਸਨਾ ਕਰਨੀ ਚਾਹੀਦੀ ਹੈ, ਪਰਮਾਤਮਾ ਸਭ ਜੀਆਂ ਵਿੱਚ ਵੱਸਦਾ ਹੈ, ਪਰਮਾਤਮਾ ਦੀ ਭਗਤੀ ਕਰਨ ਵਾਲੇ ਨੂੰ ਕਿਸੇ ਦਾ ਵੀ ਡਰ ਨਹੀਂ ਹੁੰਦਾ, ਬੁਰਾ ਕੰਮ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਕਿਸੇ ਨੂੰ ਸਤਾਉਣਾ ਚਾਹੀਦਾ ਹੈ, ਸਦਾ ਖ਼ੁਸ਼ ਰਹੋ ਅਤੇ ਦੂਜਿਆਂ ਦੀਆਂ ਗ਼ਲਤੀਆਂ ਨੂੰ ਖਿਮਾ ਕਰ ਦਿਓ, ਆਪਣੀਆਂ ਗ਼ਲਤੀਆਂ ਵਾਸਤੇ ਰੱਬ ਤੋਂ ਖਿਮਾ ਮੰਗੋ, ਦੂਜਿਆਂ ਦੀ ਜਿੱਥੋਂ ਤੱਕ ਹੋ ਸਕੇ ਸਹਾਇਤਾ ਕਰੋ, ਔਰਤਾਂ ਅਤੇ ਆਦਮੀ ਸਭ ਬਰਾਬਰ ਹਨ, ਜਾਤ-ਪਾਤ ਦਾ ਭੇਦ ਭਾਵ ਗ਼ਲਤ ਹੈ, ਲਾਲਚ ਵਿਚ ਆ ਕੇ ਕੁਝ ਵੀ ਇਕੱਠਾ ਨਾ ਕਰੋ। ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦਾ ਮੂਲ ਮੰਤਰ ਸਨ.. ਨਾਮ ਜਪੋ, ਸਿਮਰਨ ਕਰੋ, ਕਿਰਤ ਕਰੋ, ਵੰਡ ਕੇ ਛਕੋ..। ਗੁਰੂ ਨਾਨਕ ਦੇਵ ਜੀ ਨੇ ਇਨਸਾਨੀਅਤ ਦਾ ਪਾਠ ਪੜ੍ਹਾਇਆ ਅਤੇ ਸਭ ਕਿਸਮ ਦੇ ਭੇਦਭਾਵ, ਪਖੰਡ, ਮੂਰਤੀ ਪੂਜਾ, ਅਡੰਬਰ ਆਦਿ ਦਾ ਵਿਰੋਧ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸਾਰੇ ਧਰਮ ਇੱਕੋ ਪ੍ਰਮਾਤਮਾ ਵੱਲ ਜਾਣ ਦੇ ਅਲੱਗ-ਅਲੱਗ ਰਸਤੇ ਹਨ। ਜਦੋਂ ਗੁਰੂ ਨਾਨਕ ਦੇਵ ਨੇ ਇਸ ਧਰਤੀ 'ਤੇ ਲਿਆ ਤਾਂ ਕਿਹਾ ਗਿਆ.... ਧੁੰਦ ਮਿੱਟੀ, ਜੱਗ ਚਾਨਣ ਹੋਇਆ.....। ਉਹਨਾਂ ਦੇ ਜਨਮ ਦਿਨ ਨੂੰ ਪ੍ਰਕਾਸ਼ ਦਿਵਸ ਦੇ ਤੌਰ 'ਤੇ ਵੀ ਮਨਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਬਾਕੀ ਦੇ ਸਾਲ ਪਾਕਿਸਤਾਨ ਦੇ ਕਰਤਾਰਪੁਰ ਵਿੱਚ ਖੇਤੀਬਾੜੀ ਕਰਕੇ ਗੁਜ਼ਾਰੇ। ਇਹ ਕਿਹਾ ਜਾਂਦਾ ਹੈ ਕਿ ਇਤਨੇ ਤਾਂ ਆਕਾਸ਼ ਮੰਡਲ ਵਿਚ ਤਾਰੇ ਨਹੀਂ ਹਨ, ਜਿੰਨੇ ਬੰਦੇ ਗੁਰੂ ਨਾਨਕ ਦੇਵ ਜੀ ਨੇ ਇਸ ਭਵ-ਸਾਗਰ ਵਿਚ ਤਾਰੇ ਹਨ। ਗੁਰੂ ਨਾਨਕ ਦੇਵ ਜੀ ਸਿੱਖ ਪੰਥ ਦੇ

ਸੰਸਥਾਪਕ ਸਨ ਅਤੇ ਬਾਕੀ ਦੇ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੀ ਮੰਨੇ ਜਾਂਦੇ ਹਨ। ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਗੁਰੂ ਨਾਨਕ ਦੇਵ ਜੀ ਦੇ ਚੇਲੇ ਸਨ ਅਤੇ ਉਹਨਾਂ ਵਿੱਚ ਸ਼ਰਧਾ ਰੱਖਦੇ ਸਨ। ਗੁਰੂ ਨਾਨਕ ਦੇਵ ਜੀ ਨੇ.... ਜਪੁਜੀ ਸਾਹਿਬ... ਦੀ ਰਚਨਾ ਕੀਤੀ ਜੋ ਕਿ ਸਿੱਖ ਮੱਤ ਦੀ ਆਧਾਰਸ਼ਿਲਾ ਹੈ। ਸਿੱਖ ਸੰਗਤਾਂ ਬੜੀ ਸ਼ਰਧਾ ਨਾਲ ਇਸ ਦਾ ਜਾਪ ਕਰਦੀਆਂ ਹਨ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਨੇ ਭਾਈ ਲਹਿਣਾ ਨੂੰ ਆਪਣਾ ਉੱਤਰਾਧਿਕਾਰੀ ਬਣਾ ਕੇ ਗੁਰੂ ਗੱਦੀ ਸੌਂਪ ਦਿੱਤੀ। ਬਾਅਦ ਵਿੱਚ ਭਾਈ ਲਹਿਣਾ ਨੂੰ ਗੁਰੂ ਅੰਗਦ ਦੇਵ ਜੀ ਕਿਹਾ ਜਾਣ ਲੱਗਿਆ।। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਅਰਥਾਤ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਜਿਸ ਨੂੰ ਅੱਜ ਕੱਲ੍ਹ ਖਡੂਰ ਸਾਹਿਬ ਵੀ ਕਿਹਾ ਜਾਂਦਾ ਹੈ, ਪੰਜਾਬ ਵਿਚ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਕਿਹਾ। ਭਾਈ ਲਹਿਣਾ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਮਿਲਣ 'ਤੇ ਉਨ੍ਹਾਂ ਦੇ ਦੋਵੇਂ ਪੁੱਤਰ ਸ੍ਰੀ ਚੰਦ ਅਤੇ ਲਖਮੀ ਚੰਦ ਨਾਰਾਜ਼ ਤਾਂ ਸਨ ਪਰ ਬਾਅਦ ਵਿਚ ਉਨ੍ਹਾਂ ਦੀ ਨਰਾਜ਼ਗੀ ਦੂਰ ਹੋ ਗਈ। ਕਿਉਂਕਿ ਗੁਰੂ ਨਾਨਕ ਦੇਵ ਨੇ ਸਭ ਲੋਕਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਦੁਖੀ ਹੀ ਦੇਖਿਆ, ਇਸੇ ਕਰਕੇ ਕਿਹਾ ਜਾਂਦਾ ਹੈ, ਦੁਖਿਆ ਨਾਨਕ ਸਭ ਸੰਸਾਰ, ਸੋ ਸੁਖੀਆ ਜੋ ਨਾਮ ਆਧਾਰ..,। ਜਦ ਤਕ ਇਹ ਦੁਨੀਆ ਕਾਇਮ ਹੈ ਉਦੋਂ ਤੱਕ ਗੁਰੂ ਨਾਨਕ ਦੇਵ ਜੀ ਦਾ ਨਾਂ ਅਤੇ ਉਪਦੇਸ਼ ਇਨਸਾਨਾਂ ਦਾ ਮਾਰਗ ਦਰਸ਼ਨ ਕਰਦਾ ਰਹੇਗਾ।

#975-ਬੀ/20, ਗ੍ਰੀਨ ਰੋਡ, ਰੋਹਤਕ,
(ਹਰਿਆਣਾ)-124001
94163-59045



## ਕਵਿਤਾ

ਗੁਰਪ੍ਰੀਤ ਕੌਰ

ਮੋਹ ਹੀ ਤਾਂ ਛੱਡਣਾ ਹੁੰਦਾ
ਹੋਰ ਦੂਰ ਹੋਣਾ ਕੀ ਹੁੰਦਾ ?
ਬੇਕਦਰੀ ਦੀ ਜੂਨ
ਕਦੋਂ ਤੱਕ ਇੰਝ ਰਹਿਣੀ ਸੀ
ਕਦੇ ਨਾ ਕਦੇ ਤਾਂ
ਪੂਰੀ ਹੋਣੀ ਈ ਸੀ
ਲੀਜ਼ ਰਿਸ਼ਤਿਆਂ ਦੀ
ਮਤਲਬ ਤੋਂ ਮਤਲਬ ਦੀ
ਕੱਚੀ ਨੀਂਹ
ਆਖਿਰ ...
ਕਿਵੇਂ ਝੱਲ ਲੈਂਦੀ
ਕੋਰੇ ਤੇ ਸੱਚੇ-ਸੁੱਚੇ
ਸੁਪਨਿਆਂ ਦਾ ਭਾਰ
ਬਾਜ਼ਾਰ ਦੀ ਦੌੜ ਵਿਚ
ਬੱਦੋ-ਬਦੀ ਵਿੱਕ ਰਹੇ
ਭੇਖੀ ਕਿਰਦਾਰ
ਬਣ ਗਏ
ਉਸ ਦੌੜ ਦਾ ਹਿੱਸਾ
ਜਿੱਥੇ ਲਾਲਸਾਵਾਂ
ਕਦੇ ਰੁੱਕਣ ਨਹੀਂ ਦਿੰਦਿਆਂ
ਦਿਨ ਨੂੰ ਰਾਤ
ਰਾਤ ਨੂੰ ਦਿਨ ਕਹਿੰਦੇ
ਭੱਜ ਰਹੇ ਹਾਂ
ਨਿਚੋੜ ਰਹੇ ਹਾਂ
ਜ਼ਿੰਦਗੀ 'ਚੋਂ
ਸੁਹਜ ਦੀ ਉਹ
ਅਖੀਰਲੀ ਬੂੰਦ
ਜੋ ਆਸ ਦੀ ਸੂਚਕ ਹੈ
ਖੋਖਰ ਬਣੇ
ਹੌਲੀ-ਹੌਲੀ
ਬੀਤ ਰਹੇ ਹਾਂ
ਕਿ ਅਸੀਂ ਹੁਣ
ਜ਼ਿੰਦਗੀ ਨੂੰ
ਜੀਅ ਨਹੀਂ ਰਹੇ
ਸਗੋਂ ਲੰਘਾ ਰਹੇ ਹਾਂ
ਰੰਗਮੰਚ ਤੇ
ਇੱਕੋ ਪਲ ਵਿਚ
ਵੱਖੋ-ਵੱਖਰੇ
ਕਿਰਦਾਰ ਨਿਭਾ ਰਹੇ ਹਾਂ

#8780/5 ਰੇਲਵੇ ਰੋਡ, ਫਾਟਕ ਵਾਲੀ ਗਲੀ
ਅੰਬਾਲਾ ਸ਼ਹਿਰ (ਹਰਿਆਣਾ)- 134003
94678-12870

# ਗੁਰੂ ਨਾਨਕ ਬਾਣੀ ਦੇ ਸਰੋਕਾਰ: 'ਕਾਲ' ਤੋਂ 'ਅਕਾਲ' ਦੀ ਯਾਤਰਾ

ਡਾ. ਬਲਵਿੰਦਰ ਸਿੰਘ ਥਿੰਦ



ਬਾਣੀ ਸੰਸਾਰ ਵਿਚਲੇ ਪ੍ਰਵਚਨਾਂ ਦਾ ਮੂਲ ਝਰੋਖਾ ਨਾਨਕ ਬਾਣੀ ਹੈ। ਨਾਨਕ ਬਾਣੀ ਦਾ ਕੇਂਦਰੀ ਭਾਵ 'ਮੂਲ ਮੰਤਰ' ਵਿਚ ਹੈ। 'ਮੂਲ ਮੰਤਰ' ਵਿਚ 'ਬ੍ਰਹਮ' ਦੇ ਨਿਰਗੁਣ ਸਰੂਪ ਦੀਆਂ ਜੋ ਵਡਿਆਈਆਂ ਹਨ, ਉਨ੍ਹਾਂ ਦਾ ਪਾਸਾਰ ਹੀ ਨਾਨਕ ਬਾਣੀ ਦੇ ਆਰ-ਪਾਰ ਫੈਲਿਆ ਹੈ। ਜਿਹੜੇ ਸੰਦੇਸ਼ ਨਾਨਕ ਬਾਣੀ ਦਾ ਰਚਨਾਤਮਕ ਵਿਸਥਾਰ ਬਣੇ ਹਨ, ਉਨ੍ਹਾਂ ਸੰਦੇਸ਼ਾਂ ਨੂੰ ਹੀ ਬਾਕੀ ਗੁਰੂ ਸਾਹਿਬਾਨ ਨੇ ਰੱਬੀ ਸੁਰਤਿ ਅਤੇ ਆਲੋਚਕ ਗਿਆਨ ਰਾਹੀਂ ਵਿਸਥਾਰ ਦਿੱਤਾ ਹੈ। ਨਾਨਕ ਬਾਣੀ ਵਿਚਲੇ ਸੰਦੇਸ਼ਾਂ/ਵਿਚਾਰਾਂ/ਸਰੋਕਾਰਾਂ ਦੇ ਸੰਗ੍ਰਹਿਤ ਪ੍ਰਵਾਹ ਦਾ ਕਿਰਿਆਤਮਕ ਸਰੂਪ 'ਗੁਰਮਤਿ ਵਿਚਾਰਧਾਰਾ' ਹੈ। ਗੁਰਮਤਿ ਵਿਚਾਰਧਾਰਾ ਦੇ ਨੇਮ, ਸਿਧਾਂਤ ਅਤੇ ਸੰਰਚਨਾ ਦਾ ਵਿਆਕਰਣਿਕ ਅਤੇ ਸੰਗੀਤਕ ਸਰੂਪ ਵਿਚ ਸ਼ਬਦੀ ਪ੍ਰਗਟਾਵਾ 'ਗੁਰਮਤਿ ਕਾਵਿਧਾਰਾ' ਹੈ। ਅਰਥਾਤ ਗੁਰਮਤਿ ਕਾਵਿਧਾਰਾ ਦਾ ਆਧਾਰ, ਨਾਨਕ ਬਾਣੀ ਵਿਚਲੇ 'ਬ੍ਰਹਮ' ਦਾ ਸਰੂਪ ਅਤੇ ਇਲਾਹੀ ਅਨੁਭਵ ਦੀਆਂ ਰਚਨਾਤਮਕ ਪੈੜਾਂ ਹਨ। ਵਿਦਵਾਨਾਂ ਨੇ ਇਸ ਕਾਵਿਧਾਰਾ ਦੇ ਗੁਣਾਂ ਨੂੰ ਪਛਾਣਦਿਆਂ ਗੁਰਮਤਿ ਕਾਵਿਧਾਰਾ ਨੂੰ 'ਮੱਧਕਾਲੀ ਪੰਜਾਬੀ ਸਾਹਿਤ ਦੀ ਸੁਨਹਿਰੀ ਕਾਵਿਧਾਰਾ ਕਿਹਾ ਹੈ।' ਗੁਰਮਤਿ ਕਾਵਿਧਾਰਾ ਦੀ ਵਿਹਾਰਕ ਪਰੰਪਰਾ ਗੁਰਮਤਿ ਵਿਚਾਰਧਾਰਾ ਹੈ, ਜਿਸ ਵਿਚਲੀ ਰੂਹਾਨੀਅਤ, ਗਹਿਰਾਈ ਅਤੇ ਦੁਨਿਆਵੀ ਚਿੰਤਨ ਸਿੱਖ ਧਰਮ ਦੀ ਬੁਨਿਆਦ ਬਣੇ ਹਨ। ਨਾਨਕ ਬਾਣੀ ਦੇ 'ਨਿਰਭਉ' ਤੇ 'ਨਿਰਵੈਰੁ' ਸਰੋਕਾਰ ਗੁਰਸਿੱਖ/ਗੁਰਮੁਖ ਦੇ ਜੀਵਨ ਵਿਹਾਰ ਦਾ ਆਧਾਰ ਹਨ। ਇਹੀ ਕਾਰਨ ਹੈ ਕਿ ਗੁਰਮਤਿ ਵਿਚਾਰਧਾਰਾ ਦਾ ਪਾਂਧੀ ਜ਼ਿੰਦਗੀ ਅਤੇ ਮੌਤ ਨੂੰ ਸਮਸਰਿ/ਬਰਾਬਰ ਕਰਕੇ ਜਾਣਦਾ ਹੈ।

ਗੁਰੂ ਨਾਨਕ ਬਾਣੀ ਦਾ ਸੋਮਾ ਕਾਦਰ ਦੀ ਕੁਦਰਤ ਨਾਲ ਸੰਬੰਧਿਤ ਹੋਣ ਕਰਕੇ ਮੂਲ ਸੁਰ ਅਧਿਆਤਮਕ ਹੈ ਪਰ ਇਸ ਬਾਣੀ ਦੀਆਂ ਸੁਰਾਂ ਵਿਚਲਾ ਸੰਦੇਸ਼ ਕੁਦਰਤ ਦੀ ਕਾਇਨਾਤ ਧਰਤੀ 'ਤੇ ਵੱਸਦੇ ਜੀਵਾਂ ਲਈ ਹੈ। ਦੂਜੇ ਸ਼ਬਦਾਂ ਵਿਚ ਨਾਨਕ ਬਾਣੀ ਦਾ ਪਾਸਾਰ ਅਰਸ਼ ਤੋਂ ਫ਼ਰਸ਼ ਭਾਵ ਬ੍ਰਹਿਮੰਡ ਤੋਂ ਧਰਤੀ ਤੱਕ ਹੈ। ਗੁਰੂ ਸਾਹਿਬ ਨੇ ਇਲਾਹੀ ਪ੍ਰਵਚਨਾਂ ਰਾਹੀਂ ਲੋਕਾਈ ਨਾਲ ਸੰਵਾਦ ਰਚਾਉਂਦਿਆਂ ਜਿੱਥੇ ਕਾਦਰ ਦੀ ਪਛਾਣ ਕੁਦਰਤ 'ਚੋਂ ਦੱਸੀ ਹੈ, ਉੱਥੇ ਸੱਚੀ/ਸੁੱਚੀ ਕਿਰਤ 'ਚੋਂ ਕਾਦਰ ਪਛਾਣਨ ਦਾ ਰਾਹ ਦੱਸਿਆ ਹੈ।

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥**[1]

ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਕਾਲ/ਮੌਤ ਦੇ ਭੈਅ ਤੋਂ ਮੁਕਤ ਕਰਦਿਆਂ ਅਣਖ ਨਾਲ ਜਿਊਣ ਦਾ ਪੈਗ਼ਾਮ ਦਿੱਤਾ। ਨਾਨਕ ਬਾਣੀ ਵਿਚ ਮੌਤ/ਕਾਲ ਤੋਂ ਸਦੀਵੀ ਜੀਵਨ/ਅਕਾਲ ਦਾ ਜੋ ਰਹੱਸ ਹੈ, ਉਹ ਬੜਾ ਪ੍ਰਸੰਗਿਕ ਅਤੇ ਮੁੱਲਵਾਨ ਹੈ। ਗੁਰਵਾਕ ਹੈ;

**ਜੇ ਜੀਵੈ ਪਤਿ ਲਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥**[2]

ਸੂਰਬੀਰਤਾ ਦੇ ਅਜਿਹੇ ਪੈਗ਼ਾਮ ਵਿਚ ਬੇਗ਼ੈਰਤ ਸ਼ਖ਼ਸ ਦੀ ਜ਼ਿੰਦਗੀ ਨੂੰ ਜਿੱਥੇ 'ਹਰਾਮ' ਆਖਿਆ, ਉੱਥੇ ਗ਼ੈਰਤਮੰਦ ਨੂੰ 'ਮੌਤ' ਵਿਚੋਂ 'ਅਮਰ ਜੀਵਨ' ਤਲਾਸ਼ਣ ਦਾ ਸੁਨੇਹਾ ਹੈ। 'ਕਾਲ' ਤੋਂ 'ਅਕਾਲ' ਨਾਲ ਜੁੜਨ ਦਾ ਸੱਦਾ ਹੈ। ਦਰਅਸਲ ਬਾਣੀ ਦਾ ਕਾਵਿ-ਸ਼ਾਸਤਰ ਅਜਿਹੇ ਖ਼ਾਲਸ ਵਿਚਾਰਾਂ ਦਾ ਧਾਰਨੀ ਹੈ, ਜਿਸ ਦਾ ਸ਼ਿਖਰ ਖ਼ਾਲਸਾ ਰਾਜ ਦੀ ਸਥਾਪਨਾ ਕਰਨਾ ਹੈ, ਧਰਤੀ ਨੂੰ ਧਰਮਸਾਲ ਬਣਾਉਣਾ ਹੈ। ਪ੍ਰੇਮਾ ਭਗਤੀ 'ਤੇ ਉੱਸਰੀ ਇਸ ਖ਼ਾਲਸ ਵਿਚਾਰਧਾਰਾ ਦੀ ਸਥਾਪਨਾ 'ਨਿਰਭਉ' ਤੇ 'ਨਿਰਵੈਰੁ' ਹੋਏ ਬਿਨਾਂ ਸੰਭਵ ਨਹੀਂ ਹੈ। ਅਜਿਹੀ ਖ਼ਾਲਸ ਵਿਚਾਰਧਾਰਾ ਵਿਚ ਦਾਖ਼ਲੇ ਦੀ ਪ੍ਰਵਾਨਗੀ ਲਈ 'ਆਪਾ ਵਾਰਨਾ' ਪੈਂਦਾ ਹੈ। ਗੁਰਵਾਕ ਹੈ;

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**

**ਸਿਰੁ ਦੀਜੈ ਕਾਣਿ ਨ ਕੀਜੈ॥**[3] **(ਅੰਗ 1207)**

ਪਰਉਪਕਾਰ ਲਈ ਤਲੀ 'ਤੇ ਟਿਕਾਇਆ ਸਿਰ ਹੀ 'ਸੀਸ' ਦਾ ਰੁਤਬਾ ਹਾਸਲ ਕਰਦਾ ਹੈ। ਸਿਰ ਤੋਂ ਸੀਸ ਦੇ ਪੈਂਡੇ ਵਾਲੀ 'ਧਰਤ' ਨੂੰ ਲੋਕ ਸਮੂਹ 'ਸਾਹਿਬ' ਦੇ ਤਖ਼ੱਲਸ ਨਾਲ ਸਤਿਕਾਰਦਾ ਹੈ। 'ਸਿਰ ਤੋਂ ਸੀਸ' ਬਣਨ ਦੀ ਗਾਥਾ ਸੰਬੰਧਿਤ ਕੌਮ/ਧਰਮ ਵਿਚ ਕੁਕਨੂਸ ਪੈਦਾ ਕਰਦੀ ਹੈ। ਗੁਰਮਤਿ ਅਨੁਸਾਰ ਇਸ ਮਾਰਗ ਦੇ ਪਾਂਧੀਆਂ ਨੂੰ ਹੀ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਵਾਲਾ ਪਿੜ ਹਾਸਲ ਹੈ। ਪ੍ਰਭੂ ਰੰਗ 'ਚ ਰੰਗੇ ਅਜਿਹੇ ਜੁਝਾਰੂ ਨੂੰ ਕਾਲ ਦੇ ਬੰਧਨ ਤੋਂ ਮੁਕਤੀ ਹੈ ਅਤੇ ਅਕਾਲ ਵਿਚ ਅਭੇਦ ਹੋਣ ਦੀ ਅਮਰ ਪ੍ਰਾਪਤੀ ਹੈ। ਇਸ ਵਿਚਾਰਧਾਰਾ ਦਾ ਪਾਂਧੀ ਉਹ ਗੁਰਮੁਖ ਹੈ ਜੋ ਖ਼ੁਦ ਨੂੰ ਮਨਫ਼ੀ ਕਰਦਾ ਹੋਇਆ 'ਪੰਜ ਵਿਕਾਰਾਂ' ਨੂੰ ਜਿੱਤਦਾ ਹੈ। ਅਜਿਹੀ ਮੌਤ ਦੀ ਉਪਮਾ 'ਸੁਖਮਨੀ' ਬਾਣੀ ਵਿਚ ਸਾਧ, ਸੰਤ, ਪੰਡਿਤ, ਬ੍ਰਹਮ-ਗਿਆਨੀ ਦੇ ਸਾਕਾਰ ਅਰਥਾਂ ਵਿਚ ਛੁਪੀ ਹੈ।

ਹਿੰਦੁਸਤਾਨ ਦੀ ਤਵਾਰੀਖ਼ ਵਿਚ ਸਿੱਖ ਧਰਮ ਦਾ ਉਦੈ ਹੋਣਾ ਅਤੇ ਫਿਰ ਇਸ ਧਰਮ ਦੀਆਂ ਮਰਿਆਦਾਵਾਂ 'ਤੇ 'ਖ਼ਾਲਸਾ ਪੰਥ' ਦੀ ਸਾਜਣਾ ਦੋ ਅਜਿਹੀਆਂ ਅਹਿਮ ਘਟਨਾਵਾਂ ਹਨ, ਜਿਨ੍ਹਾਂ ਨੇ ਹਿੰਦੁਸਤਾਨ ਦੀ ਹੋਣੀ ਨੂੰ ਨਵਾਂ ਭਵਿੱਖ ਦਿੱਤਾ ਹੈ। ਗੁਰੂ ਨਾਨਕ ਸਾਹਿਬ ਸਿੱਖ ਧਰਮ ਦੇ ਬਾਨੀ ਹੋਣ ਦੇ ਨਾਲ ਰੂਹਾਨੀ ਜਹਾਨ ਦੇ ਲਾਸਾਨੀ ਫ਼ਿਲਾਸਫ਼ਰ ਅਤੇ ਨਵੇਂ ਯੁੱਗ ਦੇ ਪਹਿਲੇ ਹਰਕਾਰੇ ਸਨ। ਜ਼ਿੰਦਗੀ ਤੋਂ ਬੇਪ੍ਰਵਾਹ ਹੁੰਦਿਆਂ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਸੰਤ ਫ਼ਕੀਰ ਗੁਰੂ ਨੇ ਵਕਤੀ ਜ਼ੁਲਮੀ ਧਿਰਾਂ ਨੂੰ 'ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ॥'4 ਕਹਿ ਕੇ ਵੰਗਾਰਿਆ ਸੀ। ਗੁਰੂ ਨਾਨਕ ਨੇ 'ਪਾਪ ਕੀ ਜੰਞ' ਦੇ ਮੁਹਾਵਰੇ ਰਾਹੀਂ ਵਕਤ ਦੇ ਜ਼ਾਲਮ ਹਮਲਾਵਰ ਬਾਬਰ ਨੂੰ ਜ਼ਾਬਰ ਕਹਿ ਕੇ ਭਾਰਤ ਦਾ ਭਵਿੱਖ ਤੈਅ ਕਰ ਦਿੱਤਾ ਸੀ ਕਿ ਗੁਰਮਤਿ ਵਿਚਾਰਧਾਰਾ ਦੇ ਪਾਂਧੀ ਇਸ ਧਰਤੀ ਦੇ ਵਾਰਿਸ ਬਣਨਗੇ। ਗੁਰੂ ਨਾਨਕ ਬਾਣੀ ਵਿਚ ਬਾਬਰ ਨਾਲ ਸੰਬੰਧਿਤ ਪ੍ਰਮਾਣ ਉਸ ਜ਼ਮਾਨੇ ਦੀ ਕੀਮਤੀ ਤਵਾਰੀਖ਼ ਹਨ। 'ਅਕਾਲ ਪੁਰਖੁ' ਦੇ ਹੁਕਮ ਮੁਤਾਬਿਕ ਗੁਰੂ ਨਾਨਕ ਸਾਹਿਬ ਦੀ ਭੂਮਿਕਾ ਹਿੰਦੁਸਤਾਨ ਦੀ ਮੁਰਦਾ ਹੋਈ ਲੋਕਾਈ ਨੂੰ ਮੌਤ ਦੇ ਭੈਅ ਤੋਂ ਮੁਕਤ ਕਰਵਾਉਂਦਿਆਂ ਅਸਲ ਜੀਵਨ ਜਿਊਣ ਦੀ ਜਾਚ/ਜੁਗਤ ਦੱਸਣ ਵਿਚ ਸੀ। ਗੁਰਮਤਿ ਆਸ਼ੇ ਮੁਤਾਬਕ 'ਕਾਲ' ਤੋਂ 'ਅਕਾਲ' ਵਿਚ ਅਭੇਦ ਹੋਣ ਲਈ ਮੌਤ ਦੇ ਭੈਅ ਤੋਂ ਮੁਕਤ ਹੋਣਾ ਪਹਿਲੀ ਸ਼ਰਤ ਹੈ। ਗੁਰਬਾਣੀ ਅਨੁਸਾਰ ਮੌਤ ਤਿੰਨ ਕਿਸਮ ਦੀ ਹੈ;

**ਸਰੀਰਕ ਮੌਤ :-**

ਸਰੀਰਕ ਮੌਤ ਕੁਦਰਤ ਦੇ ਨਿਯਮਾਂ ਅਧੀਨ ਹੈ ਜੋ ਕਿ ਹਰ ਪ੍ਰਾਣੀ 'ਤੇ ਆਉਣੀ ਹੀ ਹੈ। ਇਹ ਮੌਤ ਉਮਰ ਦੀ ਕਿਸੇ ਵੀ ਅਵਸਥਾ (ਬਚਪਨ, ਜੁਆਨੀ, ਬੁਢੇਪਾ) ਵਿਚ ਆ ਸਕਦੀ ਹੈ। ਗੁਰੂ ਨਾਨਕ ਬਾਣੀ ਦੇ ਸਰਬਕਾਲੀ ਸੱਚ ਅਜਿਹੀ ਮੌਤ ਦੀ ਹਾਮੀ ਭਰਦੇ ਹਨ ਕਿ ਹਰ ਜੀਵ 'ਅਕਾਲ ਪੁਰਖੁ' ਦੇ ਹੁਕਮ ਨਾਲ ਇਸ ਜਗਤ ਵਿਚ ਆਉਂਦਾ ਹੈ ਤੇ ਉਸ ਦੇ ਹੁਕਮ ਅਨੁਸਾਰ ਹੀ ਇੱਥੋਂ ਜਾਂਦਾ ਹੈ;

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥**
**ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥**[5]
**ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ॥**
**ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬ ਸੰਮ੍ਹਾਲੇਹਾਂ॥**
**ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ॥**
**ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ॥**
**ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ॥**
**ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ॥**[6]
**ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥**
**ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ॥**[7]

ਗੁਰੂ ਨਾਨਕ ਸਾਹਿਬ ਤਾਂ ਮਨੁੱਖ ਨੂੰ ਇੱਥੋਂ ਤੱਕ ਦ੍ਰਿੜ ਕਰਵਾਉਂਦੇ ਹਨ ਕਿ ਅਸੀਂ ਆਦਮੀ ਇਕ ਦਮ (ਸਾਹ) ਦੇ ਹੀ ਮਾਲਕ ਹਾਂ, ਕੀ ਪਤਾ ਹੈ ਕਿ ਦਮ ਕਦੋਂ ਮੁੱਕ ਜਾਏ।

**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥**
**ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥**[8]

ਗੁਰਮਤਿ ਵਿਚਾਰਧਾਰਾ ਦੀ ਦੂਜੀ ਜੋਤ ਗੁਰੂ ਅੰਗਦ ਸਾਹਿਬ ਵੀ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਦੀ ਪ੍ਰੋੜ੍ਹਤਾ ਕਰਦੇ ਕਹਿੰਦੇ ਹਨ ਕਿ ਜੀਵ ਪ੍ਰਭੂ ਦਾ ਭੇਜਿਆ ਹੀ ਇਸ ਜਗਤ ਵਿਚ ਆਉਂਦਾ ਹੈ ਤੇ ਉਸ ਦੇ ਹੁਕਮ ਨਾਲ ਹੀ ਕੂਚ ਕਰਦਾ ਹੈ;

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥**[9]

ਸੋ ਗੁਰਬਾਣੀ ਦਾ ਮਨੁੱਖ ਨੂੰ ਪ੍ਰਤੱਖ ਸੁਨੇਹਾ ਹੈ ਕਿ ਮੌਤ ਤੋਂ ਨਹੀਂ ਡਰਨਾ ਚਾਹੀਦਾ, ਕਿਉਂਕਿ ਇਨਸਾਨ ਅਕਾਲ

ਪੁਰਖ ਦੇ ਹੁਕਮ ਅਨੁਸਾਰ ਮਰਨ ਲਈ ਹੀ ਜੰਮਦਾ ਹੈ। ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਹੈ;

**'ਮਰਣੁ ਲਿਖਾਇ ਆਏ ਨਹੀ ਰਹਣਾ॥'**[10]

ਭਾਵ ਜਦੋਂ ਜੀਵ ਜੰਮਦਾ ਹੈ ਤਾਂ ਮੌਤ ਉਸ ਦੇ ਮੱਥੇ 'ਤੇ ਲਿਖੀ ਹੁੰਦੀ ਹੈ।

**ਆਤਮਕ ਮੌਤ :-**

ਅਕਾਲ ਪੁਰਖ ਨੇ ਮਨੁੱਖ ਨੂੰ ਧਰਤੀ ਦਾ ਸਿਕਦਾਰ ਬਣਾਇਆ ਹੈ। ਸਿਕਦਾਰ ਹੋਣ ਕਰਕੇ ਇਸ ਸ੍ਰਿਸ਼ਟੀ ਵਿਚਲੇ ਬਾਕੀ ਜੀਵ/ਜੂਨਾਂ ਮਨੁੱਖ ਦੇ ਅਧੀਨ ਹਨ। ਗੁਰਵਾਕ ਹੈ;

**ਅਵਰ ਜੋਨਿ ਤੇਰੀ ਪਨਿਹਾਰੀ॥**
**ਇਸੁ ਧਰਤੀ ਮਹਿ ਤੇਰੀ ਸਿਕਦਾਰੀ॥**[11]

ਸਿਕਦਾਰ ਹੋਣ ਦੇ ਬਾਵਜੂਦ ਜੀਵ ਮਾਇਆ ਦੇ ਮੋਹ ਵਿਚ ਗ਼ਲਤਾਨ ਹੈ। ਵਿਹਾਰ ਵਜੋਂ ਬੰਦਾ ਤਾਂ ਹੈ ਪਰ ਬੰਦਗੀ ਤੋਂ ਇਨਕਾਰੀ ਹੈ। ਗ਼ਫ਼ਲਤ ਦੀ ਨੀਂਦ ਵਾਲੇ ਅਜਿਹੇ ਜੀਵਨ ਨੂੰ ਗੁਰਬਾਣੀ ਵਿਚ ਆਤਮਿਕ ਮੌਤ ਕਿਹਾ ਹੈ। ਜ਼ਮੀਰ ਦੀ ਅਜਿਹੀ ਮੌਤ ਵਾਲੇ ਮਨੁੱਖ ਨੂੰ ਬਾਣੀ ਸੰਸਾਰ ਵਿਚ 'ਕਰਤੂਤਿ ਪਸੂ ਕੀ ਮਾਨਸ ਜਾਤਿ॥'[12] ਕਹਿ ਕੇ ਤ੍ਰਿਸਕਾਰਿਆ ਗਿਆ ਹੈ। 'ਅਕਾਲ ਪੁਰਖੁ' ਵੱਲੋਂ ਸੌਂਪੇ ਫ਼ਰਜਾਂ ਤੋਂ ਭਗੌੜੇ ਅਜਿਹੇ ਪ੍ਰਾਣੀ ਦੇ ਜੀਵਨ ਵਿਹਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਇਉਂ ਚਿਤਾਰਿਆ ਹੈ:-

**ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥**
**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥**[13]

ਗੁਰਮਤਿ ਵਿਚਾਰਧਾਰਾ ਦੇ ਅਗਲੇਰੇ ਗੁਰੂ ਤੇ ਭਗਤ ਕਵੀਆਂ ਨੇ ਵੀ ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਨਾਲ ਇਕਮੱਤ ਹੁੰਦਿਆਂ ਇਉਂ ਸੰਬੋਧਨ ਕੀਤਾ ਹੈ;

**ਮਨਮੁਖ ਜਨਮੁ ਗਇਆ ਹੈ**
**ਬਿਰਥਾ ਅੰਤਿ ਗਇਆ ਪਛੁਤਾਵਣਿਆ॥**[14]
**ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥**
**ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥**[15]
**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥**
**ਜੋ ਤਨੁ ਉਪਜਿਆ ਸੰਗ ਹੀ**
**ਸੋ ਭੀ ਸੰਗਿ ਨ ਹੋਇਆ॥੧॥ ਰਹਾਉ॥**[16]
**ਅਬ ਮਨ ਜਾਗਤ ਰਹੁ ਰੇ ਭਾਈ॥**
**ਗਾਫਲੁ ਹੋਇ ਕੈ ਜਨਮੁ ਗਵਾਇਓ**
**ਚੋਰੁ ਮੁਸੈ ਘਰੁ ਜਾਈ॥੧॥ ਰਹਾਉ॥**[17]

**ਵਿਕਾਰਾਂ ਦੀ ਮੌਤ :-**

ਕਾਲ ਤੋਂ ਅਕਾਲ ਤੱਕ ਪਹੁੰਚਣ ਵਾਲੇ ਪਾਂਧੀ ਦੇ ਰਾਹ ਵਿਚ ਪੰਜ ਵਿਕਾਰ (ਕਾਮ, ਕ੍ਰੋਧ, ਮੋਹ. ਲੋਭ ਤੇ ਹੰਕਾਰ) ਰੁਕਾਵਟ ਹਨ। 'ਵਿਕਾਰਾਂ ਦੀ ਮੌਤ' ਤੋਂ ਮੁਕਤਿ ਦੀ ਜੁਗਤਿ ਗੁਰਮੁਖ ਕੋਲ ਹੈ। 'ਗੁਰਮੁਖ' ਉਹ ਹੈ ਜਿਸ ਦਾ ਮੁਖੜਾ ਗੁਰੂ ਵੱਲ ਹੈ ਅਤੇ ਇਸ ਦੇ ਉਲਟ 'ਮਨਮੁਖ' ਉਹ ਹੈ ਜਿਸ ਦਾ ਮੂੰਹ ਆਪਣੇ ਮਨ ਵੱਲ ਹੈ। ਗੁਰੂ ਦੁਆਰਾ ਦੱਸੀ ਜੁਗਤਿ ਰਾਹੀਂ ਗੁਰਮੁਖ ਅਕਾਲ/ਮੁਕਤੀ ਤਕ ਪਹੁੰਚਣ ਲਈ ਕਾਲ/ਬੰਧਨ ਨੂੰ ਪਾਰ ਕਰਦਾ ਹੈ। ਬੰਧਨ ਦਾ ਕਾਰਨ ਮਨਮੁਖ ਹੋਣਾ ਹੈ ਅਤੇ ਗੁਰਮੁਖ ਹੋਏ ਬਿਨਾਂ ਬੰਧਨ ਮੁਕਤ ਨਹੀਂ ਹੋਇਆ ਜਾ ਸਕਦਾ। ਸਿੱਖ ਧਰਮ ਵਿਚ ਸਰੀਰਕ ਸ਼ਹਾਦਤ ਤੋਂ ਪਹਿਲਾਂ ਆਪਣੀਆਂ ਇੰਦਰੀਆਂ ਨੂੰ ਕਾਬੂ ਵਿਚ ਰੱਖਦਿਆਂ ਬਹੁਤ ਕੁਝ ਮਾਰਨ ਦਾ ਸੰਕੇਤ ਹੈ। ਪੰਜ ਵਿਕਾਰਾਂ ਨੂੰ ਮਾਰਨਾ ਵੀ ਸ਼ਹਾਦਤ ਵਰਗਾ ਕਰਮ ਹੈ। ਮਨ ਦੇ ਪੰਜ ਵਿਕਾਰਾਂ ਨੂੰ ਪੰਜ ਚੋਰ/ਦੂਤ ਵੀ ਕਿਹਾ ਹੈ। ਜਿਸਮਾਨੀ ਸ਼ਹਾਦਤ ਦੇ ਰਾਹ ਵਿਚ ਇਹ ਪੰਜ ਦੂਤ ਮਾਨਸ ਜਨਮ ਦੇ ਲੁਟੇਰੇ ਹਨ। ਇਨ੍ਹਾਂ ਪੰਜ ਚੋਰਾਂ ਨੂੰ ਮਾਰੇ ਬਗੈਰ ਜੂਝ ਕੇ ਮਰਨ ਵਾਲੀ ਸ਼ਹਾਦਤ ਕਠਿਨ ਹੈ। 'ਮਨਿ ਜੀਤੈ ਜਗੁ ਜੀਤੁ' ਗੁਰਵਾਕ ਪੰਜ ਦੂਤਾਂ 'ਤੇ ਕਾਬੂ ਪਾਉਣ ਦੀ ਸੋਝੀ ਕਰਵਾਉਂਦਾ ਹੈ। ਨਾਨਕ ਬਾਣੀ ਮੁਤਾਬਿਕ ਜਿਹੜੇ ਮਨੁੱਖ ਨੇ ਜਿਉਂਦੇ ਜੀਅ ਪੰਜ ਵਿਕਾਰਾਂ ਨੂੰ ਮਾਰਿਆ ਹੋਇਆ ਹੈ, ਉਹੀ 'ਅਜੂਨੀ' ਰੂਪ ਹੈ ਭਾਵ ਉਸ ਨੂੰ ਮੁੜ-ਮੁੜ ਜੱਗ 'ਤੇ ਆ ਕੇ ਜੰਮਣਾ ਮਰਨਾ ਨਹੀਂ ਪੈਂਦਾ।

ਗੁਰਮੁਖ ਦਾ ਟੀਚਾ 'ਸੱਚਖੰਡ' ਵਾਸੀ ਹੋਣਾ ਹੈ। ਸੱਚਖੰਡ ਦੇ ਮੁਕਾਮ ਤੱਕ ਪਹੁੰਚਣ ਲਈ 'ਜਪੁ' ਬਾਣੀ ਅਨੁਸਾਰ ਕ੍ਰਮਵਾਰ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਦੇ ਪੜਾਵਾਂ ਨੂੰ ਪਾਰ ਕਰਨਾ ਹੈ। ਵਿਕਾਰਾਂ ਨੂੰ ਮਾਰ ਕੇ ਇਸ ਸ਼ਿਖਰਲੇ ਪੜਾਅ 'ਤੇ ਪਹੁੰਚੇ ਗੁਰਮੁਖ ਲਈ 'ਨਿਰੰਕਾਰੁ' ਵਿਚ ਅਭੇਦਤਾ (ਸਚ ਖੰਡਿ ਵਸੈ ਨਿਰੰਕਾਰੁ) ਹੈ। ਦਰਅਸਲ ਸੱਚਖੰਡ ਦੀ ਅਵੱਸਥਾ 'ਤੇ ਪਹੁੰਚਿਆ ਗੁਰਸਿੱਖ 'ਜ਼ਿੰਦਾ ਸ਼ਹੀਦ' ਦੀ ਨਿਆਈਂ ਹੈ। ਇਸ ਤਰ੍ਹਾਂ ਗੁਰਮੁਖ ਦੀ ਯਾਤਰਾ 'ਮਨ ਦੀ ਸ਼ਹਾਦਤ' ਤੋਂ 'ਸਰੀਰ ਦੀ ਸ਼ਹਾਦਤ' ਤਕ ਫੈਲੀ ਹੋਈ ਹੈ। 'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ:

1. ਸ਼ਹਾਦਤ ਦੇਣ ਵਾਲਾ, ਗਵਾਹ, ਸਾਕੀ (ਸਾਖੀ),

2. ਅਜੇਹਾ ਕੰਮ ਕਰਨ ਵਾਲਾ ਜਿਸ ਦੀ ਲੋਕ ਸਾਖੀ ਦੇਣ,

3. ਧਰਮਯੁੱਧ ਵਿੱਚ ਜਿਸ ਨੇ ਜੀਵਨ ਅਰਪਿਆ ਹੈ।[18]

ਇਸ ਤਰ੍ਹਾਂ 'ਸ਼ਹੀਦ' ਆਪਣੀ 'ਸ਼ਹਾਦਤ' ਦੇ ਕੇ ਆਪਣੇ ਅਕੀਦੇ ਦੀ ਗਵਾਹੀ ਦਾ ਸਬੂਤ ਖ਼ੁਦ ਦਿੰਦਾ ਹੈ। ਇਹ ਗਵਾਹੀ ਹੀ 'ਜਪੁ' ਬਾਣੀ ਵਿਚ 'ਸੱਚਖੰਡ' ਪਹੁੰਚਣ ਦੀ ਮੰਜ਼ਿਲ ਹੈ ਅਤੇ 'ਕਾਲ ਤੋਂ ਅਕਾਲ' ਅਭੇਦ ਹੋਣ ਦਾ ਆਖ਼ਰੀ ਪੜਾਅ ਹੈ। ਗੁਰੂ ਨਾਨਕ ਗੁਰਿਆਈ ਦੀ ਕਮਾਲ ਇਸ ਗੱਲ ਵਿਚ ਹੈ ਕਿ ਸ਼ਹਾਦਤ ਦਾ ਪ੍ਰਤਿਮਾਨ 'ਗੁਰੂ' ਪਹਿਲਾਂ ਆਪ ਸਿਰਜ ਰਿਹਾ ਹੈ ਅਤੇ ਫਿਰ 'ਸਿੱਖ' ਉਸ ਮਾਰਗ 'ਤੇ ਆਪਣੀ ਹੋਣੀ ਦੀ ਚੋਣ ਕਰਦਾ ਹੈ। ਸ਼ਹੀਦ ਦੀ ਅਜਿਹੀ ਮੌਤ ਦੀ ਗੁਰਬਾਣੀ ਵਿਚ ਸਿਫ਼ਤ ਸਲਾਹ ਕੀਤੀ ਗਈ ਹੈ। ਗੁਰੂ ਨਾਨਕ ਸਾਹਿਬ ਨੇ ਮੌਤ ਨਾਲ ਸੰਬੰਧਿਤ ਬਾਣੀ ਨੂੰ 'ਅਲਾਹਣੀਆ' ਸਿਰਲੇਖ ਵਿਚ ਬਿਆਨ ਕੀਤਾ ਹੈ;

**ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥**
**ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥**
**ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥**
**ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥**
**ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥**
**ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥**[19]

(ਭਾਵ ਕਿ ਹੇ ਲੋਕੋ! ਮੌਤ ਨੂੰ ਮਾੜਾ ਨਾਂਹ ਆਖੋ। ਜੇ ਕੋਈ ਮਨੁੱਖ ਠੀਕ ਤਰੀਕੇ ਨਾਲ ਜਿਉਂ ਕੇ ਮਰਨਾ ਜਾਣਦਾ ਹੋਵੇ ਤਾਂ ਉਸ ਲਈ ਮੌਤ ਚੰਗੀ ਹੈ। ਅਜਿਹੀ ਜੁਗਤ ਆਪਣੇ ਸਰਬ-ਸ਼ਕਤੀਮਾਨ ਪ੍ਰਭੂ ਨੂੰ ਸਿਮਰਨ ਵਿਚ ਹੈ। ਇਸ ਜੁਗਤ ਨਾਲ ਜੀਵਨ ਪੰਧ 'ਤੇ ਤੁਰਨ ਦਾ ਫਲ ਵੀ ਮਿਲੇਗਾ ਤੇ ਪ੍ਰਭੂ ਦੀ ਹਜ਼ੂਰੀ ਵਿਚ ਇੱਜ਼ਤ ਵੀ ਮਿਲੇਗੀ। ਦਰਗਾਹ ਵਿਚ ਜੇ ਪ੍ਰਭੂ ਦੇ ਨਾਮ ਦੀ ਭੇਟਾ ਲੈ ਕੇ ਜਾਵੋਗੇ ਤਾਂ ਉਸ ਸਦਾ-ਥਿਰ ਪ੍ਰਭੂ ਵਿਚ ਇੱਕ ਰੂਪ ਹੋ ਜਾਵੋਗੇ, ਕੀਤੇ ਕਰਮਾਂ ਦਾ ਹਿਸਾਬ ਹੋਣ ਵੇਲੇ ਇੱਜ਼ਤ ਮਿਲੇਗੀ, ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰੋਗੇ, ਪ੍ਰਭੂ ਅਰਥਾਤ ਖਸਮ ਨੂੰ ਚੰਗੇ ਲੱਗੋਂਗੇ ਤੇ ਆਤਮਕ ਆਨੰਦ ਮਾਣੋਗੇ। ਹੇ ਲੋਕੋ! ਮੌਤ ਨੂੰ ਮਾੜਾ ਨਾਂਹ ਆਖੋ, ਪਰ ਇਸ ਗੱਲ ਨੂੰ ਉਹੀ ਸਮਝਦਾ ਹੈ ਜਿਹੜਾ ਇਸ ਤਰ੍ਹਾਂ ਮਰਨਾ ਜਾਣਦਾ ਹੋਵੇ।)

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥**
**ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥**
**ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥**
**ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥**
**ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥**
**ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥੩॥**[20]

(ਭਾਵ ਜਿਹੜੇ ਮਨੁੱਖ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ, ਉਹ ਸੂਰਮੇ ਹਨ। ਉਨ੍ਹਾਂ ਦਾ ਮਰਨਾ ਵੀ ਹਰ ਥਾਂ ਸਲਾਹਿਆ ਜਾਂਦਾ ਹੈ। ਪ੍ਰਭੂ ਦੀ ਹਜ਼ੂਰੀ ਵਿਚ ਉਹ ਬੰਦੇ ਸੂਰਮੇ ਆਖੇ ਜਾਂਦੇ ਹਨ ਤੇ ਉਹ ਪ੍ਰਭੂ ਦੇ ਦਰਬਾਰ ਵਿਚ ਸਿਫ਼ਤ ਸਲਾਹ ਦੇ ਪਾਤਰ ਬਣਦੇ ਹਨ।)

'ਸੋਹਿਲਾ' ਬਾਣੀ ਵਿਚ ਗੁਰੂ ਨਾਨਕ ਸਾਹਿਬ 'ਲੜਕੀ ਦੇ ਵਿਆਹ' ਦੇ ਪ੍ਰਸੰਗ 'ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ' ਰਾਹੀਂ ਮੌਤ ਦੇ ਸਾਕਾਰਥ ਅਰਥ ਸਮਝਾਉਂਦੇ ਹਨ। ਵਿਆਹ ਦੇ ਸਮੇਂ ਤੋਂ ਪਹਿਲਾਂ ਮਾਂਈਏਂ ਪੈਣ ਦੀ ਰਸਮ ਹੁੰਦੀ ਹੈ। ਚਾਚੀਆਂ, ਤਾਈਆਂ, ਭਰਜਾਈਆਂ, ਸਹੇਲੀਆਂ ਆਦਿ ਰਲ਼ ਕੇ ਵਿਆਹ ਵਾਲੀ ਕੁੜੀ ਦੇ ਸਿਰ ਵਿਚ ਤੇਲ ਪਾਉਂਦੀਆਂ ਹਨ। ਉਸ ਨੂੰ ਇਸ਼ਨਾਨ ਕਰਾਉਂਦੀਆਂ ਹਨ ਤੇ ਨਾਲ-ਨਾਲ ਸੁਹਾਗ ਦੇ ਗੀਤ ਗਾਉਂਦੀਆਂ ਹੋਈਆਂ ਪਤੀ ਦੇ ਘਰ ਜਾ ਕੇ ਸੁਖੀ ਵੱਸਣ ਲਈ ਅਸੀਸਾਂ ਦਿੰਦੀਆਂ ਹਨ। ਉਹਨੀਂ ਦਿਨੀਂ ਰਾਤ ਨੂੰ ਗਾਉਣ ਬੈਠੀਆਂ ਜ਼ਨਾਨੀਆਂ ਵੀ ਸੋਹਿਲੜੇ ਜਾਂ ਸੁਹਾਗ ਦੇ ਗੀਤ ਗਾਉਂਦੀਆਂ ਹਨ। ਇਹਨਾਂ ਗੀਤਾਂ ਵਿਚ ਅਸੀਸਾਂ ਤੇ ਸੁਹਾਗ ਦੇ ਗੀਤ ਵੀ ਹੁੰਦੇ ਹਨ ਅਤੇ ਵੈਰਾਗ ਦੇ ਗੀਤ ਵੀ ਹੁੰਦੇ ਹਨ, ਕਿਉਂਕਿ ਇਕ ਪਾਸੇ ਤਾਂ ਕੁੜੀ ਨੇ ਵਿਆਹੀ ਜਾ ਕੇ ਆਪਣੇ ਪਤੀ ਦੇ ਘਰ ਜਾਣਾ ਹੈ; ਦੂਜੇ ਪਾਸੇ, ਉਸ ਕੁੜੀ ਦਾ ਮਾਪਿਆਂ, ਭੈਣਾਂ, ਭਰਾਵਾਂ, ਸਹੇਲੀਆਂ, ਚਾਚੀਆਂ, ਤਾਈਆਂ, ਭਰਜਾਈਆਂ ਆਦਿਕ ਨਾਲੋਂ ਵਿਛੋੜਾ ਵੀ ਹੋਣਾ ਹੁੰਦਾ ਹੈ। ਇਨ੍ਹਾਂ ਗੀਤਾਂ ਵਿਚ ਇਹ ਦੋਵੇਂ ਮਿਲਵੇਂ ਭਾਵ ਹੁੰਦੇ ਹਨ। ਜਿਵੇਂ ਵਿਆਹ ਲਈ ਸਮਾਂ ਮੁਹੂਰਤ ਮਿਥਿਆ ਜਾਂਦਾ ਹੈ ਤੇ ਉਸ ਮਿਥੇ ਸਮੇਂ 'ਤੇ ਹੀ ਹਥ-ਲੇਵੇਂ ਆਦਿਕ ਕਰਨ ਦਾ ਪੂਰਾ ਯਤਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹਰੇਕ ਜਿੰਦ ਰੂਪੀ ਕੁੜੀ ਦਾ ਉਹ ਸਮਾਂ ਵੀ ਪਹਿਲਾਂ ਹੀ ਮਿਥਿਆ ਜਾ ਚੁੱਕਾ ਹੈ, ਜਦੋਂ ਮੌਤ ਦੀ ਸਾਹੇ-ਚਿੱਠੀ ਆਉਂਦੀ ਹੈ ਤੇ ਜੀਵ ਰੂਪੀ ਕੁੜੀ ਨੇ ਸਾਕਾਂ/ਸੰਬੰਧੀਆਂ ਤੋਂ ਵਿੱਛੜ ਕੇ ਇਸ ਜਗਤ ਪੇਕੇ ਘਰ ਨੂੰ ਛੱਡ ਕੇ ਪਰਲੋਕ ਵਿਚ ਜਾਣਾ ਹੈ। ਇਸ ਸ਼ਬਦ ਵਿਚ ਜਿੰਦ-ਕੁੜੀ ਨੂੰ ਸਮਝਾਇਆ ਗਿਆ ਹੈ ਕਿ ਸਤਸੰਗ ਵਿਚ ਸੁਹਾਗ ਦੇ ਗੀਤ ਗਾਇਆ ਕਰ ਤੇ ਸੁਣਿਆ ਕਰ। ਸਤ-ਸੰਗ ਮਾਨੋ

ਮਾਂਈਏਂ ਪੈਣ ਦੀ ਥਾਂ ਹੈ। ਸਤਸੰਗੀ ਸਹੇਲੀਆਂ ਇਥੇ ਇਕ ਦੂਜੀ ਸਹੇਲੀ ਨੂੰ ਅਸੀਸਾਂ ਦਿੰਦੀਆਂ ਹੋਈਆਂ ਅਰਦਾਸ ਕਰਦੀਆਂ ਹਨ ਕਿ ਪਰਲੋਕ ਤੁਰਨ ਵਾਲੀ ਸਹੇਲੀ ਨੂੰ ਪ੍ਰਭੂ-ਪਤੀ ਦਾ ਮਿਲਾਪ ਹੋਵੇ। ਗੁਰਵਾਕ ਹੈ;

**ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥**
**ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥**
**ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥**
**ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ ਰਹਾਉ॥**
**ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥**
**ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥੨॥**
**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥**
**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥**
**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥**
**ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥੪॥੧॥**[21]

ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਦੁਆਰਾ ਚਲਾਏ ਧਰਮ ਦੀ ਕੇਸਰ ਕਿਆਰੀ ਨੂੰ 'ਨਾਨਕ' ਨਾਮ ਲੇਵਿਆਂ ਦੁਆਰਾ ਖ਼ੂਨ ਨਾਲ ਸਿੰਜਿਆ ਹੋਣ ਕਰਕੇ ਸਿੱਖ ਧਰਮ ਦੀ ਪਛਾਣ ਸ਼ਹਾਦਤਾਂ ਦੇ ਝਰੋਖੇ ਵਿਚੋਂ ਹੋਈ ਹੈ। ਕਮਾਲ ਇਸ ਗੱਲ ਵਿਚ ਹੈ ਕਿ ਸ਼ਹਾਦਤ ਪਹਿਲਾਂ ਗੁਰੂ ਖ਼ੁਦ ਦੇ ਰਿਹਾ ਹੈ, 'ਆਪੇ ਗੁਰ ਆਪੇ ਚੇਲਾ' ਵੀ ਬਣ ਰਿਹਾ ਹੈ ਅਤੇ ਸਿੱਖ ਤਾਂ ਗੁਰੂ ਤੋਂ ਪ੍ਰੇਰਨਾ ਲੈ ਰਿਹਾ ਹੈ। ਇਸ ਸ਼ਹਾਦਤ ਵਿਚ ਗੁਰੂ ਦੇ ਨਾਲ ਗੁਰੂ ਦਾ ਪਰਿਵਾਰ ਵੀ ਸਹਿਯੋਗ ਦੇ ਰਿਹਾ ਹੈ। ਬਾਲ ਗੋਬਿੰਦ ਨੇ ਆਪਣੇ ਪਿਤਾ ਨੂੰ ਸ਼ਹਾਦਤ ਦੇਣ ਲਈ ਬੋਲ ਉਚਾਰਦਿਆਂ ਜੋ ਲਕੀਰ ਖਿੱਚੀ ਸੀ, ਸਾਹਿਬਜ਼ਾਦਿਆਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਉਸੇ ਲਕੀਰ ਨੂੰ ਗੂੜ੍ਹਾ ਕੀਤਾ ਹੈ। ਇੰਝ ਸਾਹਿਬਜ਼ਾਦਿਆਂ ਨੇ ਆਪਣੇ ਬਾਬਿਆਂ ਵੱਲੋਂ ਸਿਰਜੀਆਂ ਪਗਡੰਡੀਆਂ ਨੂੰ ਹੀ ਸ਼ਾਹਮਾਰਗ ਬਣਾਇਆ ਹੈ। ਅਜਿਹੀ ਸ਼ਹਾਦਤ ਹੀ ਇਕ ਤਰ੍ਹਾਂ ਨਾਲ 'ਕਾਲ' ਉਪਰ ਮਾਨਵੀ ਜਿੱਤ ਹੈ ਅਤੇ 'ਅਕਾਲ' ਵਿਚ ਅਭੇਦਤਾ ਹੈ। ਦਰਅਸਲ ਸਿੱਖ ਕੌਮ ਵਿਚ 'ਸ਼ਹਾਦਤ' ਦੀ ਜਾਗ ਨੂੰ ਸਦੀਵੀ ਰੱਖਣ ਪਿੱਛੇ ਕਾਰਜਸ਼ੀਲ ਬਾਣੀ ਹੈ। ਗੁਰਸਿੱਖ ਬਾਣੀ ਨੂੰ ਬਾਣੇ ਵਿਚ ਪ੍ਰਵੇਸ਼ ਕਰਵਾਉਂਦਾ ਹੋਇਆ ਭਗਤੀ 'ਚੋਂ ਸ਼ਕਤੀ ਪ੍ਰਾਪਤ ਕਰਦਾ ਹੈ। ਭਗਤੀ ਤੋਂ ਸ਼ਕਤੀ ਦਾ ਸਫ਼ਰ ਹੀ 'ਸੰਤ' ਨੂੰ 'ਸਿਪਾਹੀ' ਬਣਾਉਂਦਾ ਹੈ। ਇਹ ਉਹ ਅਵੱਸਥਾ ਹੈ, ਜਿਥੇ ਮਰਨਾ ਚਾਅ ਜਾਪਦਾ ਹੈ। ਸੋ ਬਾਣੀ ਸੰਸਾਰ ਮੁਤਾਬਿਕ ਅਜਿਹਾ ਮਰਨ ਦਾ ਚਾਅ ਹੀ ਗੁਰਮੁਖ/ਗੁਰਸਿੱਖ ਨੂੰ 'ਕਾਲ ਤੋਂ ਅਕਾਲ' ਵਿਚ ਅਭੇਦਤਾ ਦੀ ਸੋਝੀ ਕਰਵਾਉਂਦਾ ਹੈ। 'ਅਕਾਲ' ਵਿਚ ਅਭੇਦਤਾ ਦੇ ਸਬੱਬ ਨੂੰ ਹਾਸਲ ਕਰਵਾਉਣਾ ਗੁਰੂ ਨਾਨਕ ਬਾਣੀ ਦੇ ਮੂਲ ਸਰੋਕਾਰ ਹਨ।

## ਹਵਾਲੇ ਅਤੇ ਟਿੱਪਣੀਆਂ:-


1. ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੧, ਅੰਗ 1245
2. ਉਹੀ, ਮਾਝ ਮਹਲਾ ੧, ਅੰਗ 142
3. ਉਹੀ, ਸਲੋਕ ਵਾਰਾਂ ਤੋਂ ਵਧੀਕ, ਮ: ੧, ਅੰਗ 1412
4. ਉਹੀ, ਮਲਾਰ ਮ: ੧, ਅੰਗ 1288
5. ਉਹੀ, ਆਸਾ ਮ: ੧, ਅੰਗ 473
6. ਉਹੀ, ਵਡਹੰਸ, ਮ: ੧, ਅੰਗ 579
7. ਉਹੀ, ਰਾਮਕਲੀ ਮ: ੧, ਅੰਗ 938
8. ਉਹੀ, ਧਨਾਸਰੀ ਮ: ੧, ਅੰਗ 660
9. ਉਹੀ, ਸਾਰੰਗ, ਮ: ੨, ਅੰਗ 1239
10. ਉਹੀ, ਗਉੜੀ ਮ: ੧, ਅੰਗ 153
11. ਉਹੀ, ਆਸਾ ਮ: ੫, ਅੰਗ 373
12. ਉਹੀ, ਗਉੜੀ ਸੁਖਮਨੀ ਮ: ੫, ਅੰਗ 266
13. ਉਹੀ, ਮਲਾਰ, ਮ: ੧, ਅੰਗ 1254
14. ਉਹੀ, ਮਾਝ, ਮ: ੩, ਅੰਗ 127
15. ਉਹੀ, ਸੂਹੀ, ਮ: ੫, ਅੰਗ 749
16. ਉਹੀ, ਤਿਲੰਗ, ਮ: ੯, ਅੰਗ 726
17. ਉਹੀ, ਗਉੜੀ ਭਗਤ ਕਬੀਰ, ਅੰਗ 339
18. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅੱਠਵਾਂ ਸੰਸਕਰਣ, 2011, ਪੰਨਾ 139,
19. ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ, ਮ:੧, ਅਲਾਹਣੀਆ, ਅੰਗ 579
20. ਉਹੀ
21. ਉਹੀ, ਸੋਹਿਲਾ, ਰਾਗੁ ਗਉੜੀ, ਦੀਪਕੀ ਮਹਲਾ:੧, ਅੰਗ 12



ਮੁਖੀ ਅਤੇ ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਗੁਰੂ ਨਾਨਕ ਖ਼ਾਲਸਾ ਕਾਲਜ, ਡਰੋਲੀ ਕਲਾਂ (ਜਲੰਧਰ)
94176-06572

# ਸ਼ਾਹਮੁਖੀ ਤੋਂ ਗੁਰਮੁਖੀ ਵਿੱਚ ਤਰਜਮਾ ਹੋਏ ਨਾਵਲਾਂ ਵਿੱਚ ਪੇਸ਼ ਮੁੱਖ ਸਰੋਕਾਰ

ਡਾ. ਸਵਰਨਜੀਤ ਕੌਰ



ਤਰਜਮੇ ਲਈ ਹਿੰਦੀ ਅਤੇ ਪੰਜਾਬੀ ਵਿੱਚ ਅਨੁਵਾਦ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਕਿਸੇ ਬੋਲੀ ਗਈ ਜਾਂ ਲਿਖੀ ਗਈ ਭਾਸ਼ਾ ਨੂੰ ਦੂਜੀ ਭਾਸ਼ਾ ਵਿਚ ਬਦਲਣ ਨੂੰ ਅਨੁਵਾਦ ਆਖਦੇ ਹਨ। ਉਰਦੂ ਫ਼ਾਰਸੀ ਵਿਚ ਇਸ ਲਈ ਮੁਤਰਜਿਮ (ਤਰਜਮਾ ਕਰਨ ਵਾਲਾ) ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਉਹੀ ਤਰਜਮਾ ਕੀਤੀ ਲਿਖਤ ਚੰਗੀ ਮੰਨੀ ਜਾਂਦੀ ਹੈ ਜੋ ਕਿਸੇ ਭਾਸ਼ਾ ਵਿਚ ਕਹੀ ਗਈ ਗੱਲ ਨੂੰ ਕਿਸੇ ਵੀ ਦੂਜੀ ਭਾਸ਼ਾ ਵਿਚ ਉਸ ਦੇ ਸਹੀ ਭਾਵਾਂ ਅਤੇ ਅਰਥਾਂ ਸਹਿਤ ਪੇਸ਼ ਕਰ ਸਕੇ।

ਜੇ ਕਿਸੇ ਭਾਸ਼ਾ ਵਿਚ ਕਹੀ ਹੋਈ ਗੱਲ ਨੂੰ ਉਸੇ ਪ੍ਰਕਾਰ ਕਾਇਮ ਰੱਖਿਆ ਜਾਵੇ ਪਰ ਉਸ ਨੂੰ ਕਿਸੇ ਹੋਰ ਲਿਪੀ ਵਿੱਚ ਲਿਖ ਦਿੱਤਾ ਜਾਵੇ ਤਾਂ ਉਸ ਕੰਮ ਨੂੰ ਲਿਪੀਅੰਤਰਨ ਆਖਦੇ ਹਨ ਨਾ ਕਿ ਅਨੁਵਾਦ।

ਲਿਪੀਅੰਤਰਨ ਕਿਸੇ ਲਿਖਤ ਨੂੰ ਇੱਕ ਲਿਪੀ ਵਿੱਚੋਂ ਦੂਜੀ ਲਿਪੀ ਵਿਚ ਬਦਲਣ ਦੀ ਕਿਰਿਆ ਹੈ। ਲਿਪੀਅੰਤਰਨ ਵਿਚ ਉਸ ਸ਼ਬਦ ਨੂੰ ਉਵੇਂ ਹੀ ਉਚਾਰਿਆ ਜਾਂਦਾ ਹੈ ਜਿਵੇਂ ਉਹ ਹੈ ਸਿਰਫ਼ ਉਸ ਦੀ ਲਿਪੀ ਬਦਲ ਦਿੱਤੀ ਜਾਂਦੀ ਹੈ ਜਿਵੇਂ ਕਿ ਅਤੇ ਸ਼ਬਦ ਨੂੰ ਦੇਵਨਾਗਰੀ ਲਿਪੀ ਵਿੱਚ ਅਤੇ ਹੀ ਲਿਖਿਆ ਜਾਵੇਗਾ ਜਦ ਕਿ ਅਨੁਵਾਦ ਕਰਦੇ ਹੋਏ ਇਸ ਨੂੰ ਔਰ ਲਿਖਿਆ ਜਾਵੇਗਾ। ਲਿਪੀਅੰਤਰ ਵੀ ਸੌਖਾ ਕਾਰਜ ਨਹੀਂ ਹੈ। ਇਹ ਵੀ ਤਾਂ ਹੀ ਸੰਭਵ ਹੋ ਸਕਦਾ ਹੈ ਕਿ ਤਰਜਮਾਕਾਰ ਨੂੰ ਦੋਵਾਂ ਭਾਸ਼ਾਵਾਂ ਦੀ ਪੂਰੀ ਤਰ੍ਹਾਂ ਡੂੰਘੀ ਸਮਝ ਹੋਵੇ ਕਿਉਂਕਿ ਹਰ ਭਾਸ਼ਾ ਦਾ ਆਪਣਾ ਵੱਖਰਾ ਭਾਸ਼ਾਈ ਚਿੰਨ੍ਹ ਜਗਤ ਹੁੰਦਾ ਹੈ ਜਿਸ ਵਿਚ ਉਸ ਦੇ ਸ਼ਬਦਾਂ ਨੂੰ ਉਸ ਦੇ ਆਪਣੇ ਸਭਿਆਚਾਰ ਦੇ ਅਰਥਾਂ ਅਤੇ ਮੁੱਲਾਂ ਨਾਲੋਂ ਤੋੜਨਾ ਲਗਪਗ ਅਸੰਭਵ ਹੁੰਦਾ ਹੈ।

ਰਚਨਾ ਕਰਦੇ ਸਮੇਂ ਰਚਨਾਕਾਰ ਨੂੰ ਆਪਣੇ ਭਾਵਾਂ, ਵਿਚਾਰਾਂ, ਅਨੁਭਵਾਂ ਅਤੇ ਕਲਪਨਾਵਾਂ ਨੂੰ ਆਪਣੇ ਢੰਗ ਨਾਲ ਆਪਣੀ ਭਾਸ਼ਾ ਵਿੱਚ ਪ੍ਰਗਟ ਕਰਨ ਦੀ ਜੋ ਖੁੱਲ੍ਹ ਹੁੰਦੀ ਹੈ ਉਹ ਹੂ-ਬ-ਹੂ ਅਨੁਵਾਦਕ ਨੂੰ ਨਹੀਂ ਹੁੰਦੀ। ਅਨੁਵਾਦ ਕਰਨਾ ਕਠਿਨ ਨਹੀਂ ਸਗੋਂ ਅਸੰਭਵ ਹੈ ਕਿਉਂਕਿ ਤਰਜਮਾਕਾਰ ਨੂੰ ਤਾਂ ਮੂਲ ਲਿਖਤ ਦੀਆਂ ਉਨ੍ਹਾਂ ਡੂੰਘਾਈਆਂ ਵਿਚ ਜਾਣਾ ਪੈਂਦਾ ਹੈ ਜਿਸ ਵਿਚ ਉਸ ਲਿਖਤ ਦਾ ਰਚਨਾਕਾਰ ਰਚਨਾ ਕਰਦੇ ਸਮੇਂ ਗਿਆ ਸੀ। ਤਰਜਮਾ ਆਧੁਨਿਕ ਯੁੱਗ ਵਿਚ ਸੰਸਾਰ ਲਈ ਸੰਚਾਰ ਦੇ ਤਾਕਤਵਰ ਸਾਧਨ ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਇਹ ਸੰਸਾਰਕ ਪੱਧਰ 'ਤੇ ਬੋਲੀ ਦੇ ਆਧਾਰ 'ਤੇ ਪਈਆਂ ਰੁਕਾਵਟਾਂ ਨੂੰ ਬੜੇ ਸੌਖੇ ਤਰੀਕੇ ਨਾਲ ਦੂਰ ਕਰ ਦਿੰਦਾ ਹੈ। ਦੂਜੀਆਂ ਭਾਸ਼ਾਵਾਂ ਵਿਚ ਕੀਤਾ ਜਾਂਦਾ ਤਰਜਮਾ ਭਾਸ਼ਾਵਾਂ ਨੂੰ ਅਮੀਰ ਕਰਦਾ ਹੈ। ਇਸ ਦੇ ਮਾਧਿਅਮ ਰਾਹੀਂ ਅਸੀਂ ਦੂਸਰੀ ਜਾਤੀ, ਸਮਾਜ ਅਤੇ ਸਾਹਿਤ ਬਾਰੇ ਗਿਆਨ ਪ੍ਰਾਪਤ ਕਰ ਸਕਦੇ ਹਾਂ। ਆਪਣੇ ਜੀਵਨ ਵਿਚ ਉਨ੍ਹਾਂ ਕਿਰਤਾਂ ਰਾਹੀਂ ਆਪਣੇ ਸਮਾਜ ਨੂੰ ਜਾਣੂ ਕਰਵਾ ਸਕਦੇ ਹਾਂ ਇਹ ਮਰ ਰਹੀਆਂ ਭਾਸ਼ਾਵਾਂ ਦੇ ਸਰੀਰ ਵਿਚ ਨਵਾਂ ਲਹੂ ਦਾਖ਼ਲ ਕਰਨ ਸਮਾਨ ਹੈ। ਤਰਜਮਾਕਾਰ ਦਾ ਕੰਮ ਅਤਿਅੰਤ ਮੁਸ਼ਕਿਲ ਹੈ ਕਿਉਂਕਿ ਉਸ ਨੂੰ ਤਾਂ ਮੂਲ ਲਿਖਤ ਦੀਆਂ ਉਨ੍ਹਾਂ ਪਰਤਾਂ ਵਿਚ ਝਾਤ ਮਾਰਨੀ ਪੈਂਦੀ ਹੈ ਜਿਸ ਵਿੱਚ ਉਸ ਦਾ ਰਚਨਹਾਰ ਲਿਖਦੇ ਸਮੇਂ ਗਿਆ ਸੀ। ਉਸ ਨੂੰ ਦੇਸ਼, ਕਾਲ, ਵਾਤਾਵਰਨ ਮਨੋਸਥਿਤੀ ਨੂੰ ਮਹਿਸੂਸ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਉਸ ਨੂੰ ਉਲੱਥਾ ਕਰਨ ਲਈ ਯੋਗ ਸ਼ਬਦ ਭੰਡਾਰ, ਵਾਕੰਸ਼, ਵਾਕ, ਅਖਾਣ, ਮੁਹਾਵਰੇ ਆਦਿ ਵੀ ਲੱਭਣੇ ਪੈਂਦੇ ਹਨ ਜੋ ਕੋਈ ਆਸਾਨ ਕਾਰਜ ਨਹੀਂ।

ਅਨੁਵਾਦ ਸ਼ਬਦ ਸੰਸਕ੍ਰਿਤ ਦੇ ਧਾਤੂ ਵਦੁ ਤੋਂ ਬਣਿਆ ਹੈ ਜਿਸ ਦਾ ਅਰਥ ਕਹਿਣਾ ਜਾਂ ਬੋਲਣਾ। ਵਦੁ ਨਾਲ ਅਗੇਤਰ ਅਨੁ ਲਗਾ ਦਿੱਤਾ ਗਿਆ ਜਿਸ ਦਾ ਅਰਥ ਪੁਨਰ ਜਾਂ ਦੁਬਾਰਾ ਹੈ। ਆਦਿ ਕਾਲ ਸਮੇਂ ਸਿੱਖਿਆ ਦੀ ਮੌਖਿਕ ਪਰੰਪਰਾ ਸੀ। ਗੁਰੂ ਮੌਖਿਕ ਰੂਪ ਵਿੱਚ ਸਿੱਖਿਆ ਦਿੰਦੇ ਸਨ ਅਤੇ ਸ਼ਿਸ਼ ਉਸ ਨੂੰ ਦੁਹਰਾਉਂਦੇ ਸਨ। ਚੌਧਵੀਂ ਪੰਦ੍ਰਵੀਂ ਸਦੀ ਵਿਚ ਇਸ ਲਈ ਟੀਕਾ ਸ਼ਬਦ ਦੀ ਵਰਤੋਂ ਕੀਤੀ ਜਾਣ

ਲੱਗ ਪਈ। ਅੱਗੇ ਚੱਲ ਕੇ ਫ਼ਾਰਸੀ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਪ੍ਰਭਾਵ ਅਧੀਨ ਕੀਤੀ ਗਈ ਅਨੁਵਾਦ ਲਈ ਤਰਜਮਾ ਸ਼ਬਦ ਵਰਤਿਆ ਜਾਣ ਲੱਗ ਪਿਆ। ਸਮੇਂ ਦੇ ਬੀਤਣ ਨਾਲ ਅਨੁਵਾਦ ਲਈ ਛਾਇਆ, ਟੀਕਾ, ਭਾਸ਼ਾਨੁਵਾਦ, ਤਰਜਮਾ ਅਤੇ ਉਲਥਾ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਣ ਲੱਗਾ। ਅੰਗਰੇਜ਼ੀ ਵਿੱਚ ਅਨੁਵਾਦ ਲਈ ਟਰਾਂਸਲੇਸ਼ਨ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਸ ਦਾ ਅਰਥ ਹੈ ਲੈ ਕੇ ਜਾਣਾ ਸੋ ਅਨੁਵਾਦ ਉਹ ਕਾਰਜ ਹੈ ਜਿਸ ਦੁਆਰਾ ਵਿਚਾਰਾਂ ਜਾਂ ਅਰਥਾਂ ਨੂੰ ਦੂਜੀ ਭਾਸ਼ਾ ਵਿੱਚ ਲਿਜਾਇਆ ਜਾਂਦਾ ਹੈ।

> ਭਾਈ ਕਾਹਨ ਸਿੰਘ ਨਾਭਾ ਅਨੁਸਾਰ, ਦੁਹਰਾਉਣ ਦੀ ਕਿਰਿਆ, ਕਿਸੇ ਵਾਕ ਨੂੰ ਫੇਰ ਆਖਣਾ।[1]

ਡਾ. ਭੋਲਾ ਨਾਥ ਤਿਵਾੜੀ ਦਾ ਕਥਨ ਹੈ:

> ਇਕ ਭਾਸ਼ਾ ਦੀ ਕਿਸੇ ਸਮਗਰੀ ਦਾ ਦੂਸਰੀ ਭਾਸ਼ਾ ਵਿਚ ਰੂਪਾਂਤਰਨ ਹੀ ਅਨੁਵਾਦ ਹੈ।[2]

ਇਨਸਾਈਕਲੋਪੀਡੀਆ ਆਫ਼ ਅਮਰੀਕਾ ਅਨੁਸਾਰ:

> ਅਨੁਵਾਦ ਇੱਕ ਭਾਸ਼ਾ ਦਾ ਕੰਮ ਦੂਸਰੀ ਭਾਸ਼ਾ ਵਿੱਚ ਉਲਥਾਉਣ ਦੀ ਕਲਾ ਹੈ।[3]

ਪ੍ਰੋਫ਼ੈਸਰ ਸੀਤਾ ਰਾਮ ਬਾਹਰੀ ਅਨੁਸਾਰ:

> ਉਲਥਾਕਾਰੀ ਇੱਕ ਘਾਲਣਾ ਪ੍ਰਧਾਨ ਕਲਾ ਹੈ ਜਿਸ ਰਾਹੀਂ ਕਿਸੇ ਓਪਰੀ ਭਾਸ਼ਾ ਦੇ ਮੂਲ ਲੇਖਕ ਦੇ ਮਨੋਭਾਵ ਉਸਦੀ ਸ਼ੈਲੀ ਲੈ ਤੇ ਵਿਸ਼ੇਸ਼ ਵਿਅੰਜਨਾਂ ਸਮੇਤ ਆਪਣੀ ਮਾਤ ਬੋਲੀ ਵਿੱਚ ਉਤਾਰੇ ਜਾਂਦੇ ਹਨ।[4]

ਉਪਰੋਕਤ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਦੇ ਆਧਾਰ ’ਤੇ ਇਸ ਸਿੱਟੇ ’ਤੇ ਪੁੱਜਿਆ ਜਾ ਸਕਦਾ ਹੈ ਕਿ ਅਨੁਵਾਦ ਇੱਕ ਕਲਾ ਹੈ ਜਿਸ ਵਿੱਚ ਕਲਾਕਾਰ ਭਾਵ ਤਰਜਮਾਕਾਰ ਮਾਹਿਰ ਹੋਣਾ ਚਾਹੀਦਾ ਹੈ।

1947 ਦੀ ਭਾਰਤ-ਪਾਕ ਵੰਡ ਨੇ ਨਾ ਕੇਵਲ ਲੋਕਾਈ ਨੂੰ ਵੰਡਿਆ ਸਗੋਂ ਸਾਹਿਤ ਵਿੱਚ ਵੀ ਵੰਡ ਪਾ ਦਿੱਤੀ ਜਿਸ ਦੇ ਆਧਾਰ ’ਤੇ ਭਾਸ਼ਾਵਾਂ ਵੰਡੀਆਂ ਗਈਆਂ ਅਤੇ ਪੰਜਾਬੀ ਦੀਆਂ ਲਿਪੀਆਂ ਵੀ ਵੰਡੀਆਂ ਗਈਆਂ। ਭਾਰਤੀ ਪੰਜਾਬ ਵਿਚ ਪੰਜਾਬੀ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਲਈ ਸ਼ਾਹਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਸ਼ਾਹਮੁਖੀ ਵਿੱਚ ਰਚਿਆ ਸਾਹਿਤ ਵੀ ਪੰਜਾਬੀ ਸਾਹਿਤ ਦਾ ਹੀ ਹਿੱਸਾ ਹੈ। ਪਰ ਲਿਪੀ ਦੀ ਸਮੱਸਿਆ ਕਰਕੇ ਇਹ ਆਮ ਪਾਠਕਾਂ ਦੀ ਪਹੁੰਚ ਤੋਂ ਦੂਰ ਹੈ। ਇਸ ਲਈ ਕੁਝ ਵਿਦਵਾਨਾਂ ਦੀ ਮਿਹਨਤ ਸਦਕਾ ਇਹ ਸਾਹਿਤ ਲਿਪੀਅੰਤਰ ਹੋ ਕੇ ਸਾਡੇ ਤਕ ਅੱਪੜਿਆ ਹੈ ਜਿਸ ਵਿੱਚ ਵੱਖ-ਵੱਖ ਸਾਹਿਤ ਰੂਪਾਕਾਰਾਂ ਵਿਚ ਸਾਹਿਤ ਸਾਹਮਣੇ ਆਇਆ ਹੈ ਪਰ ਇੱਥੇ ਸਾਡਾ ਸਬੰਧ ਗਲਪ ਦੀ ਪ੍ਰਮੁੱਖ ਵਿਧਾ ਨਾਵਲ ਨਾਲ ਹੈ। ਇਸ ਲਈ ਇੱਥੇ ਅਸੀਂ ਗੁਰਮੁਖੀ ਵਿੱਚ ਲਿਪੀਅੰਤਰ ਹੋਏ ਨਾਵਲਾਂ ਬਾਰੇ ਵਿਚਾਰ ਚਰਚਾ ਕਰਾਂਗੇ।

ਗੁਰਮੁਖੀ ਵਿੱਚ ਲਿਪੀਅੰਤਰ ਹੋਏ ਨਾਵਲਾਂ ਵਿੱਚ ਅਫ਼ਜ਼ਲ ਅਹਿਸਾਨ ਰੰਧਾਵਾ, ਫ਼ਖ਼ਰ ਜ਼ਮਾਨ, ਫਰਜ਼ੰਦ ਅਲੀ, ਸਲੀਮ ਖਾਂ ਗਿੱਮੀ, ਮੀਰ ਤਨਹਾ ਯੂਸਫ਼ੀ, ਮੁਹੰਮਦ ਮਨਸ਼ਾ ਯਾਦ, ਅਹਿਮਦ ਸਲੀਮ, ਮੁਸਤਨਸਰ ਹੁਸੈਨ ਤਾਰੜ, ਰਜ਼ੀਆ ਨੂਰ ਮੁਹੰਮਦ, ਕਹਿਕਸ਼ਾਂ ਮਲਿਕ, ਹੁਸੈਨ ਸ਼ਾਹਿਦ ਆਦਿ ਪ੍ਰਮੁੱਖ ਨਾਵਲਕਾਰ ਹਨ ਜਿਨ੍ਹਾਂ ਦੇ ਨਾਵਲ ਗੁਰਮੁਖੀ ਲਿਪੀ ਵਿੱਚ ਤਰਜਮਾ ਹੋਏ ਹਨ। ਇਨ੍ਹਾਂ ਵਿੱਚ ਵੀ ਦੋ ਪ੍ਰਕਾਰ ਦੇ ਨਾਵਲ ਸਾਹਮਣੇ ਆਏ ਹਨ। ਇੱਕ ਪ੍ਰਕਾਰ ਦੇ ਨਾਵਲ ਅਜਿਹੇ ਹਨ ਜੋ ਸਪਸ਼ਟ ਰੂਪ ਵਿੱਚ ਵਿਸ਼ੇ ਨੂੰ ਪੇਸ਼ ਕਰਦੇ ਹਨ। ਦੂਜੀ ਪ੍ਰਕਾਰ ਦੇ ਨਾਵਲ ਪ੍ਰਤੀਕਾਤਮਿਕ ਸ਼ੈਲੀ ਨਾਲ ਸਬੰਧਿਤ ਹਨ ਜਿਸ ਵਿੱਚ ਆਪਣੀ ਗੱਲ ਨੂੰ ਪ੍ਰਤੀਕ ਰਾਹੀਂ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਪ੍ਰਤੀਕਾਤਮਿਕ ਸ਼ੈਲੀ ਪਾਕਿਸਤਾਨੀ ਪੰਜਾਬੀ ਨਾਵਲ ਦਾ ਖ਼ਾਸਾ ਹੈ। ਉੱਥੋਂ ਦੇ ਬੰਦ ਸਮਾਜ ਵਿੱਚ, ਦਬਵੇਂ ਮਾਹੌਲ ਅਤੇ ਸਾਹ ਘੁੱਟਵੇਂ ਵਾਤਾਵਰਨ ਅਧੀਨ ਖੁੱਲ੍ਹ ਕੇ ਆਪਣੀ ਗੱਲ ਕਹਿ ਸਕਣਾ ਆਸਾਨ ਨਹੀਂ ਸੀ। ਇਸੇ ਲਈ ਪ੍ਰਤੀਕਾਤਮਿਕ ਸ਼ੈਲੀ ਉਨ੍ਹਾਂ ਦੀਆਂ ਰਚਨਾਵਾਂ ਦਾ ਲਾਜ਼ਮੀ ਅੰਗ ਬਣਦੀ ਰਹੀ ਹੈ। ਇਨ੍ਹਾਂ ਨਾਵਲਾਂ ਵਿੱਚ ਪ੍ਰਤੀਕਾਤਮਿਕ ਸ਼ੈਲੀ ਵਰਤੇ ਜਾਣ ਬਾਰੇ ਜਤਿੰਦਰਪਾਲ ਸਿੰਘ ਦਾ ਕਥਨ ਹੈ:

> ਸਿਆਸੀ ਚੇਤਨਾ ਨਾਲ ਸੰਬੰਧਿਤ ਇਹ ਰਚਨਾਵਾਂ, ਸਮੱਸਿਆਵਾਂ ਨੂੰ ਪ੍ਰਤੀਕਾਤਮਿਕ ਲਹਿਜੇ ਵਿੱਚ ਪ੍ਰਗਟਾਉਣ ਦੇ ਸਮਰੱਥ ਹੋਈਆਂ ਹਨ। ਪਾਕਿਸਤਾਨ ਅੰਦਰਲੀ ਰਾਜਨੀਤਕ, ਸਮਾਜਿਕ ਤੇ ਤਣਾਅਪੂਰਨ ਸਥਿਤੀ, ਮਾਰਸ਼ਲ ਲਾਅ ਦੇ ਅਸਰ, ਨਿਰੰਤਰ ਅਨਿਸ਼ਚਿਤਤਾ ਤੇ ਅਸਥਿਰਤਾ ਦਾ ਭੈਅ ਤੇ ਉਸ

ਦੌਰਾਨ ਗੁਆਂਢੀ ਮੁਲਕਾਂ ਦਾ ਵਰਤਾਰਾ ਪਾਕਿਸਤਾਨੀ ਪੰਜਾਬੀ ਗਲਪ ਦਾ ਸੁਚੇਤ ਅੰਗ ਬਣਿਆ ਹੈ। ਪਲ-ਪਲ ਵਿਗਸਦੀ ਦੁਨੀਆ, ਇਕਲਾਪੇ ਵਿੱਚ ਘਿਰੇ ਮਨੁੱਖ ਦੀ ਤ੍ਰਾਸਦੀ, ਸਵੈ ਪਹਿਚਾਣ ਦੇ ਸੰਕਟ ਆਦਿ ਦਾ ਪ੍ਰਗਟਾ ਨਿੱਤ ਨਵੇਂ ਪ੍ਰਯੋਗਾਂ ਨੂੰ ਜਨਮ ਦੇ ਰਿਹਾ ਹੈ।[5]

ਪ੍ਰਤੀਕਾਤਮਿਕ ਸ਼ੈਲੀ ਵਿਚ ਲਿਖਣ ਵਾਲੇ ਨਾਵਲਕਾਰਾਂ ਵਿੱਚ ਫ਼ਖ਼ਰ ਜ਼ਮਾਨ, ਅਹਿਮਦ ਸਲੀਮ, ਅਹਿਸਾਨ ਬਟਾਲਵੀ ਅਤੇ ਮੁਸਤਨਸਰ ਹੁਸੈਨ ਤਾਰੜ ਦੇ ਨਾਂ ਪ੍ਰਮੁੱਖ ਹਨ। ਪ੍ਰਤੀਕਾਤਮਿਕ ਨਾਵਲਾਂ ਦੇ ਸੰਬੰਧ ਵਿੱਚ ਫ਼ਖ਼ਰ ਜ਼ਮਾਨ ਦੇ ਨਾਵਲਾਂ ਬਾਰੇ ਡਾ. ਕਰਨੈਲ ਸਿੰਘ ਦੀ ਟਿੱਪਣੀ ਇਸ ਪ੍ਰਕਾਰ ਹੈ:

> ਫ਼ਖ਼ਰ ਜ਼ਮਾਨ ਤਜਰਬਿਆਂ ਦਾ ਨਾਵਲਕਾਰ ਹੈ। ਉਹ ਮਿੱਥਾਂ ਸਿਰਜਦਾ ਹੈ। ਪ੍ਰਤੀਕਾਂ, ਬਿੰਬਾਂ ਅਥਵਾ ਇਲਾਮਤਾਂ ਤੇ ਇਸਤਿਆਰਿਆ ਰਾਹੀਂ ਰਾਜਸੀ ਤੇ ਸਮਾਜਿਕ ਖੇਤਰਾਂ ਵਿੱਚ ਪਸਰੇ ਹੋਏ ਭ੍ਰਿਸ਼ਟਾਚਾਰ ਨੂੰ ਨੰਗਿਆਂ ਕਰਦਾ ਹੈ। ਧਰਮ ਜਾਂ ਮਜ਼੍ਹਬ ਦੇ ਨਾਂ ’ਤੇ ਕੀਤੇ ਜਾਂਦੇ ਪਾਖੰਡ ਉੱਪਰ ਕਰਾਰੀ ਚੋਟ ਮਾਰਦਾ ਹੈ। ਉਸ ਦੀ ਨਜ਼ਰ ਵਿਚ ਇਸ ਹਮਾਮ ਵਿੱਚ ਸਾਰੇ ਨੰਗੇ ਹਨ: ਰਾਜਸੀ ਆਗੂ, ਫ਼ੌਜੀ ਹਾਕਮ, ਜਾਗੀਰਦਾਰ/ਵਡੇਰੇ, ਮੁੱਲਾਂ-ਮੁਲਾਣੇ ਅਤੇ ਵੱਡੇ ਹਾਕਮ। ਜਿਹੜੇ ਲੋਕ ਜ਼ਬਾਨ, ਮਜ਼੍ਹਬ, ਨਸਲ, ਕਬੀਲੇ ਜਾਂ ਫ਼ਿਰਕੇ ਦੇ ਆਧਾਰ ’ਤੇ ਵੰਡੀਆਂ ਪਾਉਂਦੇ ਹਨ, ਉਹ ਉਨ੍ਹਾਂ ਨੂੰ ਬਖ਼ਸ਼ਦਾ ਨਹੀਂ। ਉਸ ਅਨੁਸਾਰ ਲੋਕਾਈ ਖ਼ਾਨਿਆਂ ਵਿੱਚ ਵੰਡੀ ਨਹੀਂ ਜਾ ਸਕਦੀ। ਫ਼ਖ਼ਰ ਰਮਜ਼ਾਂ ਰਾਹੀਂ ਡੂੰਘੀਆਂ ਗੱਲਾਂ ਕਰਨ ਵਾਲਾ ਨਾਵਲਕਾਰ ਹੈ।[6]

ਉਸ ਨੇ ਸੱਤ ਗਵਾਚੇ ਲੋਕ, ਇੱਕ ਮਰੇ ਬੰਦੇ ਦੀ ਕਹਾਣੀ, ਬੰਦੀਵਾਨ, ਬੇਵਤਨਾ, ਕਮਜ਼ਾਤ ਨਾਮਕ ਮਹੱਤਵਪੂਰਨ ਨਾਵਲਾਂ ਦੀ ਰਚਨਾ ਕੀਤੀ। ਇਨ੍ਹਾਂ ਨਾਵਲਾਂ ਵਿੱਚ ਵਰਤੇ ਬਿੰਬਾਂ ਅਤੇ ਪ੍ਰਤੀਕਾਂ ਨੂੰ ਸਮਝਣ ਲਈ ਸੰਦਰਭ ਨੂੰ ਸਮਝਣਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਅਰਥ ਸੰਦਰਭ ਵਿੱਚ ਨਿਹਿਤ ਹੈ। ਸੰਦਰਭ ਤੋਂ ਬਿਨਾਂ ਅਰਥ ਸਮਝਣਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਹੈ। ਡਾ.ਅਮਰਜੀਤ ਸਿੰਘ ਇਸ ਸੰਬੰਧ ਵਿੱਚ ਬੜੀ ਮਹੱਤਵਪੂਰਨ ਟਿੱਪਣੀ ਕਰਦੇ ਹਨ:

> ਪਾਕਿਸਤਾਨੀ ਨਾਵਲ ਦਾ ਅਸਤਿਤਵ ਅਜਿਹੇ encode/decode ਦੀ ਸੰਵਾਦੀ ਸਿਰਜਣ ਪ੍ਰਕਿਰਿਆ ਵਿੱਚੋਂ ਲੰਘ ਰਿਹਾ ਹੈ, ਜਿਹੜੀ ਸਾਹਿਤ ਅਤਿਰਿਕਤ ਸੰਦਰਭ ਤੋਂ ਨਿਖੇੜ ਕੇ ਪਛਾਣੀ ਹੀ ਨਹੀਂ ਜਾ ਸਕਦੀ।[7]

ਬਿੰਬਾਂ ਅਤੇ ਪ੍ਰਤੀਕਾਂ ਦੀ ਵਰਤੋਂ ਕਰਨ ਵਾਲਾ ਦੂਜਾ ਮਹੱਤਵਪੂਰਨ ਨਾਵਲਕਾਰ ਅਹਿਮਦ ਸਲੀਮ ਹੈ। ਅਹਿਮਦ ਸਲੀਮ ਦੀਆਂ ਰਚਨਾਵਾਂ ਵਿਚ ਸਦਾ ਹੀ ਵਿਚਾਰਾਂ ਦੀ ਪ੍ਰਧਾਨਤਾ ਹੁੰਦੀ ਹੈ। ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਪੰਜਾਬ ਦੇ ਵਿਰਸੇ ਦੀ ਪਛਾਣ ਆਦਿ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨ ਲਈ ਨਾਵਲਕਾਰ ਨੇ ਤਿਤਲੀਆਂ ਅਤੇ ਟੈਂਕ ਦਾ ਪ੍ਰਤੀਕ ਵਰਤ ਕੇ ਪੰਜਾਬ ਦੀ ਮਜ਼ਲੂਮ ਲੋਕਾਈ ਦਾ ਪੱਖ ਪੂਰ ਰਿਹਾ ਹੈ। ਨਾਵਲਕਾਰ ਨੇ ਸਿਕੰਦਰ ਤੋਂ ਆਰੰਭ ਕਰਕੇ ਅੰਗਰੇਜ਼ੀ ਹਕੂਮਤ ਦੇ ਜ਼ੁਲਮਾਂ ਤੱਕ ਦੀ ਹਰ ਝਾਕੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਕਿਸੇ ਵੀ ਹਮਲਾਵਰ ਨੂੰ ਨਹੀਂ ਬਖ਼ਸ਼ਿਆ। ਉਸ ਅਨੁਸਾਰ ਸਿੰਧੀ ਕੁੜੀਆਂ ਤਿਤਲੀਆਂ ਹਨ ਤੇ ਪੰਜਾਬੀ ਧਾੜਵੀ ਟੈਂਕ ਹਨ।

ਪ੍ਰਤੀਕਾਤਮਿਕ ਸ਼ੈਲੀ ਦੀ ਵਰਤੋਂ ਕਰਨ ਵਾਲਾ ਅਗਲਾ ਨਾਵਲਕਾਰ ਮੁਸਤਨਸਰ ਹੁਸੈਨ ਤਾਰੜ ਹੈ। ਜਿਸਨੇ ਇਸ ਨਾਵਲ ਰਾਹੀਂ ਮਨੁੱਖ ਅਤੇ ਪਖੇਰੂ ਦੇ ਚਿੰਨ੍ਹ ਵਰਤ ਕੇ ਸਮਕਾਲੀ ਸਮਾਜ ਵਿੱਚ ਇਨਸਾਨ ਦੀ ਟੁੱਟ-ਭੱਜ ਦਾ ਦ੍ਰਿਸ਼ ਪੇਸ਼ ਕੀਤਾ ਹੈ। ਪੂੰਜੀਵਾਦੀ ਅਤੇ ਜਾਗੀਰਦਾਰੀ ਸਮਾਜਿਕ ਸਿਸਟਮ ਵਿੱਚ ਲਾਲਚੀ ਫ਼ਰੇਬੀ ਤੇ ਮਤਲਬੀ ਲੋਕਾਂ ਨੂੰ ਗਿਰਝਾਂ ਦੀ ਇਲਾਮਤ, ਸਾਧਾਰਨ ਲੋਕਾਂ ਨੂੰ ਪਖੇਰੂ ਅਤੇ ਜਿਨ੍ਹਾਂ ਲੋਕਾਂ ਵਿੱਚ ਕੋਈ ਦਮ ਨਹੀਂ ਉਨ੍ਹਾਂ ਨੂੰ ਖੋਤਿਆਂ ਨਾਲ ਤੁਲਨਾਇਆ ਹੈ।

ਇਸੇ ਖੇਤਰ ਵਿੱਚ ਇੱਕ ਹੋਰ ਕਿਰਤ ਅਹਿਸਾਨ ਬਟਾਲਵੀ ਦਾ ਨਾਵਲ ‘ਕਹਾਣੀ ਇੱਕ ਇੱਜੜ ਦੀ’ ਹੈ। ਇਸ ਨਾਵਲ ਰਾਹੀਂ ਨਾਵਲਕਾਰ ਨੇ ਸਮਕਾਲੀ ਸਮਾਜ ਅਤੇ ਸਮਾਜ ਦੇ ਅਖੌਤੀ ਅਗਾਂਹਵਧੂ ਆਗੂਆਂ ਉੱਤੇ ਕਰਾਰਾ ਵਿਅੰਗ ਕੀਤਾ ਹੈ। ਉਸ ਨੇ ਸਪੱਸ਼ਟ ਸ਼ਬਦਾਂ ਵਿੱਚ ਟਿੱਪਣੀ ਕਰਨ ਦੀ ਥਾਂ ਲੋਕਾਈ ਨੂੰ ਇੱਜੜ ਦਾ ਪ੍ਰਤੀਕ ਮੰਨ ਕੇ ਵਿਅੰਗਾਤਮਕ ਲਹਿਜ਼ੇ ਵਿੱਚ ਇਹ ਦ੍ਰਿੜ੍ਹ ਕਰਾਉਣ ਦਾ ਯਤਨ ਕੀਤਾ ਹੈ ਕਿ ਕਿਸ ਤਰ੍ਹਾਂ ਮਤਲਬਪ੍ਰਸਤ ਆਗੂ ਭੋਲੇ-

ਭਾਲੇ ਲੋਕਾਂ ਨੂੰ ਵਰਗਲਾ ਕੇ ਆਪਣਾ ਉੱਲੂ ਸਿੱਧਾ ਕਰਦੇ ਹਨ। ਨਾਵਲਕਾਰ ਆਪਣੀ ਸਮਾਜ ਪ੍ਰਤੀ ਪੂਰਨ ਸੋਝੀ ਰੱਖਦਾ ਹੈ ਅਤੇ ਚੇਤੰਨ ਮਨੋਵਿਗਿਆਨੀ ਵਾਂਗ ਮਾਹੌਲ ਦਾ ਜਾਇਜ਼ਾ ਲੈ ਕੇ ਮਨੁੱਖੀ ਭਾਵਨਾਵਾਂ ਨੂੰ ਪ੍ਰਤੀਕਾਂ ਦੇ ਸਹਾਰੇ ਬੜੀ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ।

ਦੂਜੀ ਪ੍ਰਕਾਰ ਦੇ ਨਾਵਲਾਂ ਜਿਸ ਵਿੱਚ ਨਾਵਲਕਾਰ ਆਪਣੀ ਗੱਲ ਸਪਸ਼ਟ ਰੂਪ ਵਿੱਚ ਕਹਿੰਦਾ ਹੈ ਉਸ ਵਿੱਚ ਸਭ ਤੋਂ ਪਹਿਲਾ ਨਾਂ ਅਫ਼ਜ਼ਲ ਅਹਿਸਨ ਰੰਧਾਵਾ ਦਾ ਆਉਂਦਾ ਹੈ। ਜਿਸ ਦੇ ਚਾਰ ਨਾਵਲ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਤਰਜਮਾ ਹੋਏ ਮਿਲਦੇ ਹਨ। ਜਿਸ ਵਿੱਚ 'ਦੀਵਾ ਤੇ ਦਰਿਆ', 'ਦੁਆਬਾ', 'ਸੂਰਜ ਗ੍ਰਹਿਣ' ਅਤੇ 'ਪੰਧ' ਪ੍ਰਮੁੱਖ ਰੂਪ ਵਿੱਚ ਸ਼ਾਮਲ ਹਨ। ਅਫ਼ਜ਼ਲ ਅਹਿਸਨ ਰੰਧਾਵਾ ਬਾਰੇ ਡਾ. ਕਰਨੈਲ ਸਿੰਘ ਥਿੰਦ ਆਖਦੇ ਹਨ:

> ਅਫ਼ਜ਼ਲ ਅਹਿਸਨ ਰੰਧਾਵਾ ਦੇ ਚਾਰ ਨਾਵਲ ਛਪੇ ਹੋਏ ਮਿਲਦੇ ਹਨ। ਆਪਣੇ ਪਹਿਲੇ ਦੋਹਾਂ ਨਾਵਲਾਂ ਵਿੱਚ ਲੇਖਕ ਨੇ 1947 ਅਥਵਾ ਪੰਜਾਬ ਦੀ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦਾ ਮਾਹੌਲ ਚਿਤਰਨ ਦੀ ਕੋਸ਼ਿਸ਼ ਕੀਤੀ ਹੈ। ਰੰਧਾਵਾ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਅਤੇ ਪਾਕਿਸਤਾਨ ਦੀ ਕਾਇਮੀ ਨਾਲ ਜਿਹੜਾ ਮਨੁੱਖ ਟੋਟੇ-ਟੋਟੇ ਹੋਇਆ ਉਸਦਾ ਨਾਂ ਪੰਜਾਬ ਸੀ।[8]

ਉਸ ਦੇ ਪਹਿਲੇ ਦੋ ਨਾਵਲ ਸਾਂਝੇ ਹਿੰਦੂ-ਸਿੱਖ ਸਭਿਆਚਾਰ ਦੀ ਬਾਤ ਪਾਉਂਦੇ ਹਨ। ਦੋਹਾਂ ਦੀ ਭਾਈਚਾਰਕ ਸਾਂਝ ਦੀ ਤਰਜਮਾਨੀ ਕਰਦੇ ਹਨ। ਇਨ੍ਹਾਂ ਨਾਵਲਾਂ ਵਿੱਚ ਪੰਜਾਬ ਦੇ ਪੇਂਡੂ ਜੱਟ-ਸਿੱਖ ਕਿਸਾਨੀ ਜੀਵਨ ਦੇ ਮਸਲਿਆਂ ਪਰਸਪਰ ਵੈਰ-ਵਿਰੋਧ ਦੋਸਤੀਆਂ, ਦੁਸ਼ਮਣੀਆਂ, ਉਨ੍ਹਾਂ ਦੀਆਂ ਪਰਿਵਾਰਕ ਅਤੇ ਸਮਾਜਿਕ ਸਮੱਸਿਆਵਾਂ ਪੀੜ੍ਹੀ-ਦਰ-ਪੀੜ੍ਹੀ ਵੈਰ, ਲੜਾਈਆਂ-ਝਗੜੇ, ਵੱਢ-ਟੁੱਕ, ਕਤਲਾਂ ਆਦਿ ਦਾ ਵਰਣਨ ਹੈ। ਇਨ੍ਹਾਂ ਨਾਵਲਾਂ ਵਿੱਚ ਪਿਆਰ ਅਤੇ ਮੁਹੱਬਤ ਦਾ ਪ੍ਰਗਟਾਵਾ ਵੀ ਹੈ। ਪੰਜਾਬੀ ਸਭਿਆਚਾਰ ਬਾਖ਼ੂਬੀ ਪੇਸ਼ ਹੋਇਆ ਹੈ।

ਇਸੇ ਤਰ੍ਹਾਂ ਸਲੀਮ ਖਾਂ ਗਿੰਮੀ ਦੇ ਨਾਵਲਾਂ 'ਸਾਂਝ' ਅਤੇ 'ਰੱਤ ਤੇ ਰੇਤਾ' ਵਿੱਚ ਵੀ ਅਫ਼ਜ਼ਲ ਅਹਿਸਨ ਰੰਧਾਵਾ ਦੇ ਨਾਵਲਾਂ ਵਾਂਗ ਹੀ ਭਾਈਚਾਰਕ ਸਾਂਝ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਇਨ੍ਹਾਂ ਨਾਵਲਕਾਰਾਂ ਦੇ ਅਵਚੇਤਨ ਵਿੱਚ ਸਾਂਝੀ ਭਾਈਚਾਰਕ ਸਾਂਝ ਦਾ ਜੋ ਬੀਜ ਬੀਜਿਆ ਗਿਆ ਸੀ ਉਹ ਉਨ੍ਹਾਂ ਦੀਆਂ ਹੋਰਨਾਂ ਰਚਨਾਵਾਂ ਵਿੱਚ ਵੀ ਮਿਲਦਾ ਹੈ। ਸਲੀਮ ਖਾਂ ਗਿੰਮੀ ਨੇ ਆਪਣੇ ਨਾਵਲ ਸਾਂਝ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਫ਼ਰੀਦਪੁਰ ਨੂੰ ਆਧਾਰ ਬਣਾ ਕੇ ਜਿੱਥੇ ਦੇਸ਼ ਵੰਡ ਦੇ ਦੁਖਾਂਤ ਨੂੰ ਬਿਆਨ ਕੀਤਾ ਹੈ ਨਾਲ ਹੀ ਪੰਜਾਬੀਆਂ ਦੀ ਸਾਂਝੀ ਰਹਿਤਲ ਨੂੰ ਵੀ ਮੇਲਿਆਂ ਦੇ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਲੀਮ ਖਾਂ ਗਿੰਮੀ ਨੇ ਆਪਣੇ ਨਾਵਲ ਸਾਂਝ ਵਿੱਚ ਅਜਿਹੇ ਸਮਾਜ ਸਭਿਆਚਾਰ ਦੀ ਬਾਤ ਪਾਈ ਹੈ ਜਿਸ ਵਿਚ ਵੰਡ ਤੋਂ ਪਹਿਲਾਂ ਮੁਸਲਿਮ ਸਿੱਖ ਭਾਈਚਾਰੇ ਵਿੱਚ ਪਨਪੇ ਪਿਆਰ ਦੀਆਂ ਗੰਢਾਂ ਹੋਰ ਪੀਡੀਆਂ ਹੁੰਦੀਆਂ ਨਜ਼ਰ ਆਉਂਦੀਆਂ ਹਨ। ਜਿੱਥੇ ਇਸ ਨਾਵਲ ਤੋਂ ਪਹਿਲਾਂ ਸਾਂਝ ਨਾਵਲ ਵਿਚਲਾ ਬਿਰਤਾਂਤ 1947 ਦੀ ਵੰਡ 'ਤੇ ਆ ਕੇ ਸਮਾਪਤ ਹੁੰਦਾ ਹੈ। ਉੱਥੇ 'ਰੱਤ ਤੇ ਰੇਤਾ' ਵਿਚਲਾ ਬਿਰਤਾਂਤ 1947 ਦੀ ਵੰਡ ਤੋਂ ਮਗਰੋਂ ਆਰੰਭ ਹੁੰਦਾ ਹੈ। ਇਹ ਨਾਵਲ ਉਸ ਸਮਾਜ-ਸਭਿਆਚਾਰ ਦੀ ਤਰਜਮਾਨੀ ਕਰਦਾ ਹੈ ਜਿਸ ਵਿੱਚ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਭਰਾਤਰੀ ਭਾਵ ਨੂੰ ਨਾ ਕੇਵਲ ਬਰਕਰਾਰ ਰੱਖਿਆ ਗਿਆ ਹੈ ਬਲਕਿ ਦੇਸ਼ ਵੰਡ ਤੋਂ ਬਾਅਦ ਉਨ੍ਹਾਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋ ਕੇ ਹੋਰ ਵੀ ਗੂੜ੍ਹਾ ਕੀਤਾ ਗਿਆ ਹੈ।ਨਾਵਲਕਾਰ ਨੇ ਲੰਡਨ ਦੇ ਸਮਾਜ ਸਭਿਆਚਾਰ ਦੀ ਪੇਸ਼ਕਾਰੀ ਵੀ ਕੀਤੀ ਹੈ ਜਿਸ ਵਿੱਚ ਔਰਤ ਮਰਦ ਦੇ ਵਿਆਹ ਬਾਹਰੇ ਸਬੰਧਾਂ ਨੂੰ ਵੀ ਖੁੱਲ੍ਹ ਕੇ ਪੇਸ਼ ਕੀਤਾ ਹੈ।

ਫ਼ਰਜ਼ੰਦ ਅਲੀ ਵੀ ਪਾਕਿਸਤਾਨੀ ਪੰਜਾਬ ਦਾ ਇੱਕ ਚੇਤੰਨ ਨਾਵਲਕਾਰ ਮੰਨਿਆ ਜਾਂਦਾ ਹੈ। ਜਿਸ ਦੇ ਨਾਵਲਾਂ ਵਿੱਚ ਪਾਕਿਸਤਾਨੀ ਰਹਿਤਲ ਸਭਿਆਚਾਰਕ ਰੂਪਾਂਤਰਨ ਦੀ ਪ੍ਰਕਿਰਿਆ ਰਾਹੀਂ ਸਾਹਮਣੇ ਆਉਂਦੀ ਹੈ।ਇਸ ਦੇ ਨਾਵਲਾਂ ਦੇ ਪਾਤਰ ਖੇਤ ਮਜ਼ਦੂਰ ਤੋਂ ਕਾਰਖ਼ਾਨਾ ਮਜ਼ਦੂਰ ਤੱਕ ਦਾ ਸਫ਼ਰ ਤੈਅ ਕਰਦੇ ਹਨ। ਇਹ ਪਿੰਡਾਂ ਤੋਂ ਸ਼ਹਿਰਾਂ ਤੱਕ ਦਾ ਸਫ਼ਰ ਵੀ ਹੈ। 'ਭੁੱਬਲ' ਨਾਵਲ ਬਾਰੇ ਡਾ. ਕਰਨੈਲ ਸਿੰਘ ਥਿੰਦ ਦਾ ਵਿਚਾਰ ਹੈ:

> ਇਹ ਨਾਵਲ ਜੀਵਨ ਝਾਕੀਆਂ ਦੀ ਲੜੀ ਹੈ ਅਤੇ ਇਸ ਵਿੱਚ ਉਸਤਾਦ ਦਾਮਨ ਦੀਆਂ ਜੀਵਨ ਘਟਨਾਵਾਂ ਦਾ ਵੇਰਵਾ ਹੈ। ਲੇਖਕ ਦੀ ਹੱਡਬੀਤੀ ਵਿੱਚ ਰਾਹਕ ਵਜੋਂ

ਵਾਹੀਕਾਰ, ਮਿੱਲ ਵਿੱਚ ਨੌਕਰੀ, ਉਸਤਾਦ ਦਾਮਨ ਨਾਲ ਮੁਲਾਕਾਤ, ਜੀਵਨ ਬਾਰੇ ਉਸਾਰੂ ਨਜ਼ਰੀਆ, ਅਗਾਂਹਵਧੂ ਸੋਚ ਦਾ ਧਾਰਨੀ ਇੱਕ ਕਾਮਯਾਬ ਲੇਖਕ ਗ਼ਰੀਬਾਂ ਦਾ ਹਮਦਰਦ ਅਤੇ ਇਨਕਲਾਬ ਰਾਹੀਂ ਸਾਵੀਂ ਪੱਧਰੀ ਅਤੇ ਸੁਖਾਵੀਂ ਸੁਧਰੀ ਜ਼ਿੰਦਗੀ ਦਾ ਚਾਹਵਾਨ ਆਦਿ ਪੱਖ ਦਿਸ ਆਉਂਦੇ ਹਨ।[9]

ਫ਼ਰਜ਼ੰਦ ਅਲੀ ਦਾ ਦੂਜਾ ਨਾਵਲ 'ਇੱਕ ਚੂੰਢੀ ਲੂਣ' ਦੀ ਵੀ ਮਹੱਤਵਪੂਰਨ ਸਰੋਕਾਰਾਂ ਨੂੰ ਪੇਸ਼ ਕਰਦਾ ਹੈ। ਨਾਵਲ ਦਾ ਆਰੰਭ ਭਾਵੇਂ ਸੱਯਦਾਂ ਦੇ ਕਾਮੇ ਗੁਲਾਬਦੀਨ ਅਤੇ ਫ਼ੌਜੀ ਦੀ ਜ਼ਿੰਦਗੀ ਤੋਂ ਹੁੰਦਾ ਹੈ ਜਿਸ ਨੇ ਖ਼ੁਦ ਰੁੱਖੀ ਸੁੱਖੀ ਖਾ ਕੇ ਲੰਬੜਾਂ ਨੂੰ ਚੋਪੜੀਆਂ ਖਵਾਈਆਂ ਅਤੇ ਇਸ ਧਰਤੀ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕੀ ਰੱਖਿਆ। ਗੁਲਾਬਦੀਨ ਦਾ ਭਤੀਜਾ ਸੰਤਾ ਆਪਣੇ ਹੱਕਾਂ ਪ੍ਰਤੀ ਸੁਚੇਤ ਹੁੰਦਾ ਹੈ ਪਰ ਉਸ ਨੂੰ ਸਾਧਨ ਸੰਪੰਨ ਸਥਾਪਤੀ ਵੱਲੋਂ ਕੁਚਲ ਦਿੱਤਾ ਜਾਂਦਾ ਹੈ। ਹੈਦਰ ਸ਼ਾਹ ਤੇ ਸੇਠ ਸ਼ੌਕਤ ਦੋਵੇਂ ਲੋਕ ਵੈਰੀ ਹਨ। ਇੱਕ ਪੂੰਜੀਵਾਦੀ ਤੇ ਦੂਜਾ ਮਿੱਲ ਮਾਰ। ਇਹ ਦੋਵੇਂ ਆਪਣੀ-ਆਪਣੀ ਥਾਵੇਂ ਤਕੜਿਆਂ ਹੋਣ ਲਈ ਸਾਂਘੇ ਗੰਢਦੇ ਹਨ। ਅੰਤ ਜਿੱਤ ਮਿੱਲ ਮਾਰਾਂ ਦੀ ਹੁੰਦੀ ਹੈ। ਇਸ ਪ੍ਰਕਾਰ ਫ਼ਰਜ਼ੰਦ ਅਲੀ ਨੇ ਚੇਤੰਨ ਹੋ ਕੇ ਆਪਣੇ ਨਾਵਲਾਂ ਵਿੱਚ ਸਮਾਜਿਕ ਵਰਗਵੰਡ ਨੂੰ ਦਰਸਾਇਆ ਹੈ। ਇਸੇ ਤਰ੍ਹਾਂ ਦੇ ਵਿਸ਼ੇ ਨੂੰ ਪੇਸ਼ ਕਰਦਾ ਹੁਸੈਨ ਸ਼ਾਹਿਦ ਦਾ ਨਾਵਲ 'ਡਰਾਕਲ' ਹੈ। ਇਨ੍ਹਾਂ ਨਾਵਲਕਾਰਾਂ ਨੇ ਸਮਾਜਿਕ ਸੱਚ ਦੀ ਪੇਸ਼ਕਾਰੀ ਕੀਤੀ ਹੈ ਅਤੇ ਮਾੜੇ ਧੀੜਿਆਂ ਦੀ ਆਵਾਜ਼ ਬੁਲੰਦ ਕੀਤੀ ਹੈ।

ਇੱਕ ਹੋਰ ਮਹੱਤਵਪੂਰਨ ਸਰੋਕਾਰ ਜੋ ਇਨ੍ਹਾਂ ਨਾਵਲਾਂ ਵਿੱਚ ਬੜਾ ਹੀ ਅਣਗੌਲਿਆ ਜਿਹਾ ਲੱਗਦਾ ਹੈ ਉਹ ਹੈ ਨਾਰੀ ਸਰੋਕਾਰ। ਔਰਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੇ ਦੋ ਨਾਵਲ ਸਾਹਮਣੇ ਆਉਂਦੇ ਹਨ ਜਿਸ ਵਿੱਚ ਰਜ਼ੀਆ ਨੂਰ ਮੁਹੰਮਦ ਦਾ ਨਾਵਲ ਬਲਦੇ ਦੀਵੇ ਅਤੇ ਕਹਿਕਸ਼ਾਂ ਮਲਿਕ ਦਾ ਨਾਵਲ ਚਿੱਕੜ ਰੰਗੀ ਮੂਰਤੀ ਮਿਲਦੇ ਹਨ। ਰਜ਼ੀਆ ਨੂਰ ਮੁਹੰਮਦ ਦੇ ਨਾਵਲ ਬਲਦੇ ਦੀਵੇ ਬਾਰੇ ਡਾ.ਕਰਨੈਲ ਸਿੰਘ ਥਿੰਦ ਟਿੱਪਣੀ ਕਰਦੇ ਹਨ:

ਨਾਵਲ ਨਿਗਾਰ ਖ਼ੁਦ ਔਰਤ ਹੈ ਉਸ ਨੇ ਸਮਾਜ ਵਿੱਚ ਔਰਤ ਉੱਪਰ ਹੋ ਰਹੇ ਜ਼ੁਲਮ ਅਤੇ ਬੇਬਸੀ ਨੂੰ ਬੜੀ ਖ਼ੂਬਸੂਰਤੀ ਨਾਲ ਬਿਆਨਿਆਂ ਹੈ ਨਾਲ ਹੀ ਜਾਗੀਰਦਾਰੀ ਪ੍ਰਬੰਧ ਦੀ ਨਿੰਦਿਆ ਕੀਤੀ ਗਈ ਹੈ।[10]

ਚਿੱਕੜ ਰੰਗੀ ਮੂਰਤੀ ਨਾਵਲ ਦੀ ਕਹਾਣੀ ਵੀ ਪੰਜਾਬ ਦੀ ਵੰਡ ਨਾਲ ਸੰਬੰਧਿਤ ਹੈ ਜਿਸ ਦੀ ਮੁੱਖ ਪਾਤਰ ਜ਼ੁਬੈਦਾ ਨਿਗਾਰ ਨੂੰ ਚਾਚੀ ਹਸ਼ਮਤ ਸ਼ਰਨਾਰਥੀ ਕੈਂਪ ਵਿੱਚੋਂ ਲੈ ਆਈ ਅਤੇ ਆਪਣੀ ਧੀ ਵਾਂਗ ਉਸ ਨੂੰ ਪਾਲਿਆ। ਨਾਵਲਕਾਰਾਂ ਨੇ ਜ਼ੁਬੈਦਾ ਨਿਗਾਰ ਦੇ ਜੀਵਨ ਵਿੱਚ ਪ੍ਰਵੇਸ਼ ਕਰਦੇ ਕਿਰਦਾਰਾਂ ਦਾ ਕੱਚਾ ਚਿੱਠਾ ਫਰੋਲਿਆ ਹੈ। ਸ਼ਰਾਫ਼ਤ ਦਾ ਮਖੌਟਾ ਪਾ ਕੇ ਸਮਾਜ ਦੇ ਜਿਹੜੇ ਆਗੂ ਉਸ ਦੀ ਇੱਜ਼ਤ ਨਾਲ ਖੇਡਦੇ ਹਨ ਉਨ੍ਹਾਂ ਦੇ ਕੁਕਰਮਾਂ ਨੂੰ ਖ਼ੂਬ ਨੰਗਿਆਂ ਕੀਤਾ ਹੈ।

ਮੁਹੰਮਦ ਮਨਸ਼ਾ ਯਾਦ ਦੁਆਰਾ ਰਚਿਤ 'ਟਾਂਵਾਂ-ਟਾਂਵਾਂ' ਤਾਰਾ ਇਸ ਖੇਤਰ ਵਿੱਚ ਇੱਕ ਮੀਲ ਪੱਥਰ ਹੈ। ਮੁਹੰਮਦ ਮਨਸ਼ਾ ਯਾਦ ਦੇ ਨਾਵਲ 'ਟਾਂਵਾਂ-ਟਾਂਵਾਂ' ਤਾਰਾ ਵਿੱਚ ਉਸ ਨੇ ਗੰਭੀਰ ਸਮੱਸਿਆ ਨੂੰ ਬਿਆਨ ਕਰਦੇ ਸਮੇਂ ਪੰਜਾਬ ਦੇ ਲੋਕ ਜੀਵਨ ਦਾ ਕੋਈ ਪਹਿਲੂ ਅੱਖੋਂ ਪਰੋਖੇ ਨਹੀਂ ਕੀਤਾ ਜੋ ਪਰੰਪਰਾਵਾਂ ਸਦੀਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰਦੀਆਂ ਆਈਆਂ ਹਨ ਉਨ੍ਹਾਂ ਦੇ ਵੇਰਵੇ ਅਜਿਹੀ ਖ਼ੂਬਸੂਰਤੀ ਨਾਲ ਪੇਸ਼ ਕੀਤੇ ਹਨ ਕਿ ਪੜ੍ਹਨ ਵਾਲਾ ਖ਼ੁਦ-ਬ-ਖ਼ੁਦ ਉਨ੍ਹਾਂ ਵਿੱਚ ਗਵਾਚ ਜਾਂਦਾ ਹੈ। ਮੇਲੇ, ਜਲਸੇ, ਛਿੰਝਾਂ, ਮੁਜਰੇ ਆਦਿ ਖ਼ੂਬਸੂਰਤੀ ਨਾਲ ਪੇਸ਼ ਕੀਤੇ ਗਏ ਹਨ। ਰਸਮਾਂ-ਰੀਤਾਂ ਦੀ ਲੰਮੀ ਲੜੀ ਦੀ ਪੇਸ਼ਕਾਰੀ ਕੀਤੀ ਹੈ। ਲੱਤ ਸ਼ਾਹ ਦਾ ਮੇਲਾ ਇੱਕ ਹਕੀਕਤ ਵੀ ਹੈ ਤੇ ਵਿਅੰਗ ਵੀ।ਕੌਡੀ ਕੁਸ਼ਤੀ ਦੇ ਮੁਕਾਬਲੇ ਅਤੇ ਲੜਾਈਆਂ ਝਗੜੇ ਪੀਰਾਂ ਦੀਆਂ ਦਰਗਾਹਾਂ ਉੱਪਰ ਮੰਨਤਾਂ ਮੰਨਣ ਵਾਲਿਆਂ ਦੇ ਇਕੱਠ ਅਤੇ ਅੰਧ ਵਿਸ਼ਵਾਸਾਂ ਜਾਂ ਵਹਿਮਾਂ-ਭਰਮਾਂ ਵਿੱਚ ਫਸੇ ਲੋਕਾਂ ਦੀਆਂ ਇੱਛਾਵਾਂ। ਇਸ ਪ੍ਰਕਾਰ ਇਹ ਨਾਵਲ ਪੰਜਾਬੀਆਂ ਦੇ ਅਮੀਰ ਸਾਂਝੇ ਵਿਰਸੇ ਦੀ ਤਰਜਮਾਨੀ ਕਰਦਾ ਹੈ। ਇਹ ਭਾਈਚਾਰਕ ਸਾਂਝ ਦਾ ਅਜਿਹਾ ਝਰੋਖਾ ਹੈ ਜਿਸ ਵਿੱਚੋਂ ਝਾਤੀ ਪਾਇਆ ਪੰਜਾਬ ਦੇ ਪੇਂਡੂ ਜੀਵਨ ਦੀ ਸਹੀ ਤਸਵੀਰ ਵੇਖੀ ਜਾ ਸਕਦੀ ਹੈ। ਨਾਵਲਕਾਰ ਦੀ ਖ਼ੂਬੀ ਇਹ ਹੈ ਕਿ ਉਸ ਨੇ ਕਹਾਣੀ ਦੀ ਤੋਰ, ਗੁੰਦਵਾਂ ਪਲਾਟ, ਪਾਤਰ ਉਸਾਰੀ ਦਾ ਕਮਾਲ, ਟਕਸਾਲੀ ਪੰਜਾਬੀ ਬੋਲੀ ਆਦਿ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।

ਇਸ ਪ੍ਰਕਾਰ ਉਪਰੋਕਤ ਵਰਣਨ ਰਾਹੀਂ ਸ਼ਾਹਮੁਖੀ ਤੋਂ

ਗੁਰਮੁਖੀ ਵਿੱਚ ਤਰਜਮਾ ਹੋਏ ਨਾਵਲਾਂ ਅਤੇ ਉਨ੍ਹਾਂ ਵਿਚ ਪੇਸ਼ ਸਰੋਕਾਰਾਂ ਬਾਰੇ ਚਰਚਾ ਰਾਹੀਂ ਇਹ ਪਤਾ ਲਗਦਾ ਹੈ ਕਿ ਇਸ ਖੇਤਰ ਵਿਚ ਕੰਮ ਕਰਨ ਦੀ ਹੋਰ ਵਧੇਰੇ ਜ਼ਰੂਰਤ ਹੈ ਕਿਉਂਕਿ ਬਹੁਤ ਸਾਰੀਆਂ ਨਾਵਲੀ ਕਿਰਤਾਂ ਅੱਖੋਂ ਓਹਲੇ ਪਈਆਂ ਹਨ ਜਿਨ੍ਹਾਂ ਨੂੰ ਤਰਜਮਾ ਕਰਕੇ ਸਾਹਮਣੇ ਲਿਆਉਣ ਦੀ ਲੋੜ ਹੈ। ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਜੇਕਰ ਇਨ੍ਹਾਂ ਨਾਵਲਾਂ ਦਾ ਤਰਜਮਾ ਸਾਡੇ ਤੱਕ ਨਾ ਅਪੜਦਾ ਤਾਂ ਭਾਰਤੀ ਪੰਜਾਬੀ ਪਾਠਕ ਉੱਥੋਂ ਦੀਆਂ ਨਾਵਲੀ ਕਿਰਤਾਂ, ਉਨ੍ਹਾਂ ਵਿਚ ਪੇਸ਼ ਸਰੋਕਾਰਾਂ ਅਤੇ ਸਮਾਜਿਕ ਚੇਤਨਾ ਤੋਂ ਕੋਰਾ ਅਣਜਾਣ ਹੋਣਾ ਸੀ।

**ਹਵਾਲੇ ਅਤੇ ਟਿੱਪਣੀਆਂ:**

1. ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ-63
2. ਜੋਗਿੰਦਰ ਸਿੰਘ, ਪੰਜਾਬੀ ਵਿਸ਼ਵਕੋਸ਼ (ਪਹਿਲੀ ਜਿਲਦ), ਪੰਨਾ 81-82
3. Translation, The Art of Rendering A Work Of Language Into Another, Vol.27.P 12
4. ਪ੍ਰੋ.ਸੀਤਾ ਰਾਮ ਬਾਹਰੀ, ਉਲਥਾਕਾਰੀ ਦਾ ਸਰੂਪ ਅਤੇ ਮੰਤਵ, ਪੰਜਾਬੀ ਦੁਨੀਆਂ, ਜਨਵਰੀ 1963.ਪੰਨਾ-55.
5. ਜਤਿੰਦਰਪਾਲ ਸਿੰਘ, ਪਾਕਿਸਤਾਨੀ ਪੰਜਾਬੀ ਗਲਪ, ਨਾਨਕ ਸਿੰਘ ਪੁਸਤਕਮਾਲਾ, ਜਨਵਰੀ 2001. ਪੰਨਾ-77
6. ਡਾ. ਕਰਨੈਲ ਸਿੰਘ ਥਿੰਦ, ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006. ਪੰਨਾ-67
7. ਡਾ. ਅਮਰਜੀਤ ਸਿੰਘ, ਪਰਵਾਸੀ ਤੇ ਪਾਕਿਸਤਾਨੀ ਸਾਹਿਤ, ਸਤਵੰਤ ਬੁੱਕ ਏਜੰਸੀ, ਦਿੱਲੀ, 2011, ਪੰਨਾ-67
8. ਡਾ.ਕਰਨੈਲ ਸਿੰਘ ਥਿੰਦ, ਉਹੀ, ਪੰਨਾ-66
9. ਉਹੀ, ਪੰਨਾ-72
10. ਉਹੀ, ਪੰਨਾ-79

ਅਸਿਸਟੈਂਟ ਪ੍ਰੋਫ਼ੈਸਰ
ਖ਼ਾਲਸਾ ਕਾਲਜ, ਪਟਿਆਲਾ।
98154-29691



## ਬਾਬ੍ਹਾ ਨਾਨਕਾ ਤੂੰ ਆ ਜਾ

ਤਰਸੇਮ ਸਿੰਘ ਭੰਗੂ

ਅੱਜ ਦੁਨੀਆ ਪੁਕਾਰੇ ਬਾਬਾ ਨਾਨਕਾ ਤੂੰ ਆ ਜਾ,
ਹੱਕ ਸੱਚ ਦਿਆ ਰਾਹੀਆ ਆ ਕੇ ਰਸਤਾ ਵਿਖਾ ਜਾ।

ਅੱਜ ਚੁੱਕਿਆ ਹਨੇਰ ਇਥੇ ਸੱਜਣ ਜਿਹੇ ਠੱਗਾਂ ,
ਸਿਰੋਂ ਲੱਥਦੀਆਂ ਵੇਖੋ ਅੱਜ ਸ਼ਰੇਆਮ ਪੱਗਾਂ।
ਇਹਨਾਂ ਠੱਗਾਂ ਨੂੰ ਤੂੰ ਆ ਕੇ ਬਾਬਾ ਸੱਜਣ ਬਣਾ ਜਾ,
ਹੱਕ ਸੱਚ ਦਿਆ ਰਾਹੀਆ ਆ ਕੇ ਰਸਤਾ ਵਿਖਾ ਜਾ।
ਅੱਜ ਦੁਨੀਆ ਪੁਕਾਰੇ ਬਾਬਾ ਨਾਨਕਾ ਤੂੰ ਆ ਜਾ।

ਨਾਅਰੇ ਏਕਤਾ ਦੇ ਲਾਉਂਦੇ, ਪਾੜੇ ਧਰਮਾਂ ਦੇ ਪਾਉਂਦੇ,
ਫਿਰ ਧਰਮਾਂ ਦੇ ਨਾਂ 'ਤੇ ਇਹ ਨੇ ਲੋਕਾਂ ਨੂੰ ਲੜਾਉਂਦੇ।
ਇਕ ਓਂਕਾਰ ਆ ਕੇ ਸਾਨੂੰ ਸਭ ਨੂੰ ਸਿਖਾ ਜਾ,
ਹੱਕ ਸੱਚ ਦਿਆ ਰਾਹੀਆ ਆ ਕੇ ਰਸਤਾ ਵਿਖਾ ਜਾ।
ਅੱਜ ਦੁਨੀਆ ਪੁਕਾਰੇ ਬਾਬਾ ਨਾਨਕਾ ਤੂੰ ਆ ਜਾ।

ਅੱਜ ਲਾਲੋਆਂ ਦੀ ਲੁੱਟ ਏਥੇ ਭਾਗੋਆਂ ਮਚਾਈ,
ਮਾਰੇ ਬਾਬਰਾਂ ਦੇ ਲੋਕੀਂ ਪਾਉਂਦੇ ਹਾਲ-ਏ ਦੁਹਾਈ।
ਦਸਾਂ ਨਹੁੰਆਂ ਦੀ ਕਮਾਈ ਵਾਲੀ ਗੱਲ ਸਮਝਾ ਜਾ,
ਹੱਕ ਸੱਚ ਦਿਆ ਰਾਹੀਆ ਆ ਕੇ ਰਸਤਾ ਵਿਖਾ ਜਾ।

ਤੇਰੇ ਨਾਮ ਵਾਲੇ ਰਹਿ ਗਏ ਬਾਬਾ ਟਾਵੇਂ-ਟਾਵੇਂ ਬੰਦੇ,
ਬਹੁਤੇ ਬੰਦਿਆਂ ਚਲਾਏ ਤੇਰੇ ਨਾਮ ਵਾਲੇ ਧੰਦੇ।
'ਭੰਗੂ' ਵਾਸਤੇ ਹੈ ਪਾਉਂਦਾ ਆ ਕੇ ਬੇੜੀ ਬੰਨੇ ਲਾ ਜਾ,
ਹੱਕ ਸੱਚ ਦਿਆ ਰਾਹੀਆ ਆ ਕੇ ਰਸਤਾ ਵਿਖਾ ਜਾ।

ਅੱਜ ਦੁਨੀਆ ਪੁਕਾਰੇ ਬਾਬਾ ਨਾਨਕਾ ਤੂੰ ਆ ਜਾ,
ਹੱਕ ਸੱਚ ਦਿਆ ਰਾਹੀਆ ਸਾਨੂੰ ਰਸਤਾ ਵਿਖਾ ਜਾ।

363/14, ਨਿਊ ਸੰਤ ਨਗਰ,
ਗੁਰਦਾਸਪੁਰ
94656-56214

# ਯੁਵਕ ਮੇਲਿਆਂ ਦੇ ਮੰਚ ਤੋਂ ਪ੍ਰਕਾਸ਼ਿਤ ਨਾਟਕਾਂ ਦਾ ਸਰਵੇਖਣ

ਹਰਜਿੰਦਰ ਸਿੰਘ



ਵੀਹਵੀਂ ਸਦੀ ਦੇ ਸੱਤਵੇਂ ਅੱਠਵੇਂ ਦਹਾਕੇ ਯੁਵਕ ਮੇਲਿਆਂ ਦਾ ਨਾਟ ਮੰਚ ਆਪਣੀ ਹੋਂਦ ਸਥਾਪਿਤ ਕਰਦਾ ਪ੍ਰਤੀਤ ਹੁੰਦਾ ਹੈ। ਇਤਿਹਾਸਕ ਸੰਦਰਭ ਵਿੱਚ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਦਾ ਨਾਟ ਮੰਚ 1973-74 ਤੋਂ ਅਜੋਕੇ ਸਮੇਂ 2021-22 ਤਕ ਆਪਣੇ 49 ਸਾਲ ਅੱਧੀ ਸਦੀ ਦਾ ਸਫ਼ਰ ਤੈਅ ਕਰ ਚੁੱਕਾ ਹੈ। ਯੁਵਕ ਮੇਲਿਆਂ ਦੇ ਨਾਟ-ਮੰਚ ਨੇ ਇਸ ਕਾਲ ਖੰਡ ਵਿਚ ਵਿਸ਼ੇ ਅਤੇ ਪੇਸ਼ਕਾਰੀ ਦੇ ਵਿਭਿੰਨ ਪਹਿਲੂਆਂ ਦੇ ਸੰਦਰਭ ਵਿੱਚ ਵਡਮੁੱਲੀਆਂ ਪੁਲਾਘਾਂ ਪੁੱਟੀਆਂ ਹਨ ਜਿਕਰਯੋਗ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਹਨ ਇਨ੍ਹਾਂ ਪ੍ਰਾਪਤੀਆਂ ਦੀ ਪ੍ਰਸੰਗਤਾ ਦੇ ਅੰਤਰਗਤ ਯੁਵਕ ਮੇਲਿਆਂ ਦੇ ਨਾਟ ਮੰਚ ਦਾ ਮੁਲੰਕਣ ਕਰਦਿਆਂ ਸਪੱਸ਼ਟ ਹੁੰਦਾ ਹੈ ਕਿ ਜਿੱਥੇ ਯੁਵਕ ਮੇਲਿਆਂ ਦੇ ਨਾਟ ਮੰਚ ਨੇ ਨਵੇਂ ਨਾਟ ਰੂਪ ਲਘੂ ਨਾਟਕ ਨੂੰ ਜਨਮ ਦਿੱਤਾ ਉੱਥੇ ਇਸ ਮੰਚ ਤੋਂ ਨਿਰੋਲ ਨਾਟਕਕਾਰ ਅਤੇ ਨਿਰੋਲ ਨਾਟ ਨਿਰਦੇਸ਼ਕ ਚੰਗੇ ਅਦਾਕਾਰ ਵਜੋਂ ਰੰਗਕਰਮੀ ਆਪਣੀ ਪਹਿਚਾਣ ਸਿਰਜਦੇ ਹਨ। ਯੁਵਕ ਮੇਲਿਆਂ ਦੇ ਨਾਟ-ਮੰਚ ਦੀਆਂ ਨਾਟਕੀ ਸਕ੍ਰਿਪਟਾਂ ਨਾਟਕਕਾਰਾਂ ਦੇ ਮੌਲਿਕ ਲੇਖਣ ਦੇ ਨਾਲ-ਨਾਲ ਖੇਤਰੀ, ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਦੀਆਂ ਵੱਖ-ਵੱਖ ਸਾਹਿਤਕ ਵਿਧਾਵਾਂ ਦੇ ਨਾਟਕੀ ਰੂਪਾਂਤਰਨ ਦੀ ਪ੍ਰਕਿਰਿਆ ਵੀ ਨਾਲੋ-ਨਾਲ ਚਲਦੀ ਰਹੀ ਹੈ। ਰੂਪਾਂਤਰਨ ਤੋਂ ਸਿੱਧਾ-ਸਾਧਾ ਭਾਵ ਹੈ ਕਿਸੇ ਵਸਤੂ ਦਾ ਰੂਪ ਬਦਲ ਜਾਣਾ ਜਾਂ ਉਸ ਨੂੰ ਦੂਜੇ ਰੂਪ ਵਿਚ ਪਰਿਵਰਤਨ ਕਰਨਾ। ਪਰੰਤੂ ਸਹੀ ਅਰਥਾਂ ਵਿਚ ਵੇਖਿਆ ਜਾਵੇ ਤਾਂ ਰੂਪਾਂਤਰਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਅਡਪਟੇਸ਼ਨ (adaptation) ਦਾ ਪੰਜਾਬੀ ਰੂਪ ਹੈ ਜਿਸ ਦਾ ਅਰਥ ਹੈ ਅਨੁਕੂਲ, ਕਿਸੇ ਸ਼ਕਲ ਦਾ ਰੂਪਾਂਤਰਨ ਜਾਂ ਰੂਪ ਅਨੁਕੂਲ ਕਰਨਾ।[1] ਸਰਵੇਖਣ ਦੌਰਾਨ ਜਿਹੜੇ ਨਾਟਕ ਪ੍ਰਾਪਤ ਹੁੰਦੇ ਹਨ ਉਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ:-

## 1.ਕਵਿਤਾਵਾਂ ਦਾ ਨਾਟਕੀ ਰੂਪਾਂਤਰਨ

ਯੁਵਕ ਮੇਲਿਆਂ ਦੇ ਨਾਟਕਾਂ ਦਾ ਸਰਵੇਖਣ ਕਰਦਿਆਂ ਹੰਸਾ ਸਿੰਘ ਦਾ ਨਾਮ ਪ੍ਰਮੁੱਖ ਰੂਪ ਵਿਚ ਸਾਹਮਣੇ ਆਉਂਦਾ ਹੈ। ਹੰਸਾ ਸਿੰਘ ਨੇ ਮਹਿੰਦਰਪਾਲ ਭੱਠਲ ਦੀ ਕਵਿਤਾ 'ਪੰਜੇ ਰਫ਼ਿਊਜਣ' ਦਾ ਨਾਟਕੀ ਰੂਪਾਂਤਰਨ 1999 ਵਿਚ ਕੀਤਾ। ਇਸ ਨਾਟਕ ਨੂੰ ਆਪਣੀ ਹੀ ਨਿਰਦੇਸ਼ਨਾ ਹੇਠ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵੱਲੋਂ 1999 ਵਿਚ ਅਤੇ ਗੁਰੂ ਨਾਨਕ ਖ਼ਾਲਸਾ ਗਰਲਜ਼ ਕਾਲਜ, ਸੰਗ-ਢੇਸੀਆਂ, ਜਲੰਧਰ ਵੱਲੋਂ 2006 ਵਿਚ ਪੇਸ਼ ਕੀਤਾ।

## 2. ਕਹਾਣੀ ਦਾ ਨਾਟਕੀ ਰੂਪਾਂਤਰਨ

ਕਹਾਣੀ ਦਾ ਨਾਟਕੀ ਰੂਪਾਂਤਰਨ ਸੰਬੰਧੀ ਸਰਵੇਖਣ ਕਰਦਿਆਂ ਪਹਿਲਾ ਨਾਟਕ 'ਲੋਈ ਪਾਟਣ ਤੋਂ ਪਹਿਲਾਂ' ਪ੍ਰਾਪਤ ਹੁੰਦਾ ਹੈ। ਰਵਿੰਦਰ ਸਿੰਘ ਭੱਠਲ ਦੁਆਰਾ ਰਚਿਤ ਇਹ ਨਾਟਕ ਗੁਰਦਿਆਲ ਸਿੰਘ ਦੀ ਕਹਾਣੀ 'ਸੂਰਜ ਦੀ ਉਡੀਕ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਰਵਿੰਦਰ ਸਿੰਘ ਭੱਠਲ ਨੇ ਐੱਸ.ਡੀ. ਕਾਲਜ, ਬਰਨਾਲਾ ਵੱਲੋਂ 1977 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਇਸ ਲੜੀ ਤਹਿਤ ਨਾਟਕ 'ਉਮੀਦਾਂ ਦੀ ਅਰਥੀ': ਰਣਜੀਤ ਸਿੰਘ ਚੌਹਾਨ ਦੁਆਰਾ ਰਚਿਤ ਇਹ ਨਾਟਕ ਸੁਖਵਿੰਦਰ ਲੋਪੋ ਦੀ ਕਹਾਣੀ 'ਦੇਸੀ ਘਿਓ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਦਾ ਸਿਰਲੇਖ 'ਉਮੀਦਾਂ ਦੀ ਅਰਥੀ' ਹੈ। ਇਸ ਨਾਟਕ ਨੂੰ ਸੋਮਪਾਲ ਹੀਰਾ ਨੇ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵੱਲੋਂ 2017 ਵਿਚ ਪੇਸ਼ ਕੀਤਾ ਕੀਤਾ। ਅੱਧ ਚਾਨਣੀ ਰਾਤ: ਮੰਚ ਪ੍ਰੀਤ ਸਿੰਘ ਦੁਆਰਾ ਰਚਿਤ ਇਹ ਨਾਟਕ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਅੱਧ ਚਾਨਣੀ ਰਾਤ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਮੰਚਪ੍ਰੀਤ ਨੇ ਆਰ. ਆਰ. ਬਾਵਾ ਕਾਲਜ ਬਟਾਲਾ ਵੱਲੋਂ 1997 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਅੱਧ ਵਿਚਾਲੇ: ਮੰਚ ਪ੍ਰੀਤ ਸਿੰਘ ਦੁਆਰਾ ਰਚਿਤ ਇਹ ਨਾਟਕ ਰਸ਼ਪਿੰਦਰ ਰਿਸ਼ਮ ਦੀ ਕਹਾਣੀ 'ਆਧ ਕੁਆਰੀ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ

ਨੂੰ ਮੰਚਪ੍ਰੀਤ ਨੇ ਸਰੂਪ ਰਾਵੀ ਕਾਲਜ, ਅੰਮ੍ਰਿਤਸਰ ਵੱਲੋਂ 2010 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਅੰਨਦਾਤਾ: ਇਹ ਨਾਟਕ ਨਵਨਿੰਦਰਾ ਬਹਿਲ ਦੁਆਰਾ ਬਲਦੇਵ ਧਾਲੀਵਾਲ ਦੀ ਕਹਾਣੀ 'ਆਪਣਾ-ਆਪਣਾ ਕਾਰਗਿਲ' ਦਾ ਨਾਟਕੀ ਰੂਪਾਂਤਰਨ ਸਾਡਾ ਜੱਗੋਂ ਸੀਰ ਮੁੱਕਿਆ ਹੈ। ਵਿਕਰਮ ਚੰਦੇਲ ਨੇ ਇਸ ਨਾਟਕ ਨੂੰ ਅੰਨਦਾਤਾ ਨਾਮ ਹੇਠ ਐੱਸ.ਜੀ.ਜੀ.ਐੱਸ. ਕਾਲਜ, ਮਾਹਿਲਪੁਰ ਵੱਲੋਂ 2010 ਵਿਚ ਅਤੇ ਐੱਸ.ਬੀ.ਐੱਚ.ਐੱਸ.ਐੱਮ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਮਾਹਿਲਪੁਰ ਵੱਲੋਂ 2012 ਵਿਚ ਪੇਸ਼ ਕੀਤਾ। ਹੰਸਪਾਲ ਨੇ ਇਸ ਨਾਟਕ ਨੂੰ ਐੱਸ.ਜੀ. ਜੀ ਜਨਤਾ ਗਰਲਜ਼ ਕਾਲਜ, ਰਾਏਕੋਟ ਵੱਲੋਂ 2016 ਵਿਚ ਪੇਸ਼ ਕੀਤਾ। ਆਖਿਰ ਕਦੋਂ ਤਕ: ਰਾਣਾ ਰਣਬੀਰ ਦੁਆਰਾ ਰਚਿਤ ਇਹ ਨਾਟਕ ਭੀਮ ਇੰਦਰ ਸਿੰਘ ਦੀ ਕਹਾਣੀ 'ਕਬਾੜੀਆ' ਦਾ ਨਾਟਕੀ ਰੂਪਾਂਤਰਨ ਹੈ। ਜਿਸ ਨੂੰ ਰਮਨ ਮਿੱਤਲ ਨੇ ਸਰਕਾਰੀ ਕਾਲਜ, ਰੋਪੜ ਵੱਲੋਂ 2002 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ| ਆਖੇ ਵਾਰਸ ਸ਼ਾਹ ਨੂੰ ਅਲਵਿਦਾ: ਸੋਮਪਾਲ ਹੀਰਾ ਦੁਆਰਾ ਵੀਨਾ ਵਰਮਾ ਦੀਆਂ ਕਹਾਣੀਆਂ ਤੋਂ ਪ੍ਰਭਾਵਿਤ ਨਾਟਕ ਇਕ ਸੀ ਹੀਰ ਨੂੰ ਸਵਾਮੀ ਸਰਬਜੀਤ ਨੇ ਆਖੋ ਵਾਰਸ ਸ਼ਾਹ ਨੂੰ ਅਲਵਿਦਾ ਦੇ ਨਾਮ ਹੇਠ ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ, ਵੱਲੋਂ 2006 ਵਿਚ ਅਤੇ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵੱਲੋਂ 2008 ਵਿਚ ਪੇਸ਼ ਕੀਤਾ। ਆਪਣਾ-ਆਪਣਾ ਹਿੱਸਾ ਇਹ ਨਾਟਕ ਵਰਿਆਮ ਸੰਧੂ ਦੀ ਕਹਾਣੀ 'ਆਪਣਾ-ਆਪਣਾ ਹਿੱਸਾ' ਦਾ ਨਾਟਕੀ ਰੂਪਾਂਤਰਨ ਹੈ। ਇਸ ਦਾ ਨਾਟਕੀ ਰੂਪਾਂਤਰਨ ਰਾਜੇਸ਼ ਸ਼ਰਮਾ ਨੇ ਕੀਤਾ ਅਤੇ ਮਿਸਟਰ ਜੱਸਪਾਲ ਨੇ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵੱਲੋਂ 2007, ਸ਼ਨੀ ਚਾਵਰੀਆ ਨੇ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵੱਲੋਂ 2014 ਵਿਚ ਪੇਸ਼ ਕੀਤਾ। ਗੁਰਚਰਨ ਸਿੰਘ ਨੇ ਵੀ ਇਸ ਦਾ ਨਾਟਕੀ ਰੂਪਾਂਤਰਨ ਕੀਤਾ ਅਤੇ ਬਲਜੀਤ ਮੋਗਾ ਨੇ ਗੁਰੂ ਨਾਨਕ ਕਾਲਜ, ਫਿਰੋਜ਼ਪੁਰ ਕੈਂਟ ਵੱਲੋਂ 2018 ਵਿਚ, ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਭਾਈ, ਫ਼ਿਰੋਜ਼ਪੁਰ ਵੱਲੋਂ 2019 ਵਿਚ ਪੇਸ਼ ਕੀਤਾ। ਇਸ ਜਗ੍ਹਾ ਇਕ ਪਿੰਡ ਸੀ: ਜਗਦੀਸ਼ ਸਚਦੇਵਾ ਦਾ ਇਹ ਨਾਟਕ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਪੱਥਰ ਹੋਣ ਤੋਂ ਪਹਿਲਾਂ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਨਰਿੰਦਰ ਸਾਂਗੀ ਨੇ ਐੱਚ.ਐਮ. ਵੀ ਕਾਲਜ, ਜਲੰਧਰ ਵੱਲੋਂ 1998 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਇਕ ਸੀ ਹੀਰ: ਸੋਮਪਾਲ ਹੀਰਾ ਦਾ ਇਹ ਨਾਟਕ ਵੀਨਾ ਵਰਮਾ ਦੀਆਂ ਕਹਾਣੀਆਂ ਤੋਂ ਪ੍ਰਭਾਵਿਤ ਹੈ। ਇਸ ਨਾਟਕ ਨੂੰ ਸੋਮਪਾਲ ਹੀਰਾ ਨੇ ਖ਼ਾਲਸਾ ਕਾਲਜ ਫ਼ਾਰ ਵੂਮੈਨ ਸਿਵਲ ਲਾਈਨਜ਼, ਲੁਧਿਆਣਾ ਵੱਲੋਂ 2006 ਵਿਚ, ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵੱਲੋਂ 2007 ਵਿਚ, ਦੇਵ ਸਮਾਜ ਕਾਲਜ ਫ਼ਾਰ ਵੂਮੈਨ, ਫ਼ਿਰੋਜ਼ਪੁਰ ਵੱਲੋਂ 2011 ਵਿਚ, ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ ਵੱਲੋਂ 2013 ਵਿਚ, ਕੁਲਦੀਪ ਸਿੰਘ ਜੱਗੀ ਨੇ ਸ੍ਰੀ ਆਤਮ ਵੱਲਭ ਜੈਨ ਕਾਲਜ, ਲੁਧਿਆਣਾ ਵੱਲੋਂ 2015 ਵਿਚ, ਵਿਕਰਮ ਚੰਦੇਲ ਨੇ ਐੱਸ. ਬੀ. ਐੱਚ. ਐੱਸ. ਐੱਮ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਮਾਹਿਲਪੁਰ ਵੱਲੋਂ 2016 ਵਿਚ, ਰੋਹਿਤ ਬਾਂਸਲ ਨੇ ਟੀ. ਪੀ. ਡੀ ਮਾਲਵਾ ਕਾਲਜ ਰਾਮਪੁਰਾ ਫੂਲ, 2015 ਵਿਚ ਅਤੇ ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਵੱਲੋਂ 2016 ਵਿਚ ਪੇਸ਼ ਕੀਤਾ। ਇਕਬਾਲ ਹੁਸੈਨ ਮੋਇਆ ਨਹੀਂ: ਸੰਦੀਪ ਗ਼ਾਲਿਬ ਦਾ ਇਹ ਨਾਟਕ ਅਜਮੇਰ ਸਿੱਧੂ ਦੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ' ਦਾ ਨਾਟਕੀ ਰੂਪਾਂਤਰ ਹੈ ਜੋ ਉਸ ਨੇ 2017 ਵਿਚ ਕੀਤਾ। ਇਸ ਨਾਟਕ ਦੀ ਪੇਸ਼ਕਾਰੀ ਯੂਨੀਵਰਸਿਟੀ ਕਾਲਜ, ਵੇਰਕਾ ਵੱਲੋਂ 2017 ਵਿਚ ਹੋਈ। ਇਹ ਨਾਟਕ ਅਪ੍ਰਕਾਸ਼ਿਤ ਹੈ। ਇੰਤਜ਼ਾਰ: ਅਮਨਦੀਪ ਮੋਨੀ ਦੁਆਰਾ ਰਚਿਤ ਇਹ ਨਾਟਕ ਅਜੀਤ ਕੌਰ ਦੀ ਪੰਜਾਬੀ ਕਹਾਣੀ 'ਇੰਤਜ਼ਾਰ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਅਮਨਦੀਪ ਮੋਨੀ ਨੇ ਡੀ. ਏ. ਵੀ. ਕਾਲਜ, ਬਠਿੰਡਾ 2014 ਅਤੇ 2019 ਵਿਚ, ਗੁਰਮੀਤ ਸਿੰਘ ਬਾਵਾ ਨੇ ਸ੍ਰੀ ਰਾਮ ਕਾਲਜ ਡੱਲਾ ਵੱਲੋਂ 2015 ਵਿਚ, ਨਿਰਮਲ ਧਾਲੀਵਾਲ ਨੇ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲੁਧਿਆਣਾ ਵੱਲੋਂ 2015 ਵਿਚ, ਹਨੀ ਉਤਰੇਜਾ ਅਤੇ ਕਸ਼ਮੀਰੀ ਲਾਲ ਨੇ ਕੇਨਵੈ ਕਾਲਜ ਆਫ਼ ਐਜੂਕੇਸ਼ਨ, ਫਿਰੋਜ਼ਪੁਰ 2018 ਵਿਚ, ਰਾਜਨ ਚੀਮਾ ਨੇ ਬੀ. ਏ. ਐਮ ਖ਼ਾਲਸਾ ਕਾਲਜ, ਗੜ੍ਹਸ਼ੰਕਰ

2019 ਵਿਚ ਸਤਪਾਲ ਬੰਗਾ ਯੂਨੀਵਰਸਿਟੀ ਕਾਲਜ, ਮੂਨਕ 2019 ਵਿਚ, ਬਲਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਕਾਲਜ, ਸੰਘੇੜਾ, 2019 ਵਿਚ, ਵੰਦਨਾ ਕਪੂਰ ਨੇ ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ 2019 ਵਿਚ, ਰਾਜਵਿੰਦਰ ਸਿੰਘ ਨੇ ਐੱਲ. ਆਰ. ਡੀ. ਏ. ਵੀ ਕਾਲਜ ਜਗਰਾਉਂ 2021 ਵਿਚ ਪੇਸ਼ ਕੀਤਾ। ਏਸ ਜਗਾ ਇਕ ਪਿੰਡ ਸੀ: ਜਗਦੀਸ਼ ਸਚਦੇਵਾ ਦਾ ਇਹ ਨਾਟਕ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਪੱਧਰ ਹੋਣ ਤੋਂ ਪਹਿਲਾਂ' ਦਾ ਨਾਟਕੀ ਰੂਪਾਂਤਰਨ ਹੈ। ਇਹ ਨਾਟਕੀ ਰੂਪਾਂਤਰਨ 2007 ਵਿਚ ਕੀਤਾ। ਇਸ ਨਾਟਕ ਦੀ ਪੇਸ਼ਕਾਰੀ ਬੀ. ਬੀ. ਕੇ. ਡੀ. ਏ. ਵੀ. ਕਾਲਜ, ਅੰਮ੍ਰਿਤਸਰ ਵੱਲੋਂ 2007 ਵਿਚ ਹੋਈ। ਇਸ ਨਾਟਕ ਨੂੰ ਹਿੰਦੀ ਭਾਸ਼ਾ ਵਿਚ 'ਏਸ ਜਗ੍ਹਾ ਏਕ ਗਾਓਂ ਥਾਂ' ਦੇ ਨਾਮ ਹੇਠ ਸਰਬਜੀਤ ਲਾਡਾ ਨੇ ਦਸਮੇਸ਼ ਗਰਲਜ਼ ਕਾਲਜ, ਚੱਕ ਅੱਲਾ ਬਾਕਸ, ਜੀ. ਟੀ. ਰੋਡ., ਮੁਕੇਰੀਆਂ ਵੱਲੋਂ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਸ਼ਾਇਦ ਰੰਮੀ ਮੰਨ ਜਾਵੇ: ਹਰਪਿੰਦਰ ਸਿੰਘ ਅਤੇ ਬਲਵਿੰਦਰ ਬੁਲਟ ਦੁਆਰਾ ਰਚਿਤ ਇਹ ਨਾਟਕ ਅਜਮੇਰ ਸਿੱਧੂ ਦੀ ਕਹਾਣੀ 'ਸ਼ਾਇਦ ਰੰਮੀ ਮੰਨ ਜਾਵੇ' ਦਾ ਨਾਟਕੀ ਰੂਪਾਂਤਰ ਹੈ। ਇਸ ਨਾਟਕ ਨੂੰ ਹਰਪਿੰਦਰ ਭੁੱਲਰ ਨੇ ਗੁਰੂ ਨਾਨਕ ਕਾਲਜ ਫ਼ਾਰ ਗਰਲਜ਼, ਮੁਕਤਸਰ ਸਾਹਿਬ ਵੱਲੋਂ 2014 ਵਿਚ, ਪਟੇਲ ਮੈਮੋਰੀਅਲ ਕਾਲਜ, ਰਾਜਪੁਰਾ ਵੱਲੋਂ 2014 ਵਿਚ, ਕੋਰਤੀਆ ਕਾਲਜ, ਸੰਘੋਲ 2015 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਸਤੀ: ਸੰਗੀਤਾ ਗੁਪਤਾ ਦੁਆਰਾ ਰਚਿਤ ਇਹ ਨਾਟਕ ਵੀਣਾ ਵਰਮਾ ਦੀ ਕਹਾਣੀ 'ਸਤੀ' ਦਾ ਨਾਟਕੀ ਰੂਪਾਂਤਰਨ ਹੈ। ਸੰਗੀਤਾ ਗੁਪਤਾ ਨੇ ਇਸ ਨਾਟਕ ਨੂੰ ਐੱਮ. ਐੱਸ. ਸੀ. ਐੱਮ. ਡੀ. ਏ. ਵੀ. ਕਾਲਜ ਫ਼ਾਰ ਵੂਮੈਨ, ਸੈਕਟਰ-36, ਚੰਡੀਗੜ੍ਹ ਵੱਲੋਂ 2014 ਵਿਚ ਪੇਸ਼ ਕੀਤਾ। ਵਿਨੋਦ ਕੁਮਾਰ ਨੇ ਵੀ ਇਸੇ ਕਹਾਣੀ ਦੇ ਨਾਟਕੀ ਰੂਪਾਂਤਰਨ ਨੂੰ ਸਰਕਾਰੀ ਕਾਲਜ ਮੋਹਾਲੀ ਵੱਲੋਂ 2016 ਵਿਚ ਪੇਸ਼ ਕੀਤਾ। ਦੋਵੇਂ ਨਾਟਕ ਅਪ੍ਰਕਾਸ਼ਿਤ ਹਨ। ਸਰਦਲ ਦੇ ਆਰ ਪਾਰ: ਸਰਬਜੀਤ ਔਲਖ ਦੁਆਰਾ ਰਚਿਤ ਇਹ ਨਾਟਕ ਸੁਖਵੀਰ ਜੋਗਾ ਦੀ ਕਹਾਣੀ 'ਅਣਭੋਲ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਸਰਬਜੀਤ ਔਲਖ ਨੇ ਐੱਸ.ਡੀ. ਕਾਲਜ, ਬਰਨਾਲਾ 2005 ਵਿਚ, ਸੋਮਪਾਲ ਹੀਰਾ ਨੇ ਆਰੀਆ ਕਾਲਜ, ਲੁਧਿਆਣਾ 2014 ਵਿਚ, ਖ਼ਾਲਸਾ ਕਾਲਜ ਫ਼ਾਰ ਵੂਮੈਨ, ਸਿਧਵਾਂ ਖ਼ੁਰਦ 2015 ਵਿਚ, ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵੱਲੋਂ 2016 ਵਿਚ, ਬਲਰਾਜ ਸਾਗਰ ਨੇ ਦਸਮੇਸ਼ ਗਰਲਜ਼ ਕਾਲਜ, ਬਾਦਲ, ਮੁਕਤਸਰ ਵੱਲੋਂ 2018 ਵਿਚ, ਪ੍ਰਿਤਪਾਲ ਸਿੰਘ ਨੇ ਐੱਸ. ਡੀ. ਏ. ਐਮ. ਕਾਲਜ, ਦੀਨਾ ਨਗਰ ਵੱਲੋਂ 2018 ਵਿਚ ਜਗਦੀਪ ਭੀਮਾ ਨੇ ਡੀ. ਏ. ਵੀ. ਕਾਲਜ, ਹੁਸ਼ਿਆਰਪੁਰ ਵੱਲੋਂ 2021 ਵਿਚ ਪੇਸ਼ ਕੀਤਾ। ਸਾਕਾ 47: ਸੋਮਪਾਲ ਹੀਰਾ ਦੁਆਰਾ ਰਚਿਤ ਇਹ ਨਾਟਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਪੰਜਾਬੀ ਕਹਾਣੀ 'ਸੱਚਾ ਝੂਠ' ਦਾ ਨਾਟਕੀ ਰੂਪਾਂਤਰ ਹੈ। ਇਸ ਨਾਟਕ ਨੂੰ ਸੋਮਪਾਲ ਹੀਰਾ ਨੇ ਐੱਸ. ਬੀ. ਏ. ਐੱਸ. ਖ਼ਾਲਸਾ ਕਾਲਜ ਸੰਦੌੜ, ਮਲੇਰਕੋਟਲਾ ਵੱਲੋਂ 1994 ਵਿਚ, ਸਰਕਾਰੀ ਕਾਲਜ, ਕਾਮਰਸ, ਰਾੜਾ ਸਾਹਿਬ, ਲੁਧਿਆਣਾ ਵੱਲੋਂ 1997 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। 'ਸਾਡਾ ਜੱਗੋਂ ਸੀਰ ਮੁਕਿਆ: ਨਵਨਿੰਦਰਾ ਬਹਿਲ ਦੁਆਰਾ ਰਚਿਤ ਇਹ ਨਾਟਕ ਬਲਦੇਵ ਧਾਲੀਵਾਲ ਦੀ ਕਹਾਣੀ 'ਆਪਣਾ-ਆਪਣਾ ਕਾਰਗਿਲ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਨਵਦੀਪ ਨਵੀ ਨੇ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵੱਲੋਂ 2015 ਵਿਚ, ਵੀਰਪਾਲ ਸਿੰਘ ਨੇ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵੱਲੋਂ 2015 ਵਿਚ, ਜਗਦੀਪ ਸਿੰਘ ਭੀਮਾ ਨੇ ਬੀ. ਏ. ਐੱਮ. ਖ਼ਾਲਸਾ ਕਾਲਜ, ਗੜ੍ਹਸ਼ੰਕਰ ਵੱਲੋਂ 2016 ਵਿਚ, ਜਸਪ੍ਰੀਤ ਜੱਸੀ ਨੇ ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫਾਰ ਵੂਮੈਨ, ਲੁਧਿਆਣਾ ਵੱਲੋਂ 2017 ਵਿਚ, ਰਜਿੰਦਰ ਰਾਜਾ ਨੇ ਐੱਸ. ਜੀ.ਏ.ਡੀ ਕਾਲਜ, ਖਡੂਰ ਸਾਹਿਬ ਵੱਲੋਂ 2017 ਵਿਚ, ਹਰਜੀਤ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਐਜੂਕੇਸ਼ਨ, ਬੇਘਪੁਰ, ਕਾਮਲੂਹ, (ਮੁਕੇਰੀਆਂ) ਵੱਲੋਂ 2019 ਵਿਚ, ਜੌਨੀ ਕੁਮਾਰ ਅਤੇ ਪਰਮਜੀਤ ਨੇ ਜੀ. ਐੱਚ. ਜੀ. ਹਰ ਪ੍ਰਕਾਸ਼ ਕਾਲਜ ਆਫ਼ ਐਜੂਕੇਸ਼ਨ ਫ਼ਾਰ ਵੂਮੈਨ, ਸਿਧਵਾਂ ਖ਼ੁਰਦ, ਲੁਧਿਆਣਾ ਵੱਲੋਂ 2019 ਵਿਚ, ਦਲਜੀਤ ਸੋਨਾ ਨੇ ਤ੍ਰੈ-ਸ਼ਤਾਬਦੀ ਜੀ. ਜੀ. ਐੱਸ. ਖ਼ਾਲਸਾ ਕਾਲਜ

ਰਾਮ ਸਰ ਰੋਡ, ਅੰਮ੍ਰਿਤਸਰ ਵੱਲੋਂ 2021 ਵਿਚ ਪੇਸ਼ ਕੀਤਾ। ਸਾਡੀ ਕਿਹੜੀ ਧਰਤ ਵੇ ਲੋਕਾ: ਅਵਿੰਦਰ ਰਾਜੂ ਦੁਆਰਾ ਰਚਿਤ ਇਹ ਨਾਟਕ ਰਸ਼ਪਿੰਦਰ ਰਿਸ਼ਮ ਦੀ ਕਹਾਣੀ 'ਉੱਧੜਦੀ ਹੋਈ ਗੁੱਡੀ' ਦਾ ਨਾਟਕੀ ਰੂਪਾਂਤਰ ਹੈ। ਇਸ ਨਾਟਕ ਨੂੰ ਅਵਿੰਦਰ ਸਿੰਘ ਰਾਜੂ ਨੇ ਆਪਣੀ ਹੀ ਨਿਰਦੇਸ਼ਨਾਂ ਹੇਠ ਅਮਰ ਸ਼ਹੀਦ ਬਾਬਾ ਅਜੀਤ ਸਿੰਘ-ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ (ਰੋਪੜ) ਵੱਲੋਂ 2014 ਵਿਚ ਅਤੇ ਐੱਮ. ਬੀ. ਬੀ. ਜੀ. ਜੀ ਗਰਲਜ਼ ਕਾਲਜ, ਰੱਤੋਵਾਲ, ਹੁਸ਼ਿਆਰਪੁਰ ਵੱਲੋਂ 2015 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਸੁਲੱਖਣੀ: ਗੁਰਿੰਦਰ ਮਕਨਾ ਦੁਆਰਾ ਰਚਿਤ ਇਹ ਨਾਟਕ ਸੁਦਰਸ਼ਨ ਦੀ ਕਹਾਣੀ 'ਸੁਲੱਖਣੀ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਦੀ ਪੇਸ਼ਕਾਰੀ ਗੁਰੂ ਤੇਗ਼ ਬਹਾਦਰ ਕਾਲਜ, ਅੰਮ੍ਰਿਤਸਰ ਵੱਲੋਂ 2007 ਵਿਚ ਹੋਈ। ਨਾਟਕ ਅਪ੍ਰਕਾਸ਼ਿਤ ਹੈ। ਹੁਣ ਮੈਂ ਠੀਕ ਨਹੀਂ: ਸੁਰਜੀਤ ਸੰਧੂ ਦੁਆਰਾ ਰਚਿਤ ਇਹ ਨਾਟਕ ਭੋਲਾ ਸਿੰਘ ਸੰਘੇੜਾ ਦੀ ਪੰਜਾਬੀ ਕਹਾਣੀ 'ਹੁਣ ਮੈਂ ਠੀਕ ਨਹੀਂ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਸੁਰਜੀਤ ਸੰਧੂ ਬਰਨਾਲਾ ਨੇ ਆਪਣੀ ਹੀ ਨਿਰਦੇਸ਼ਨਾ ਹੇਠ ਦੇਸ਼ ਭਗਤ ਕਾਲਜ ਬਰੜਵਾਲ ਧੂਰੀ, ਸੰਗਰੂਰ ਵੱਲੋਂ 2004 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਕਮਲ: ਜਗਦੀਸ਼ ਸਚਦੇਵਾ ਨੇ ਮਨਮੋਹਨ ਬਾਵਾ ਦੀ ਕਹਾਣੀ 'ਕਮਲ' ਦਾ ਨਾਟਕੀ ਰੂਪਾਂਤਰਨ 1988 ਵਿਚ ਕੀਤਾ। ਇਸ ਨਾਟਕ ਨੂੰ ਇੰਦਰਜੀਤ ਸਹਾਰਨ ਡੀ. ਏ. ਵੀ. ਕਾਲਜ, ਜਲੰਧਰ ਵੱਲੋਂ 1988 ਵਿਚ, ਜਗਦੀਸ਼ ਸਚਦੇਵਾ ਨੇ ਬੀ. ਬੀ. ਕੇ. ਡੀ. ਏ. ਵੀ. ਕਾਲਜ, ਅੰਮ੍ਰਿਤਸਰ ਵੱਲੋਂ 2004 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਕਵਿਤਾ ਦਾ ਕਤਲ: ਗੁਰਸ਼ਰਨ ਸਿੰਘ ਦੁਆਰਾ ਰਚਿਤ ਇਹ ਨਾਟਕ ਜਸਵੰਤ ਸਿੰਘ ਵਿਰਦੀ ਦੀਆਂ ਕਹਾਣੀਆਂ 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਸਾਗਰ ਭੱਟੀ ਨੇ ਖ਼ਾਲਸਾ ਕਾਲਜ ਫ਼ਾਰ ਵੂਮੈਨ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ 2012 ਵਿਚ ਪੇਸ਼ ਕੀਤਾ। ਗੁਲਬਾਨੋ: ਸੰਗੀਤਾ ਗੁਪਤਾ ਦੁਆਰਾ ਰਚਿਤ ਇਹ ਨਾਟਕ ਵੀਣਾ ਵਰਮਾ ਦੀ ਕਹਾਣੀ 'ਗੁਲਬਾਨੋ' ਦਾ ਨਾਟਕੀ ਰੂਪਾਂਤਰਨ ਸੰਗੀਤਾ ਗੁਪਤਾ ਨੇ ਆਪਣੀ ਹੀ ਨਿਰਦੇਸ਼ਨਾ ਹੇਠ ਗੁਰੂ ਗੋਬਿੰਦ ਸਿੰਘ ਕਾਲਜ ਫ਼ਾਰ ਵੂਮੈਨ, ਸੈਕਟਰ-26, ਚੰਡੀਗੜ੍ਹ ਵੱਲੋਂ 2018 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਜੁਗਨੀ: ਸੋਮਪਾਲ ਹੀਰਾ ਦੁਆਰਾ ਰਚਿਤ ਇਹ ਨਾਟਕ ਭਗਵਾਨ ਢਿੱਲੋਂ ਦੀ ਕਹਾਣੀ ਜੁਗਨੀ ਤੇ ਕਵਿਤਾਵਾਂ 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਸੋਮਪਾਲ ਹੀਰਾ ਨੇ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵੱਲੋਂ 2003 ਵਿਚ ਸ਼ਾਂਤੀ ਤਾਰਾ ਗਰਲਜ਼ ਕਾਲਜ਼, ਅਕਬਰਪੁਰ, ਮੰਡੀ ਅਹਿਮਦਗੜ੍ਹ ਵੱਲੋਂ 2005 ਵਿਚ ਪੇਸ਼ ਕੀਤਾ। ਡਮਰੂ: ਸੁਖਜੀਤ ਸਿੰਘ, ਸੰਦੀਪ ਕੌਰ ਦੁਆਰਾ ਰਚਿਤ ਇਹ ਨਾਟਕ ਸੁਖਜੀਤ ਦੀ ਕਹਾਣੀ ਡਮਰੂ ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਸੁਖਜੀਤ ਸਿੰਘ, ਸੰਦੀਪ ਕੌਰ ਨੇ ਯੂਨੀਵਰਸਿਟੀ ਕਾਲਜ, ਘਨੌਰ ਵੱਲੋਂ 2021 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਤੇ ਰੋਮ ਜਲਦਾ ਰਿਹਾ ਸੋਮਪਾਲ ਹੀਰਾ ਦੁਆਰਾ ਰਚਿਤ ਇਹ ਨਾਟਕ ਭਗਵਾਨ ਢਿੱਲੋਂ ਦੀ ਕਹਾਣੀ ਜੁਗਨੀ ਤੇ ਕਵਿਤਾਵਾਂ 'ਤੇ ਅਧਾਰਿਤ ਹੈ। ਇਸ ਨਾਟਕ ਦੀ ਪੇਸ਼ਕਾਰੀ ਰਾਮਗੜ੍ਹੀਆ ਗਰਲਜ਼ ਕਾਲਜ ਮਿੱਲਰ-ਗੰਜ ਲੁਧਿਆਣਾ ਵੱਲੋਂ 2003 ਵਿਚ ਹੋਈ। ਤੇਜੂ ਚਾਰਾ: ਜਤਿੰਦਰਪਾਲ ਸਿੰਘ ਦੁਆਰਾ ਰਚਿਤ ਇਹ ਨਾਟਕ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ 'ਤੇਜੂ' ਅਤੇ 'ਚਾਚਾ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਅਸ਼ੋਕ ਪੁਰੀ ਨੇ ਖ਼ਾਲਸਾ ਕਾਲਜ ਗੜ੍ਹਦੀਵਾਲਾ ਵੱਲੋਂ 2017 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਤੈਂ ਕੀ ਦਰਦ ਨਾ ਆਇਆ: ਵਿਮਲ ਮਿੱਡਾ ਦੁਆਰਾ ਰਚਿਤ ਇਹ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਤੈਂ ਕੀ ਦਰਦ ਨਾ ਆਇਆ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਅਤੁੱਲ ਖੁੰਗਰ ਨੇ ਗੁਰੂ ਨਾਨਕ ਖ਼ਾਲਸਾ ਕਾਲਜ, ਅਬੋਹਰ ਵੱਲੋਂ 2010 ਵਿਚ ਅਤੇ ਵਿਮਲ ਮਿਡਾ ਨੇ ਡੀ. ਏ. ਵੀ. ਕਾਲਜ, ਅਬੋਹਰ ਵੱਲੋਂ 2010 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਧੀਆਂ ਤੇ ਕਹਾਣੀਆਂ ਅਮਨਦੀਪ ਮੋਨੀ ਦੁਆਰਾ ਰਚਿਤ ਇਹ ਨਾਟਕ ਸੁਖਜੀਤ ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਅਮਨਦੀਪ ਮੋਨੀ ਨੇ ਡੀ.ਏ. ਵੀ. ਕਾਲਜ, ਬਠਿੰਡਾ, ਵੱਲੋਂ 2015 ਅਤੇ 2017 ਵਿਚ ਪੇਸ਼

ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਨਵਾਂ-ਜਨਮ: ਗੁਰਸ਼ਰਨ ਸਿੰਘ ਦੁਆਰਾ ਰਚਿਤ ਇਹ ਨਾਟਕ ਸਰਵਮੀਤ ਦੀ ਪੰਜਾਬੀ ਕਹਾਣੀ 'ਨਵਾਂ ਜਨਮ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਹੰਸਾ ਸਿੰਘ ਨੇ ਸੰਤ ਬਾਬਾ ਪ੍ਰੇਮ ਸਿੰਘ ਕਰਮਾਂ ਸਰ ਕੁਮਾਰ, ਕਾਲਜ ਨਡਾਲਾ, ਕਪੂਰਥਲਾ, ਵੱਲੋਂ 1992 ਵਿਚ ਪੇਸ਼ ਕੀਤਾ । ਬੱਸ ਹੁਣ ਹੋਰ ਨਹੀਂ: ਸਰਬਜੀਤ ਔਲਖ ਦੁਆਰਾ ਰਚਿਤ ਇਹ ਨਾਟਕ ਭੋਲਾ ਸਿੰਘ ਸੰਘੇੜਾ ਦੀ ਕਹਾਣੀ 'ਬੱਸ ਹੁਣ ਹੋਰ ਨਹੀਂ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਸੁਖਵਿੰਦਰ ਬੁੱਗੂ ਨੇ ਪੰਜਾਬੀ ਯੂਨੀਵਰਸਿਟੀ, ਟੀ. ਪੀ. ਡੀ. ਮਾਲਵਾ ਕਾਲਜ, ਰਾਮਪੁਰਾ ਫੂਲ, ਵੱਲੋਂ 2007 ਵਿਚ ਪੇਸ ਕੀਤਾ। ਸਰਬਜੀਤ ਔਲਖ ਨੇ ਐੱਸ. ਡੀ. ਕਾਲਜ ਬਰਨਾਲਾ ਵੱਲੋਂ 2009 ਵਿਚ, ਸੋਮਪਾਲ ਹੀਰਾ ਨੇ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵੱਲੋਂ 2015 ਵਿਚ, ਨਾਟਕ ਅਪ੍ਰਕਾਸ਼ਿਤ ਹੈ। ਬਾਗ਼ੀ ਦੀ ਧੀ: ਪਾਲੀ ਭੁਪਿੰਦਰ ਦੁਆਰਾ ਰਚਿਤ ਇਹ ਨਾਟਕ "ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਦੀ ਕਹਾਣੀ ਬਾਗੀ ਦੀ ਧੀ ਦਾ ਨਾਟਕੀ ਰੂਪਾਂਤਰਨ ਹੈ। ਇਸ ਤੋਂ ਪਹਿਲਾ ਨਾਟਕ ਲਿਖਿਆ 'ਤਾਂ ਕਿ ਸਦਨ ਰਹੇ।' ਇਸ ਨਾਟਕ ਨੂੰ ਤਲਵਿੰਦਰ ਸਿੰਘ ਭੁੱਲਰ ਨੇ ਪਟੇਲ ਮੈਮੋਰੀਅਲ ਕਾਲਜ, ਰਾਜਪੁਰਾ ਵੱਲੋਂ 2013 ਵਿਚ ਪੇਸ਼ ਕੀਤਾ। ਭੱਜੀਆਂ ਬਾਹੀਂ: ਅਜਮੇਰ ਸਿੰਘ ਔਲਖ ਰਚਿਤ ਇਹ ਨਾਟਕ ਵਰਿਆਮ ਸੰਧੂ ਦੀ ਕਹਾਣੀ 'ਭੱਜੀਆਂ ਬਾਹੀ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਅਜਮੇਰ ਸਿੰਘ ਔਲਖ ਨੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵੱਲੋਂ 1988 ਵਿਚ ਪੇਸ਼ ਕੀਤਾ। ਮਿੱਟੀ ਰੁਦਨ ਕਰੇ: ਬਲਦੇਵ ਸਿੰਘ ਦੁਆਰਾ ਰਚਿਤ ਇਹ ਨਾਟਕ ਬਲਦੇਵ ਸਿੰਘ ਦੀ ਪੰਜਾਬੀ ਕਹਾਣੀ 'ਰਿਸ਼ਤਿਆਂ ਦੇ ਕਸੀਰ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਹੰਸਾ ਸਿੰਘ ਨੇ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵੱਲੋਂ 1998 ਵਿਚ, ਗੁਰੂ ਨਾਨਕ ਖ਼ਾਲਸਾ ਗਰਲਜ਼ ਕਾਲਜ, ਸੰਗ-ਢੇਸੀਆਂ, ਜਲੰਧਰ ਵੱਲੋਂ 2004 ਵਿਚ, ਕੁਲਵਿੰਦਰ ਕੌਰ ਨੇ ਮਹਾਰਾਜਾ ਬ੍ਰਹਮ ਸਾਗਰ ਬ੍ਰਹਮਾਨੰਦ ਭਾਰੀਵਾਲ ਕਾਲਜ ਟਿੱਬਾ ਨੰਗਲ, ਰੋਪੜ ਵੱਲੋਂ 2000, 2007 ਵਿਚ, ਅਵਿੰਦਰ ਸਿੰਘ ਰਾਜੂ ਅਤੇ ਬਲਵੰਤ ਰਾਏ ਨੇ ਐੱਮ. ਬੀ. ਬੀ. ਜੀ. ਜੀ. ਗਰਲਜ਼ ਕਾਲਜ, ਰੱਤੋਵਾਲ, ਹੁਸ਼ਿਆਰਪੁਰ ਵੱਲੋਂ 2007 ਵਿਚ, ਸਤਨਾਮ ਕੌਰ ਨੇ ਸਰਕਾਰੀ ਕਾਲਜ, ਅਜਨਾਲਾ ਵੱਲੋਂ 2014 ਵਿਚ ਪੇਸ਼ ਕੀਤਾ। ਮੁਨਸ਼ੀ ਖ਼ਾਨ: ਗੁਰਸ਼ਰਨ ਸਿੰਘ ਦੁਆਰਾ ਰਚਿਤ ਇਹ ਨਾਟਕ ਜੋਗਾ ਸਿੰਘ ਦੀ ਕਵਿਤਾ 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਸਾਹਿਬ ਸਿੰਘ ਨੇ ਸਰਕਾਰੀ ਕਾਲਜ, ਮੁਹਾਲੀ ਵੱਲੋਂ 2007 ਵਿਚ ਪੇਸ਼ ਕੀਤਾ। ਰੇਤ ਦੀਆਂ ਕੰਧਾਂ: ਸਰਬਜੀਤ ਔਲਖ ਦੁਆਰਾ ਰਚਿਤ ਇਸ ਨਾਟਕ ਭੋਲਾ ਸਿੰਘ ਸੰਘੇੜਾ ਦੀ ਕਹਾਣੀ ਉਮਰੋਂ ਲੰਮੇ ਦੁੱਖ ਦਾ ਨਾਟਕੀ ਰੂਪਾਂਤਰ ਹੈ। ਇਸ ਨਾਟਕ ਨੂੰ ਸਰਬਜੀਤ ਔਲਖ ਨੇ ਐੱਸ. ਡੀ. ਕਾਲਜ, ਬਰਨਾਲਾ ਵੱਲੋਂ 2004 ਵਿਚ, ਮਿਸਟਰ ਜੱਸਪਾਲ ਨੇ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵੱਲੋਂ 2004 ਵਿਚ, ਕੁਲਵਿੰਦਰ ਕੌਰ ਨੇ ਮਹਾਰਾਜਾ ਬ੍ਰਹਮ ਸਾਗਰ ਬ੍ਰਹਮਾਨੰਦ ਭਾਰੀਵਾਲ ਕਾਲਜ ਟਿੱਬਾ ਨੰਗਲ, ਰੋਪੜ ਵੱਲੋਂ 2006 ਵਿਚ, ਕ੍ਰਾਂਤੀ ਪਾਲ ਸਿੰਘ ਨੇ ਏ. ਪੀ. ਜੇ. ਕਾਲਜ ਆਫ਼ ਫਾਈਨ ਆਰਟਸ, ਜਲੰਧਰ ਵੱਲੋਂ 2009 ਵਿਚ, ਸੋਮਪਾਲ ਹੀਰਾ ਨੇ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵੱਲੋਂ 2012, 2013, 2019 ਵਿਚ, ਜੀ. ਐੱਚ. ਜੀ. ਖ਼ਾਲਸਾ ਕਾਲਜ, ਗੁਰੂਸਰ ਸੁਧਾਰ ਵੱਲੋਂ 2016 ਵਿਚ, ਜਗਦੀਪ ਸਿੰਘ ਭੀਮਾ ਨੇ ਬੀ. ਏ. ਐੱਮ. ਖ਼ਾਲਸਾ ਕਾਲਜ, ਗੜ੍ਹਸ਼ੰਕਰ ਵੱਲੋਂ 2015 ਵਿਚ, ਸ਼ਨੀ ਚਾਵਰੀਆ ਨੇ ਅਕਾਲ ਕਾਲਜ ਆਫ਼ ਐਜੂਕੇਸ਼ਨ, ਮਸਤੂਆਣਾ ਸਾਹਿਬ, ਸੰਗਰੂਰ ਵੱਲੋਂ 2016 ਵਿਚ ਪੇਸ਼ ਕੀਤਾ।

**3. ਨਾਵਲਾਂ ਦਾ ਨਾਟਕੀ ਰੂਪਾਂਤਰਨ**

ਤੂਤਾਂ ਵਾਲਾ ਖੂਹ: ਗੁਰਸ਼ਰਨ ਸਿੰਘ ਦੁਆਰਾ ਰਚਿਤ ਇਹ ਨਾਟਕ ਸੋਹਣ ਸਿੰਘ ਸੀਤਲ ਦੇ ਨਾਵਲ ਦਾ ਨਾਟਕੀ ਰੂਪਾਂਤਰ ਹੈ। ਇਸ ਨਾਟਕ ਨੂੰ ਹੰਸਾ ਸਿੰਘ ਨੇ ਗੁਰੂ ਨਾਨਕ ਕਾਲਜ, ਬਟਾਲਾ ਵੱਲੋਂ 1989 ਵਿਚ ਪੇਸ਼ ਕੀਤਾ। ਤ੍ਰਿਸਕਾਰੀਆਂ ਧੀਆਂ: ਸੋਮਪਾਲ ਹੀਰਾ ਦੁਆਰਾ ਰਚਿਤ ਇਹ ਨਾਟਕ ਬਲਦੇਵ ਸਿੰਘ ਦੇ ਨਾਵਲ 'ਲਾਲ ਬੱਤੀ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਸੋਮਪਾਲ ਹੀਰਾ ਨੇ ਰਾਮਗੜ੍ਹੀਆ ਗਰਲਜ਼ ਕਾਲਜ ਮਿੱਲਰ-ਗੰਜ,

ਲੁਧਿਆਣਾ ਵੱਲੋਂ 1999 ਵਿਚ, ਖ਼ਾਲਸਾ ਕਾਲਜ ਫ਼ਾਰ ਵੁਮੈਨ ਸਿਵਲ ਲਾਈਨਜ਼, ਲੁਧਿਆਣਾ ਵੱਲੋਂ 2004 ਵਿਚ, ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵੱਲੋਂ 2005 ਵਿਚ, ਗੁਰੂ ਨਾਨਕ ਖ਼ਾਲਸਾ ਕਾਲਜ ਫ਼ਾਰ ਵੁਮੈਨ ਗੁਜ਼ਰਖਾਨ ਕੈਂਪਸ ਵੱਲੋਂ 2009 ਵਿਚ, ਜੀ. ਆਰ. ਡੀ. ਕਾਲਜ, ਫਗਵਾੜਾ ਵੱਲੋਂ 2009 ਵਿਚ, ਸੁਰਿੰਦਰ ਕੁਮਾਰ ਨਰੂਲਾ ਨੇ ਭਾਗ ਸਿੰਘ ਖ਼ਾਲਸਾ ਕਾਲਜ ਫ਼ਾਰ ਵੁਮੈਨ, ਕਾਲਾ ਟਿੱਬਾ, ਅਬੋਹਰ ਵੱਲੋਂ 1999 ਵਿਚ ਪੇਸ਼ ਕੀਤਾ। ਪਿੰਜਰ: ਇਹ ਨਾਟਕ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਰਿਆਨ ਖ਼ਾਨ ਨੇ ਦਸਮੇਸ਼ ਗਰਲਜ ਕਾਲਜ, ਚੱਕ ਅੱਲਾ ਬਾਕਸ, ਜੀ. ਟੀ. ਰੋਡ, ਮੁਕੇਰੀਆਂ ਵੱਲੋਂ 2016 ਵਿਚ, ਰੋਹਿਤ ਬਾਂਸਲ ਨੇ ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਵੱਲੋਂ 2016 ਵਿਚ, ਅਵਿੰਦਰ ਰਾਜੂ ਅਤੇ ਬਲਵੰਤ ਰਾਏ ਨੇ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵੱਲੋਂ 2019 ਵਿਚ, ਰਾਜਵਿੰਦਰ ਸਮਰਾਲਾ ਨੇ ਸਿੱਖ ਨੈਸ਼ਨਲ ਕਾਲਜ ਚਰਨ ਕੰਵਲ, ਬੰਗਾ, ਐੱਸ. ਬੀ. ਐੱਸ. ਨਗਰ ਵੱਲੋਂ 2019 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਪੀਲੇ ਚਿਹਰੇ ਲਾਲ ਹੋਠ: ਮੰਚ ਪ੍ਰੀਤ ਸਿੰਘ ਨੇ ਬਲਦੇਵ ਸਿੰਘ ਦੇ ਨਾਵਲ 'ਲਾਲ ਬੱਤੀ' ਦਾ ਨਾਟਕੀ ਰੂਪਾਂਤਰਨ 1996 ਵਿਚ ਕੀਤਾ। ਇਸ ਨਾਟਕ ਨੂੰ ਮੰਚ ਪ੍ਰੀਤ ਸਿੰਘ ਨੇ ਆਰ. ਆਰ. ਬਾਵਾ ਕਾਲਜ ਬਟਾਲਾ ਵੱਲੋਂ 1996 ਵਿਚ ਅਤੇ ਪਾਵੇਲ ਸੰਧੂ ਨੇ ਐੱਚ. ਐਮ. ਵੀ. ਕਾਲਜ, ਜਲੰਧਰ ਵੱਲੋਂ 2000 ਵਿਚ ਪੇਸ਼ ਕੀਤਾ। ਮਿੱਟੀ ਦਾ ਮੁੱਲ: ਗੁਰਸ਼ਰਨ ਸਿੰਘ ਦੁਆਰਾ ਰਚਿਤ ਇਹ ਨਾਟਕ ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਮਿੱਟੀ ਦਾ ਮੁੱਲ' ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਨਿਰਮਲ ਜੌੜਾ ਨੇ ਰਾਮਗੜ੍ਹੀਆ ਗਰਲਜ਼ ਕਾਲਜ, ਮਿੱਲਰ ਗੰਜ ਵੱਲੋਂ 2000 ਵਿਚ, ਲੁਧਿਆਣਾ, ਸੁਰਜੀਤ ਸੰਧੂ ਬਰਨਾਲਾ ਨੇ ਦੇਸ਼ ਭਗਤ ਕਾਲਜ, ਬਰੜਵਾਲ ਧੂਰੀ ਵੱਲੋਂ 2005 ਵਿਚ ਪੇਸ਼ ਕੀਤਾ। ਲਾਲ ਬੱਤੀ: ਕੇਵਲ ਧਾਲੀਵਾਲ ਨੇ ਬਲਦੇਵ ਧਾਲੀਵਾਲ ਦੇ ਨਾਵਲ 'ਲਾਲ ਬੱਤੀ' ਦਾ ਨਾਟਕੀ ਰੂਪਾਂਤਰਨ 2000 ਵਿਚ ਕੀਤਾ। ਇਸ ਨਾਟਕ ਨੂੰ ਕੇਵਲ ਧਾਲੀਵਾਲ ਨੇ ਹਿੰਦੂ ਕਾਲਜ, ਅੰਮ੍ਰਿਤਸਰ ਵੱਲੋਂ 2000 ਵਿਚ, ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ 2002 ਵਿਚ ਅਤੇ ਪਾਵੇਲ ਸੰਧੂ ਨੇ ਸ਼ਾਂਤੀ ਦੇਵੀ ਮਹਿਲਾ ਕਾਲਜ ਦੀਨਾ ਨਗਰ ਵੱਲੋਂ 2004 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ।

**4. ਨਾਟਕਾਂ ਦਾ ਨਾਟਕੀ ਰੂਪਾਂਤਰਨ**

ਅੱਧੇ ਊਣੇ ਰਿਸ਼ਤੇ: ਸਾਗਰ ਭੱਟੀ ਦੁਆਰਾ ਰਚਿਤ ਇਹ ਨਾਟਕ ਆਤਮਜੀਤ ਦੇ ਨਾਟਕ 'ਮੈਂ ਤਾਂ ਇਕ ਸਾਰੰਗੀ ਹਾਂ' 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਸਾਗਰ ਭੱਟੀ ਨੇ ਆਪਣੀ ਹੀ ਨਿਰਦੇਸ਼ਨਾ ਹੇਠ ਸਰਕਾਰੀ ਕਾਲਜ ਫ਼ਾਰ ਵੁਮੈਨ, ਲੁਧਿਆਣਾ ਵੱਲੋਂ 2010 ਅਤੇ ਜੀ. ਐੱਮ. ਟੀ. ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ ਵੱਲੋਂ 2011 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਆਜ਼ਾਦੀ ਕੀ ਸ਼ੈਅ ਹੁੰਦੀ ਏ: ਸਵਾਮੀ ਸਰਬਜੀਤ ਦੁਆਰਾ ਰਚਿਤ ਇਹ ਨਾਟਕ ਪਾਲੀ ਭੁਪਿੰਦਰ ਸਿੰਘ ਦੇ ਨਾਟਕ 15 ਅਗਸਤ 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ 2011 ਅਤੇ 2012 ਵਿਚ, ਐੱਲ. ਬੀ. ਐੱਸ. ਕਾਲਜ, ਬਰਨਾਲਾ ਵੱਲੋਂ 2012 ਵਿਚ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵੱਲੋਂ 2014 ਵਿਚ ਪੇਸ਼ ਕੀਤਾ। ਸਾਰੰਗੀ: ਸਾਗਰ ਭੱਟੀ ਦੁਆਰਾ ਰਚਿਤ ਇਹ ਨਾਟਕ ਆਤਮਜੀਤ ਦੇ ਨਾਟਕ 'ਮੈਂ ਤਾਂ ਇਕ ਸਾਰੰਗੀ ਹਾਂ' 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਸਾਗਰ ਭੱਟੀ ਨੇ ਆਪਣੀ ਹੀ ਨਿਰਦੇਸ਼ਨਾਂ ਹੇਠ ਐੱਸ. ਡੀ. ਪੀ. ਕਾਲਜ ਫ਼ਾਰ ਵੁਮੈਨ, ਲੁਧਿਆਣਾ ਵੱਲੋਂ 2009 ਵਿਚ ਅਤੇ ਜੀ. ਐੱਮ. ਟੀ. ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ ਵੱਲੋਂ 2009 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਸਾਂਵਲੀ: ਪਾਵੇਲ ਸੰਧੂ ਦੁਆਰਾ ਰਚਿਤ ਇਹ ਨਾਟਕ ਬਲਵੰਤ ਗਾਰਗੀ ਦੇ ਨਾਟਕ 'ਬਲਦੇ ਟਿੱਬੇ' ਦਾ ਹਿੰਦੀ ਅਨੁਵਾਦ ਅਤੇ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ 'ਪਾਵੇਲ ਸੰਧੂ' ਨੇ ਆਪਣੀ ਹੀ ਨਿਰਦੇਸ਼ਨਾ ਹੇਠ ਡੀ. ਏ. ਵੀ. ਕਾਲਜ, ਫ਼ਿਰੋਜ਼ਪੁਰ ਵੱਲੋਂ 2006 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਸਾੜ ਦਿਓ ਦੋ ਰੁੱਤਾਂ ਖਾਣੇ: ਮੰਚ ਪ੍ਰੀਤ ਸਿੰਘ ਦੁਆਰਾ ਰਚਿਤ ਇਹ ਨਾਟਕ ਗੁਰਸ਼ਰਨ ਸਿੰਘ ਦੇ ਦੋ ਨਾਟਕਾਂ ਦਾ ਨਾਟਕੀ ਰੂਪਾਂਤਰਨ ਹੈ। ਇਸ ਨਾਟਕ ਨੂੰ ਮੰਚ ਪ੍ਰੀਤ ਸਿੰਘ ਨੇ

ਆਪਣੀ ਹੀ ਨਿਰਦੇਸ਼ਨਾ ਹੇਠ ਆਰ.ਆਰ. ਬਾਵਾ. ਡੀ. ਏ. ਵੀ. ਕਾਲਜ ਫਾਰ ਗਰਲਜ਼, ਬਟਾਲਾ ਵੱਲੋਂ 1994 ਵਿਚ ਪੇਸ਼ ਕੀਤਾ। ਸੋ ਕਿਉਂ ਮੰਦਾ ਆਖੀਏ ਜਿਤ ਜੰਮੇ ਰਾਜਾਨ: ਕੁਲਦੀਪ ਜੱਗੀ ਦੁਆਰਾ ਰਚਿਤ ਇਹ ਨਾਟਕ ਸਰਬਜੀਤ ਔਲਖ ਦੇ ਪੰਜਾਬੀ ਨਾਟਕ 'ਗਿੱਲੀ ਮਿੱਟੀ ਦਾ ਬੁੱਤ' 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਕੁਲਦੀਪ ਸਿੰਘ ਜੱਗੀ ਨੇ ਆਪਣੀ ਹੀ ਨਿਰਦੇਸ਼ਨਾਂ ਹੇਠ ਸ੍ਰੀ ਆਤਮ ਵੱਲਭ ਜੈਨ ਕਾਲਜ, ਲੁਧਿਆਣਾ ਵੱਲੋਂ 2016 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ। ਨਾ ਆਨਾ ਇਸ ਦੇਸ ਮੇਰੀ ਲਾਡੋ: ਅਮਿੱਤ ਸ਼ਰਮਾ ਦੁਆਰਾ ਰਚਿਤ ਇਹ ਨਾਟਕ ਸੋਮਪਾਲ ਹੀਰਾ ਦੇ ਨਾਟਕ 'We Will Never Visit india' 'ਤੇ ਅਧਾਰਿਤ (ਇਹ ਨਾਟਕ ਸੁਰਜੀਤ ਗੱਗ ਦੀਆਂ ਕਹਾਣੀਆਂ 'ਤੇ ਅਧਾਰਿਤ ਹੈ।) ਇਸ ਨਾਟਕ ਨੂੰ ਅਮਿੱਤ ਸ਼ਰਮਾ (ਜਲੰਧਰ) ਨੇ ਐੱਸ. ਪੀ. ਐਨ. ਕਾਲਜ, ਮੁਕੇਰੀਆਂ. ਵੱਲੋਂ 2016 ਵਿਚ ਪੇਸ਼ ਕੀਤਾ। ਬ੍ਰਹਨ ਅੱਲਾ, ਸਰਬਜੀਤ ਲਾਡਾ ਦੁਆਰਾ ਰਚਿਤ ਇਹ ਨਾਟਕ ਜਗਦੇਵ ਢਿੱਲੋਂ ਦੇ ਨਾਟਕ ਜ਼ਿੰਦਗੀ 'ਤੇ ਅਧਾਰਿਤ ਹੈ। ਇਸ ਨਾਟਕ ਨੂੰ ਸਰਬਜੀਤ ਲਾਡਾ ਨੇ ਦਸਮੇਸ਼ ਗਰਲਜ ਕਾਲਜ, ਚੱਕ ਅੱਲਾ ਬਾਕਸ, ਮੁਕੇਰੀਆਂ ਵੱਲੋਂ 2017 ਵਿਚ ਪੇਸ਼ ਕੀਤਾ। ਨਾਟਕ ਅਪ੍ਰਕਾਸ਼ਿਤ ਹੈ।

ਉਪਰੋਕਤ ਦੀ ਲੋਅ ਵਿਚ ਯੁਵਕ ਮੇਲਿਆਂ ਦੇ ਨਾਟ-ਮੰਚ ਦੀ ਇਕੱਤਰ ਸਮਗਰੀ ਦਾ ਸਰਵੇਖਣ ਕਰਦਿਆਂ ਸਪਸ਼ਟ ਹੈ ਕਿ ਇਸ ਨਾਟ-ਮੰਚ ਨੇ ਜਿੱਥੇ ਨਾਟਕ ਦੇ ਨਵੇਂ ਰੂਪ ਲਘੂ-ਨਾਟਕ ਨੂੰ ਜਨਮ ਦਿੱਤਾ ਉੱਥੇ ਇਸ ਵਿਧਾ ਲਈ ਨਵੇਂ ਨਾਟਕਕਾਰ ਵੀ ਪੈਦਾ ਹੋਏ। ਅਦਾਕਾਰੀ ਤੋਂ ਨਾਟ-ਨਿਰਦੇਸ਼ਕ ਅਤੇ ਨਾਟਕਕਾਰ ਬਣਨ ਦਾ ਸਫ਼ਰ ਵੀ ਯੁਵਕ ਮੇਲਿਆਂ ਦੇ ਨਾਟ-ਮੰਚ ਤੋਂ ਹੀ ਸ਼ੁਰੂ ਹੁੰਦਾ ਹੈ। ਯੁਵਕ ਮੇਲਿਆਂ ਦਾ ਨਾਟ-ਮੰਚ ਸ਼ੌਕੀਆ ਰੰਗਮੰਚ ਤੋਂ ਕਸਬੀ ਰੰਗਮੰਚ ਵਿਚ ਪਰਿਵਰਤਿਤ ਹੁੰਦਾ ਹੋਇਆ ਕਿਸ ਤਰ੍ਹਾਂ ਵਿਦਿਆਰਥੀ ਰੰਗਕਰਮੀਆਂ ਲਈ ਅੱਗੇ ਜਾ ਕੇ ਰੋਜ਼ਗਾਰ ਦਾ ਸਾਧਨ ਵੀ ਬਣਦਾ ਹੈ। ਇਸ ਮੰਚ ਲਈ ਹੋਂਦ ਵਿਚ ਆਈਆਂ ਨਾਟਕੀ ਸਕ੍ਰਿਪਟਾਂ ਨਾਟਕਕਾਰਾਂ ਦੀਆਂ ਮੌਲਿਕ ਅਤੇ ਨਾਟਕੀ ਰੂਪਾਂਤਰਨ ਦੋਹਾਂ ਰੂਪਾਂ ਵਿਚ ਮਿਲਦੀਆਂ ਹਨ। ਪਰੰਤੂ ਪ੍ਰਾਪਤ ਹੋਈਆਂ ਜ਼ਿਆਦਾਤਰ ਨਾਟਕੀ ਸਕ੍ਰਿਪਟਾਂ ਅਪ੍ਰਕਾਸ਼ਿਤ ਹਨ। ਇਨ੍ਹਾਂ ਨਾਟਕੀ ਸਕ੍ਰਿਪਟਾਂ ਦੇ ਵਿਸ਼ਿਆਂ ਦੀ ਨਵੀਨਤਾ ਦੇ ਨਾਲ-ਨਾਲ ਵਿਸ਼ਿਆਂ ਦੀ ਵਿਵਿਧਤਾ ਇਸ ਮੰਚ ਤੋਂ ਪੇਸ਼ ਹੋਏ ਨਾਟ-ਮੰਚ ਦੀ ਪ੍ਰਾਪਤੀ ਹੈ। ਇਸ ਦੇ ਨਾਲ ਹੀ ਯੁਵਕ ਮੇਲਿਆਂ ਦਾ ਨਾਟ-ਮੰਚ ਮਨੁੱਖੀ ਸੰਘਰਸ਼ਮਈ ਜੀਵਨ ਦੀਆਂ ਸਥਿਤੀਆਂ ਪਰਿਸਥਿਤੀਆਂ ਵਿਚ ਧਰਮਾਂ, ਜਾਤਾਂ, ਨਸਲਾਂ ਤੇ ਸ਼੍ਰੇਣੀਆਂ ਦੇ ਨਾਂ 'ਤੇ ਕੀਤਾ ਜਾਂਦਾ ਸ਼ੋਸ਼ਣ, ਪਾਈਆ ਜਾਂਦੀਆਂ ਵੰਡੀਆਂ ਦੀਆਂ ਕਾਲੀਆਂ ਕਰੂਰ ਤਾਕਤਾਂ 'ਤੇ ਪਾਈ ਜਿੱਤ ਨੂੰ ਪੇਸ਼ ਕਰਦਾ ਹੈ। ਯੁਵਕ ਮੇਲਿਆਂ ਦੇ ਨਾਟ-ਮੰਚ ਦਾ ਮੁਹਾਂਦਰਾ ਇੱਕ ਵਿਸ਼ੇਸ਼ ਪ੍ਰਕਾਰ ਦਾ ਧਾਰਨੀ ਹੈ। ਇਸ ਮੰਚ ਲਈ ਲਿਖੀਆਂ ਨਾਟਕੀ ਸਕ੍ਰਿਪਟਾਂ ਦੀ ਪੇਸ਼ਕਾਰੀ ਦੀ ਤੋਰ ਤਿੱਖੇ ਸੁਰ ਵਾਲੀ ਹੋਣ ਦੇ ਨਾਲ-ਨਾਲ ਇਸ ਦਾ ਸੰਵਾਦ ਵਿਅੰਗ ਭਰਪੂਰ ਹੁੰਦਾ ਹੈ। ਮੰਚ ਪੇਸ਼ਕਾਰੀ ਦੌਰਾਨ ਪਲ-ਪਲ ਬਦਲਦੀਆਂ ਸਥਿਤੀਆਂ, ਪ੍ਰਸਥਿਤੀਆਂ ਅਦਾਕਾਰਾਂ ਦੇ ਚਿਹਰੇ ਦੇ ਹਾਵ-ਭਾਵ ਅਤੇ ਪਿੱਠ ਭੂਮੀ 'ਤੇ ਚੱਲਦਾ ਪ੍ਰਭਾਵਸ਼ਾਲੀ ਸੰਗੀਤ ਦਰਸ਼ਕਾਂ ਨੂੰ ਕੀਲਣ ਵਾਲਾ ਹੁੰਦਾ ਹੈ। ਨਾਟ-ਨਿਰਦੇਸ਼ਕ ਵੱਲੋਂ ਇਸ ਨਾਟ-ਮੰਚ ਲਈ ਵਰਤੀਆਂ ਨਾਟਕੀ ਜੁਗਤਾ, ਭਾਵਾਂ ਦਾ ਜ਼ਬਰਦਸਤ ਉਛਾਲ ਅਤੇ ਆਪਣੇ ਨਾਲ ਵਹਾ ਕੇ ਲੈ ਜਾਣ ਵਾਲਾ ਵੇਗ ਇਨ੍ਹਾਂ ਪੇਸ਼ਕਾਰੀਆਂ ਦੀ ਵਿਸ਼ੇਸ਼ ਪ੍ਰਾਪਤੀ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਦਰਸ਼ਕਾਂ ਨੂੰ ਆਪਣੇ ਕਲੇਵਰ ਵਿਚ ਲੈ ਕੇ ਜੱਜਾਂ ਉੱਪਰ ਇਸ ਦਾ ਪ੍ਰਭਾਵ ਸਿਰਜਿਆ ਜਾਂਦਾ ਹੈ।

**ਹਵਾਲੇ ਟਿੱਪਣੀਆਂ**


1. ਅੰਗਰੇਜ਼ੀ:ਪੰਜਾਬੀ ਕੋਸ਼, ਸੱਤਵਾਂ ਸੋਧਿਆ ਸੰਸਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011 ਪੰਨਾ-13



ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ,
ਫਗਵਾੜਾ (ਪੰਜਾਬ)
99884-70046

# ਪਰਵਾਸੀ ਪੰਜਾਬੀ ਕਹਾਣੀਕਾਰ ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲੇ ਵਰਕੇ' ਦਾ ਵਿਸ਼ੇਗਤ ਅਧਿਐਨ

ਅੰਮ੍ਰਿਤਪਾਲ ਕੌਰ



ਮਨੁੱਖ ਦਾ ਇੱਕ ਖ਼ਿੱਤੇ ਤੋਂ ਦੂਜੇ ਖ਼ਿੱਤੇ ਵਿੱਚ ਪਰਵਾਸ ਦਾ ਵਰਤਾਰਾ ਪੁਰਾਣੇ ਸਮਿਆਂ ਤੋਂ ਪ੍ਰਚੱਲਿਤ ਰਿਹਾ ਹੈ। ਮਨੁੱਖ ਦੇ ਸਭਿਅਕ ਹੋਣ ਦੇ ਸਮੇਂ ਤੋਂ ਹੀ ਉਸ ਦੇ ਮਨ ਅੰਦਰ ਨਵੀਆਂ ਥਾਵਾਂ, ਦਿਸ਼ਾਵਾਂ ਵੱਲ ਜਾਣ ਦੀ ਇੱਛਾ ਸ਼ਕਤੀ ਜਨਮ ਲੈਂਦੀ ਰਹੀ ਹੈ। ਪਰਵਾਸ ਮਨੁੱਖ ਨੂੰ ਗਤੀਸ਼ੀਲ ਵੀ ਬਣਾਉਂਦਾ ਹੈ ਅਤੇ ਚਿੰਤਨਸ਼ੀਲ ਵੀ। ਚੰਗੇ ਭਵਿੱਖ ਦੀ ਤਲਾਸ਼ ਵਿੱਚ ਮਨੁੱਖ ਆਪਣੀ ਧਰਤੀ ਨਾਲੋਂ ਟੁੱਟ ਕੇ ਬੇਗਾਨੀ ਧਰਤੀ ਅਤੇ ਰਹਿਤਲ ਨੂੰ ਅਪਣਾਉਂਦਾ ਹੈ। ਪਰਵਾਸੀ ਬੰਦੇ ਦਾ ਜੋਖ਼ਮ ਦੂਹਰਾ ਹੈ, ਆਪਣੇ ਮੂਲ ਵਸੇਬੇ ਅਤੇ ਰਹਿਤਲ ਤੋਂ ਟੁੱਟ ਕੇ ਬੇਗਾਨਿਆਂ ਵਿੱਚ ਵੱਸਣ-ਰਸਣ, ਪ੍ਰਵਾਨ ਹੋਣ ਅਤੇ ਆਪਣੀ ਮੂਲ ਸਭਿਆਚਾਰਕ ਸ਼ਨਾਖ਼ਤ ਨੂੰ ਕਾਇਮ ਰੱਖਣ ਦਾ। ਪਰਵਾਸ ਸ਼ਬਦ ਅੰਗਰੇਜ਼ੀ ਦੇ ਸ਼ਬਦ ਇਮੀਗ੍ਰੇਸ਼ਨ ਦਾ ਸਮਾਨ ਅਰਥੀ ਹੈ। ਪਰਵਾਸ ਸ਼ਬਦ ਪਰ+ਵਾਸ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। 'ਪਰ' ਦਾ ਭਾਵ ਹੈ ਪਰਾਇਆ ਅਤੇ 'ਵਾਸ' ਤੋਂ ਭਾਵ ਹੈ ਵੱਸਣਾ ਅਰਥਾਤ ਮੂਲ ਸਥਾਨ ਛੱਡ ਕੇ ਕਿਸੇ ਹੋਰ ਸਥਾਨ ਉੱਤੇ ਜਾ ਕੇ ਵੱਸਣਾ ਪਰਵਾਸ ਹੈ। ਨਿਰੰਜਨ ਸਿੰਘ ਨੂਰ ਪਰਵਾਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ:-

> "ਪਰਵਾਸੀ ਉਹ ਲੋਕ ਹਨ ਜਿਹੜੇ ਆਪਣਾ ਦੇਸ਼ ਛੱਡ ਕੇ ਬਿਗਾਨੇ ਦੇਸ਼ ਵਿੱਚ ਅਣਮਿੱਥੇ ਸਮੇਂ (ਅਨਿਸ਼ਚਿਤ ਸਮੇਂ) ਲਈ ਜਾਂਦੇ ਹਨ ਪਰ ਉਹ ਦੂਜੇ ਮੁਲਕਾਂ ਵਿੱਚ ਆਬਾਦ ਹੋ ਜਾਣ ਦਾ ਫ਼ੈਸਲਾ ਕਰਨ ਦੇ ਦਾਅਵੇਦਾਰ ਨਹੀਂ ਹੁੰਦੇ ਹਨ। ਪਰਵਾਸੀ ਆਬਾਦ ਹੋਣ ਜਾਂ ਨਾ ਹੋਣ ਦੀ ਦੁਚਿੱਤੀ ਦਾ ਸ਼ਿਕਾਰ ਹੁੰਦੇ ਹਨ।"[1]

ਪਰਵਾਸ ਸਮੇਂ ਵਿਅਕਤੀ ਕੇਵਲ ਇੱਕ ਖ਼ਾਸ ਖ਼ਿੱਤੇ ਤੋਂ ਹੀ ਨਹੀਂ ਬਲਕਿ ਇੱਕ ਭਰੀ ਪੂਰੀ ਸਭਿਆਚਾਰਕ ਜੀਵਨ ਸ਼ੈਲੀ ਨਾਲੋਂ ਟੁੱਟ ਜਾਂਦਾ ਹੈ। ਮੜ੍ਹਕ ਨਾਲ ਜਿਊਣ ਵਾਲੇ ਪੰਜਾਬੀ ਦੀ ਮੜ੍ਹਕ ਜਦੋਂ ਦੂਜੇ ਸਭਿਆਚਾਰ ਦੇ ਨਸਲੀ ਵਿਤਕਰੇ ਕਾਰਨ ਟੁੱਟਦੀ ਹੈ ਤਾਂ ਉਹ ਘਟੀਆਪਣ ਦੇ ਇਸ ਅਹਿਸਾਸ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਇਸੇ ਸੰਦਰਭ ਵਿੱਚ ਕੁਝ ਵਿਚਾਰ ਦਿੰਦੇ ਹਨ ਜਿਨ੍ਹਾਂ ਨੂੰ ਇੱਥੇ ਪੇਸ਼ ਕਰਨਾ ਵਾਜਬ ਜਾਪਦਾ ਹੈ।

> ਭਾਰਤੀ ਸਮਾਜਿਕ ਸਭਿਆਚਾਰਕ ਸੰਦਰਭ ਵਿੱਚ ਭਾਰੀ ਸੰਯੁਕਤ ਪਰਿਵਾਰ ਅਰਥਚਾਰੇ ਨੇ ਕਾਫ਼ੀ ਸੱਟ ਮਾਰੀ ਹੈ। ਕਿਰਸਾਨੀ ਸੰਯੁਕਤ ਪਰਿਵਾਰ ਆਰਥਿਕ ਸੰਕਟ ਹੇਠ ਆ ਕੇ ਟੁੱਟ ਭੱਜ ਰਹੇ ਹਨ। ਇਸ ਟੁੱਟ ਭੱਜ ਦਾ ਨਤੀਜਾ ਇਹੋ ਹੈ ਕਿ ਰੋਜ਼ਗਾਰ ਦੀ ਭਾਲ ਵਿੱਚ ਕਿਰਸਾਨੀ ਪਰਿਵਾਰਾਂ ਦੇ ਮੁੰਡੇ ਵਿਦੇਸ਼ਾਂ ਨੂੰ ਗਏ, ਉੱਥੇ ਉਹਨਾਂ ਨੇ ਆਪਣੀ ਆਜ਼ਾਦ ਰੋਜ਼ੀ ਦੀ ਭਾਲ ਕੀਤੀ। ਨਿੱਜੀ ਸਰਮਾਏ ਦੇ ਸੰਕਲਪ ਨੇ ਉਹਨਾਂ ਦੀ ਮਾਨਸਿਕਤਾ ਵਿੱਚ ਪਰਿਵਾਰਕ ਮੋਹ ਦੀ ਭਾਵਨਾ ਨੂੰ ਤੋੜ ਦੇਣਾ ਸੀ। ਜੇਕਰ ਉਹ ਵਿਦੇਸ਼ਾਂ ਵਿੱਚ ਜਾ ਕੇ ਉੱਥੋਂ ਦੇ ਅਰਥਚਾਰੇ ਵਿੱਚ ਆਪਣੇ ਥੁੜ ਪੂੰਜੀਏ ਪਿਛੋਕੜ ਸਦਕਾ ਆਪਣਾ ਸਥਾਨ ਨਹੀਂ ਬਣਾ ਸਕੇ, ਇਸ ਲਈ ਉਹ ਆਪਣੇ ਘਰ ਦੇ ਮੋਹ ਵੱਲ ਹੀ ਮੁੜ ਪਏ। ਇਸ ਸਥਿਤੀ ਵਿੱਚ ਉੱਥੇ ਦਿਨ ਗੁਜ਼ਾਰਦਿਆਂ, ਆਪਣੇ ਬੱਚਿਆਂ ਲਈ ਘਰ ਦੀ ਉਸਾਰੀ ਕਰਦੇ ਹੋਏ ਇੱਕ ਅਜਿਹੇ ਸਮਾਜਿਕ ਸਭਿਆਚਾਰਕ ਸੰਕਟ ਦਾ ਸ਼ਿਕਾਰ ਹੋ ਗਏ ਕਿ ਉਹ ਆਪਣੇ ਆਪ ਨੂੰ ਯਾਦਾਂ ਦੇ ਆਸਰੇ ਭਾਰਤੀ ਸਭਿਆਚਾਰ ਨਾਲ ਜੁੜੇ ਮਹਿਸੂਸ ਕਰਨ ਲੱਗ ਪਏ ਹਨ। ਉਹ ਨਾਂ ਹੀ ਆਪਣੇ ਬੱਚਿਆਂ ਨੂੰ ਅਤੇ ਪਰਵਾਸੀ ਸਭਿਆਚਾਰ ਨੂੰ ਆਦਰਸ਼ ਮਾਡਲ ਬਣਾ ਸਕੇ ਅਤੇ ਨਾ ਹੀ ਭਾਰਤੀ ਸਭਿਆਚਾਰ ਨੂੰ ਆਦਰਸ਼ ਰੂਪ ਵਿੱਚ ਪੇਸ਼ ਕਰ ਸਕੇ।[2]

ਜਰਨੈਲ ਸਿੰਘ ਪਰਵਾਸੀ ਪੰਜਾਬੀ ਕਹਾਣੀ ਦੇ ਉਹਨਾਂ ਲੇਖਕਾਂ ਵਿੱਚੋਂ ਹੈ ਜਿਨ੍ਹਾਂ ਨੇ ਆਪਣੀ ਸਿਰਜਣਾਤਮਕ ਪ੍ਰਤਿਭਾ ਰਾਹੀਂ ਸਮਕਾਲੀ ਵਿਸ਼ਵ ਪੰਜਾਬੀ ਕਹਾਣੀ ਦੇ ਨੈਣ-ਨਕਸ਼ਾਂ ਨੂੰ ਉਲੀਕਣ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਜਰਨੈਲ ਸਿੰਘ ਨੇ ਕਹਾਣੀ ਦੇ ਖੇਤਰ

ਵਿੱਚ 1981 ਵਿੱਚ ਪ੍ਰਕਾਸ਼ਿਤ ਆਪਣੀਆਂ ਲਘੂ ਅਤੇ ਸਰਲ ਕਥਾਨਕ ਵਾਲੀਆਂ ਕਹਾਣੀਆਂ ਦੇ ਸੰਗ੍ਰਹਿ 'ਮੈਨੂੰ ਕੀ' ਨਾਲ ਪ੍ਰਵੇਸ਼ ਕੀਤਾ। ਹੁਣ ਤੱਕ ਪ੍ਰਕਾਸ਼ਿਤ ਉਸਦੇ ਕਹਾਣੀ ਸੰਗ੍ਰਹਿ 'ਮੈਨੂੰ ਕੀ', 'ਮਨੁੱਖ ਤੇ ਮਨੁੱਖ', 'ਸਮੇਂ ਦੇ ਹਾਣੀ', 'ਦੋ ਟਾਪੂ', 'ਟਾਵਰਜ਼' ਅਤੇ 'ਕਾਲੇ ਵਰਕੇ' ਇਕਹਿਰੇ ਸਰਲ ਬਿਰਤਾਂਤ ਤੋਂ ਜਟਿਲ ਬਿਰਤਾਂਤ ਵੱਲ ਦਾ ਸਫ਼ਰ ਤੈਅ ਕਰਦੇ ਹਨ। ਕਾਲੇ ਵਰਕੇ ਕਹਾਣੀਕਾਰ ਦਾ ਛੇਵਾਂ ਕਥਾ-ਸੰਗ੍ਰਹਿ ਹੈ। ਇਸ ਪੁਸਤਕ ਨੂੰ ਵੈਨਕੂਵਰ ਸਥਿਤ 'ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ' ਵੱਲੋਂ ਸਾਲ 2015 ਦੀ ਕੌਮਾਂਤਰੀ ਪੱਧਰ ਦੀ ਸਰਬ ਸ੍ਰੇਸ਼ਟ ਗਲਪ ਰਚਨਾ ਐਲਾਨਿਆ ਗਿਆ ਹੈ। ਪਰਵਾਸੀ ਪੰਜਾਬੀ ਕਹਾਣੀਕਾਰ ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲੇ ਵਰਕੇ' ਦੀ ਪਹਿਲੀ ਕਹਾਣੀ 'ਹੜ੍ਹ' ਹੈ। ਇਹ ਬਿਰਤਾਂਤ ਇੱਕ ਪਾਸੇ ਪ੍ਰਕਿਰਤਿਕ ਕਰੋਪੀ ਨਾਲ ਸੰਬੰਧਿਤ ਹੈ ਅਤੇ ਦੂਸਰੇ ਪਾਸੇ ਮਾਨਵੀ ਰਿਸ਼ਤਿਆਂ ਵਿੱਚ ਵਾਪਰਦੇ ਹੜ੍ਹ ਨਾਲ ਸੰਬੰਧਿਤ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਸੁਖਪਾਲ ਪੰਜਾਬ ਵਿੱਚੋਂ ਆਰਥਿਕ ਤੰਗੀ ਦਾ ਸਤਾਇਆ, ਜ਼ਿੰਦਗੀ ਨੂੰ ਜਿਊਣਯੋਗ ਬਣਾਉਣ ਲਈ ਬਹੁਤੇ ਪੰਜਾਬੀਆਂ ਵਾਂਗ ਅਮਰੀਕਾ ਪਹੁੰਚ ਜਾਂਦਾ ਹੈ। 'ਨਿਊ ਓਰਲੀਅਨਜ਼' ਵਿੱਚ ਕੈਂਟਕੀ ਫਰਾਇਡ ਚਿਕਨ ਉੱਪਰ ਕੰਮ ਕਰਨ ਲੱਗ ਜਾਂਦਾ ਹੈ। ਦਿਨ ਰਾਤ ਦੀ ਕਰੜੀ ਮਿਹਨਤ ਦੇ ਬਾਅਦ, ਉਸਦਾ ਨਿਸ਼ਾਨਾ ਅਮਰੀਕਾ ਵਿੱਚ ਪੱਕਾ ਹੋ ਜਾਣ ਦਾ ਹੈ। ਆਮ ਪੰਜਾਬੀ ਜੁਗਤ ਵਾਂਗ ਉਹ ਅਜਿਹੀ ਅਮਰੀਕਨ ਔਰਤ ਦੀ ਤਲਾਸ਼ ਵਿੱਚ ਹੈ ਜੋ ਪੈਸੇ ਲੈ ਕੇ ਉਸ ਨਾਲ ਵਿਆਹ ਕਰਵਾ ਲਵੇ। ਜਿਸ ਕਾਰਨ ਉਹ ਅਮਰੀਕਾ ਵਿੱਚ ਪੱਕਾ ਹੋ ਜਾਵੇਗਾ। ਇਸ ਕਹਾਣੀ ਦੀ ਪਾਤਰ ਐਰਿਕਾ ਜੋ ਸੁਖਪਾਲ ਦੇ ਅਪਾਰਟਮੈਂਟ ਦੇ ਸਾਹਮਣੇ ਕਿਰਾਏ 'ਤੇ ਘਰ ਲੈ ਲੈਂਦੀ ਹੈ। ਉਸਦੀ ਸੁਖਪਾਲ ਨਾਲ ਪਹਿਲਾਂ ਪਛਾਣ ਤੇ ਫਿਰ ਸਾਂਝ ਬਣਨੀ ਸ਼ੁਰੂ ਹੋ ਜਾਂਦੀ ਹੈ। ਨਾਈਨ ਇਲੈਵਨ ਦੇ ਪੀੜਤ ਪਰਿਵਾਰਾਂ ਨੂੰ ਮਿਲਣ ਵਾਲੀ ਇੱਕੀ ਲੱਖ ਡਾਲਰ ਦੀ ਰਾਹਤ ਰਾਸ਼ੀ ਨਾਲ ਐਰਿਕਾ ਰਾਤੋ-ਰਾਤ ਲਖਪਤੀ ਬਣ ਜਾਂਦੀ ਹੈ। ਐਰਿਕਾ ਉਹਨਾਂ ਨਾਲ ਆਰਾਮ ਦੀ ਜ਼ਿੰਦਗੀ ਜਿਊਣਾ ਚਾਹੁੰਦੀ ਹੈ। ਪਰ ਸੁਖਪਾਲ ਉਸ ਨੂੰ ਬਿਜ਼ਨੈੱਸ ਕਰਨ ਲਈ ਕਹਿੰਦਾ ਹੈ। ਇੱਥੇ ਹੀ ਬਿਰਤਾਂਤਕਾਰ ਦੋ ਵੱਖਰੇ-ਵੱਖਰੇ ਪ੍ਰਬੰਧਾਂ ਵਿੱਚੋਂ ਉਸਰੇ ਮਨੁੱਖੀ ਅਵਚੇਤਨ ਦਾ ਨਿਖੇੜਾ ਕਰ ਦਿੰਦਾ ਹੈ। ਵਿਕਸਤ ਪੂੰਜੀਵਾਦ ਨੇ ਮਨੁੱਖ ਨੂੰ 'ਹੁਣ ਦੇ ਜਸ਼ਨ' ਦਾ ਸੁਪਨਾ ਦਿੱਤਾ ਹੈ ਜਦੋਂ ਕਿ ਸਾਮੰਤੀ ਅਤੇ ਅਰਧ ਵਿਕਸਤ ਪੂੰਜੀਵਾਦ ਨੇ ਮਨੁੱਖ ਅੰਦਰ ਪੈਸੇ ਤੇ ਸੰਪਤੀ ਦੇ ਸੁਪਨੇ ਨੂੰ ਸਿਰਜਿਆਂ ਹੈ। ਸੁਖਪਾਲ ਦੀ ਪ੍ਰੇਰਨਾ ਨਾਲ ਉਹ ਕੈਂਟਕੀ ਫਰਾਇਡ ਦੀ ਫਰੈਂਚਾਈਜ਼ੀ ਲੈ ਕੇ ਇੱਕ ਸਾਲ ਵਿੱਚ ਹੀ ਵੀਹ ਗੁਣਾ ਮੁਨਾਫ਼ਾ ਕਮਾਉਣ ਵਿੱਚ ਸਫ਼ਲ ਹੋ ਜਾਂਦੇ ਹਨ। ਇੱਕ ਦਿਨ ਐਰਿਕਾ ਜੋ ਪਹਿਲਾਂ ਦੋਸਤੀ ਤੱਕ ਸੀਮਤ ਸੀ, ਹੁਣ ਸੁਖਪਾਲ ਨਾਲ ਵਿਆਹ ਕਰਵਾਉਣ ਲਈ ਰਾਜ਼ੀ ਹੋ ਜਾਂਦੀ ਹੈ। ਸੁਖਪਾਲ ਆਪਣੇ ਭਰਾ ਜਿੰਦਰ ਨੂੰ ਵੀ ਅਮਰੀਕਾ ਸੱਦਣ ਵਿੱਚ ਕਾਮਯਾਬ ਹੋ ਜਾਂਦਾ ਹੈ। ਇਉਂ ਸੁਖਪਾਲ ਵਿਕਸਤ ਪੂੰਜੀਵਾਦ ਪ੍ਰਬੰਧ ਵਿੱਚ ਸਫ਼ਲਤਾ ਦੇ ਰਸਤੇ ਤੁਰ ਪੈਂਦਾ ਹੈ। ਸੁਖਪਾਲ ਅਤੇ ਐਰਿਕਾ ਇੱਕ ਪੁੱਤਰ ਜੈਕਜੀਤ ਦੇ ਮਾਂ ਬਾਪ ਬਣ ਜਾਂਦੇ ਹਨ। ਪੈਸਾ ਕਮਾਉਣ ਦੀ ਅੰਨ੍ਹੀ ਦੌੜ ਦੇ ਪਿੱਛੇ ਤੇ ਪੈਸੇ ਭੈਣ ਦੇ ਵਿਆਹ ਲਈ ਪੰਜਾਬ ਭੇਜਣ ਕਾਰਨ ਸੁਖਪਾਲ ਐਰਿਕਾ ਨੂੰ ਸਮਾਂ ਨਹੀਂ ਦੇ ਰਿਹਾ। ਜਦੋਂ ਐਰਿਕਾ ਸੁਖਪਾਲ ਨੂੰ ਹਫ਼ਤੇ ਦੇ ਅੰਤ ਉੱਪਰ ਘੁੰਮਣ-ਫਿਰਨ ਲਈ ਕਹਿੰਦੀ ਹੈ ਤਾਂ ਸੁਖਪਾਲ ਦਾ ਐਰਿਕਾ ਨੂੰ ਇਹ ਕਹਿਣਾ,

> "ਡਾਰਲਿੰਗ! ਮੈਨੂੰ ਤੇਰੀਆਂ ਇੱਛਾਵਾਂ ਦਾ ਪਤੈ ਪਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਵੀ ਜ਼ਰੂਰੀ ਨੇ। ਮੈਨੂੰ ਡੇਢ ਕੁ ਸਾਲ ਏਦਾਂ ਲਾ ਲੈਣ ਦੇ। ਪਿੰਡ ਕੋਠੀ ਬਣ ਜਾਏ, ਨੀਨੂੰ ਦਾ ਵਿਆਹ ਹੋ ਜਾਏ ਤੇ ਜਿੰਦਰ ਮਾਂ ਪਿਉ ਦੀ ਜ਼ਿੰਮੇਵਾਰੀ ਚੁੱਕ ਲਵੇ। ਫਿਰ ਆਪਾਂ ਰੱਜ ਕੇ ਫਨ ਕਰਾਂਗੇ।"[3]

ਇਸ ਤਰ੍ਹਾਂ ਸੁਖਪਾਲ ਅੰਦਰ ਅਜੇ ਵੀ ਮਨੁੱਖੀ ਰਿਸ਼ਤਿਆਂ ਪ੍ਰਤੀ ਸਨੇਹ ਅਤੇ ਸਤਿਕਾਰ ਦੀ ਭਾਵਨਾ ਮੌਜੂਦ ਹੈ। ਸੁਖਪਾਲ ਆਪਣੇ ਪਰਿਵਾਰ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਸੰਘਰਸ਼ਸ਼ੀਲ ਜੀਵਨ ਜਿਊਂਦਾ ਹੈ ਅਤੇ ਪੈਸੇ ਕਮਾਉਣ ਦੀ ਦੌੜ ਵਿੱਚ ਲੱਗ ਜਾਂਦਾ ਹੈ। ਪਰ ਆਪਣੇ ਪਰਿਵਾਰ ਦੀ ਜ਼ਿੰਦਗੀ ਨੂੰ ਹੋਰ ਸੁੱਖਮਈ ਬਣਾਉਣ ਦੀ ਲਾਲਸਾ ਵਿੱਚ ਉਲਟਾ ਆਪਣੇ ਪਰਿਵਾਰ ਨੂੰ ਹੀ ਖੋਹ ਬਹਿੰਦਾ ਹੈ। ਜਿਸ ਕਾਰਨ ਐਰਿਕਾ ਜੈਫਰੀ ਨਾਲ ਦੋਸਤੀ ਦਾ ਆਸਰਾ ਭਾਲਦੀ ਹੈ। ਸ਼ਹਿਰ ਵਿੱਚ ਭਿਅੰਕਰ ਹੜ੍ਹ ਦੀ

ਸੰਭਾਵਨਾ ਕਰਕੇ ਉਹ ਆਪਣੇ ਬੱਚੇ ਨੂੰ ਲੈ ਕੇ ਹਿਲਟਨ ਹੋਟਲ ਜਾ ਕੇ ਰਹਿਣ ਲਈ ਕਹਿੰਦੀ ਹੈ। ਦੂਸਰੇ ਪਾਸੇ ਸੁਖਪਾਲ ਆਪਣੇ ਚਿਕਨ ਸਟੋਰ ਵਿੱਚ ਭਿਆਨਕ ਹੜ੍ਹ ਕਾਰਨ ਉੱਥੇ ਹੀ ਘਿਰ ਜਾਂਦਾ ਹੈ ਪ੍ਰੰਤੂ ਜੋਖ਼ਮ ਲੈ ਕੇ ਸੁਖਪਾਲ ਸੁਪਰਡੋਮ ਵਿੱਚ ਪਨਾਹ ਲੈਂਦਾ ਹੈ। ਉਸਨੂੰ ਆਪਣੇ ਬੱਚੇ ਤੇ ਪਤਨੀ ਐਰਿਕਾ ਦੀ ਕੋਈ ਖ਼ਬਰ ਨਹੀਂ ਹੈ। ਉਸਨੂੰ ਈ-ਮੇਲ ਰਾਹੀ ਐਰਿਕਾ ਦੇ ਮੈਡੀਕਲ ਸੈਂਟਰ ਬੇਟੋਨ ਰੂਯ ਵਿੱਚ ਪਹੁੰਚੇ ਹੋਣ ਦਾ ਸੁਨੇਹਾ ਮਿਲਦਾ ਹੈ। ਉੱਥੇ ਪਹੁੰਚ ਕੇ ਪਤਾ ਲੱਗਦਾ ਹੈ ਕਿ ਐਰਿਕਾ ਤੇ ਜੈਕਜੀਤ, ਜੈਫਰੀ ਤੇ ਉਸਦੇ ਬੱਚੇ ਨਾਲ ਹੜ੍ਹ ਵਿੱਚ ਰੁੜ੍ਹ ਗਏ ਸਨ ਆਖ਼ਰ ਜੈਫਰੀ ਨੇ ਆਪਣੇ ਪੁੱਤਰ ਨੂੰ ਤਾਂ ਬਚਾ ਲਿਆ ਪਰ ਜੈਕਜੀਤ ਪ੍ਰਤੀ ਜੈਫਰੀ ਦੇ ਮਨ ਵਿੱਚ ਬੇਗਾਨਗੀ ਦਾ ਭਾਵ ਉਦੋਂ ਉੱਭਰਦਾ ਦਿਖਾਈ ਦਿੰਦਾ ਹੈ ਜਦੋਂ ਉਹ ਆਪਣੇ ਪੁੱਤਰ ਨੂੰ ਬਚਾਉਣ ਦੀ ਹੋੜ ਵਿੱਚ ਜੈਕਜੀਤ ਦੀ ਜਾਨ ਬਚਾਉਣ ਵੱਲ ਕੋਈ ਧਿਆਨ ਨਹੀਂ ਦਿੰਦਾ ਆਖ਼ਰ ਜੈਕਜੀਤ ਇਸ ਹੜ੍ਹ ਦੇ ਪਾਣੀ ਦੇ ਤੇਜ਼ ਵਹਾਅ ਵਿੱਚ ਆਪਣੇ ਸਾਹ ਤਿਆਗ ਦਿੰਦਾ ਹੈ ਤੇ ਇਹ ਸਭ ਸਥਿਤੀ ਸੁਖਪਾਲ ਐਰਿਕਾ ਦੇ ਮੂੰਹੋਂ ਸੁਣ ਕੇ ਉਸਨੂੰ ਇਸ ਮੰਦਭਾਗੀ ਘਟਨਾ ਦਾ ਜ਼ਿੰਮੇਵਾਰ ਠਹਿਰਾਉਂਦਾ ਹੋਇਆ ਐਰਿਕਾ ਦੇ ਲੱਖ ਮਾਫ਼ੀ ਮੰਗਣ 'ਤੇ ਵੀ ਉਸਨੂੰ ਮਾਫ਼ ਨਹੀਂ ਕਰ ਪਾਉਂਦਾ ਤੇ ਐਰਿਕਾ ਨੂੰ ਛੱਡਣ ਲਈ ਮਜਬੂਰ ਹੋ ਜਾਂਦਾ ਹੈ ਜਿਸ ਤੋਂ ਇਸ ਕਹਾਣੀ ਵਿੱਚ ਕੁਦਰਤੀ ਆਫ਼ਤ ਹੜ੍ਹ ਦੇ ਆਉਣ ਨਾਲ ਹੁੰਦੇ ਨੁਕਸਾਨ ਦੇ ਨਾਲ-ਨਾਲ ਰਿਸ਼ਤਿਆਂ ਵਿੱਚ ਆਈ ਤਰੇੜ ਤੇ ਟੁੱਟ ਭੱਜ ਓਦੋਂ ਹੜ੍ਹਾਂ ਦਾ ਰੂਪ ਗ੍ਰਹਿਣ ਕਰ ਜਾਂਦੀ ਹੈ। ਜਦੋਂ ਸੁਖਪਾਲ ਦੇ ਪੈਸਾ ਕਮਾਉਣ ਦੀ ਹੋੜ ਵਿੱਚ ਆਪਣੀ ਪਤਨੀ ਨੂੰ ਸਮਾਂ ਦੇਣ ਦੀ ਘਾਟ ਕਾਰਨ, ਐਰਿਕਾ ਵੱਲੋਂ ਜੈਫਰੀ ਨਾਲ ਦੋਸਤੀ ਕਰਨ ਦਾ ਗ਼ਲਤ ਰਸਤਾ ਚੁਣਨ ਤੇ ਆਪਣੇ ਬੱਚੇ ਤੋਂ ਵੀ ਹੱਥ ਧੋ ਦੇਣਾ ਹੈ ਤੇ ਪਤੀ ਤੋਂ ਵੀ। ਪਰ ਇਹ ਦੋਹਾਂ ਦੀ ਹੀ ਗ਼ਲਤੀ ਦਾ ਖ਼ਮਿਆਜ਼ਾ ਹੈ ਜੋ ਉਹਨਾਂ ਨੂੰ ਭੁਗਤਣਾ ਪੈ ਰਿਹਾ ਹੈ। ਜਿਸਦੇ ਦੋਵੇਂ ਹੀ ਬਰਾਬਰ ਦੇ ਜ਼ਿੰਮੇਵਾਰ ਦਿਖਾਈ ਦਿੰਦੇ ਹਨ। ਆਖ਼ਰ ਜਦੋਂ ਸੁਖਪਾਲ ਐਰਿਕਾ ਨੂੰ ਛੱਡਣ ਦਾ ਫ਼ੈਸਲਾ ਕਰਕੇ ਉੱਥੋਂ ਜਾਣ ਲੱਗਦਾ ਹੈ ਤਾਂ ਐਰਿਕਾ ਸੁਖਪਾਲ ਨੂੰ ਹੀ ਇਸ ਸਾਰੀ ਸਥਿਤੀ ਦਾ ਜ਼ਿੰਮੇਵਾਰ ਠਹਿਰਾਉਂਦੀ ਹੀ ਉਸ ਨੂੰ ਮਿਹਣਾ ਮਾਰਦੀ ਹੋਈ ਕਹਿੰਦੀ ਹੈ-

> "ਤੂੰ ਸਾਰਾ ਦੋਸ਼ ਮੈਨੂੰ ਦੇਈ ਜਾਨੈ, ਆਪਣੇ ਅੰਦਰ ਝਾਤੀ ਨਹੀਂ ਮਾਰ ਰਿਹਾ... ਤੇਰੀਆਂ ਨਾ ਮੁੱਕਣ ਵਾਲੀਆਂ ਸਕੀਮਾਂ ਦਾ ਹਸ਼ਰ ਹੈ ਇਹ। ਡਾਲਰਾਂ ਦੀ ਅੰਨ੍ਹੀ ਦੌੜ 'ਚ ਪੈ ਕੇ ਜੇ ਤੂੰ ਮੈਨੂੰ ਇਕੱਲੀ ਨਾ ਛੱਡਦਾ ਤਾਂ ਇਹ ਦੁਖਾਂਤ ਨਹੀਂ ਸੀ ਵਾਪਰਨਾ... ਹੁਣ ਜੇ ਤੂੰ ਤੋੜ-ਵਿਛੋੜ ਹੀ ਕਰਨੈ, ਤੇਰੀ ਮਰਜ਼ੀ।"[4]

ਜਰਨੈਲ ਸਿੰਘ ਦੀ ਦੂਜੀ ਕਹਾਣੀ 'ਕਾਲੇ ਵਰਕੇ' ਵਿਕਸਿਤ ਪੂੰਜੀਵਾਦ ਦੀ ਅੱਤ ਕਰਤੂਤਾਂ ਨੂੰ ਪੇਸ਼ ਕਰਦੀ ਕਹਾਣੀ ਹੈ। ਬਸਤੀਕਾਰ ਇੱਕ ਪਾਸੇ ਤਾਂ ਸੂਖਮ ਅਤੇ ਮਨੋਵਿਗਿਆਨਕ ਵਿਧੀ ਰਾਹੀਂ ਮੂਲ ਵਾਸੀਆਂ ਦੀ ਹੋਂਦ ਮਿਟਾਉਣਾ ਚਾਹੁੰਦੇ ਹਨ ਤੇ ਦੂਜੇ ਪਾਸੇ ਉਹਨਾਂ ਦਾ ਜਿਨਸੀ ਸ਼ੋਸ਼ਣ ਕਰਕੇ ਮੂਲਵਾਸੀਆਂ ਨੂੰ ਹੀਣ ਭਾਵਨਾ ਨਾਲ ਭਰ ਦੇਣਾ ਚਾਹੁੰਦੇ ਹਨ। ਜਿਸ ਕਾਰਨ ਉਹ ਅਜਿਹੀ ਸਥਿਤੀ ਵਿੱਚ ਆਤਮ ਹੱਤਿਆ ਦੀ ਹੱਦ ਤੱਕ ਪਹੁੰਚ ਜਾਂਦੇ ਹਨ ਜਿਵੇਂ ਕਿ 'ਕਾਲੇ ਵਰਕੇ' ਕਹਾਣੀ ਵਿੱਚ ਮਾਈਕਲ ਦੀ ਭੈਣ ਰੋਜ਼ੈਨ ਤੇ ਖ਼ੁਦ ਮਾਈਕਲ ਅੱਤ ਕਰੂਰ ਤੇ ਵਿਕਸਿਤ ਪੂੰਜੀਵਾਦ ਦੀ ਭੇਂਟ ਚੜ੍ਹਦੇ ਹਨ। ਜਿਸ ਵਿੱਚ ਰੋਜ਼ੈਨ ਆਤਮ ਹੱਤਿਆ ਕਰਨ ਲਈ ਮਜਬੂਰ ਹੋ ਜਾਂਦੀ ਹੈ। ਪਰ ਮਾਈਕਲ ਦੀ ਦੋਸਤ ਕਲੈਰਾ ਇਸ ਸਾਰੀ ਸਥਿਤੀ ਦਾ ਦਲੇਰੀ ਨਾਲ ਸਾਹਮਣਾ ਕਰਦੀ ਹੈ ਜੋ ਸ਼ੋਸ਼ਕਾਂ ਦਾ ਵਿਰੋਧ ਕਰਦੀ ਹੈ ਤੇ ਇਹ ਪੂੰਜੀਵਾਦੀ ਸਮਾਜ ਦੇ ਪ੍ਰਤੀ ਆਮ ਇਨਸਾਨ ਦੀ ਜਿੱਤ ਹੈ। ਇਸ ਕਹਾਣੀ ਲਈ ਡਾ. ਸਰਬਜੀਤ ਸਿੰਘ ਦੇ ਇਹ ਵਿਚਾਰ ਇੱਥੇ ਪੇਸ਼ ਕਰਨੇ ਸਹੀ ਜਾਪਦੇ ਹਨ:

> ਇਸ ਕਥਾ ਜਗਤ ਵਿੱਚ ਇਹ ਕਹਾਣੀ ਅਸਲੋਂ ਹੀ ਨਿਵੇਕਲੀ ਚਿੰਤਨਸ਼ੀਲ ਅਤੇ ਰਾਜਨੀਤਿਕ ਅਰਥਾਂ ਵਾਲੀ ਹੈ। ਇਹ ਕਥਾ ਬਸਤੀਵਾਦੀਆਂ ਦੇ ਦ੍ਰਿਸ਼ਟੀਕੋਣ ਨੂੰ ਅਗਰਭੂਮਿਤ ਕਰਦੀ ਹੈ ਕਿ ਇਹਨਾਂ ਦੇ ਮੂਲਵਾਸੀਆਂ ਦੀ ਮਨੁੱਖੀ ਹੋਂਦ, ਮਨੁੱਖੀ ਸ਼ਕਤੀ, ਮਨੁੱਖੀ ਗੌਰਵ ਦੀ ਨਸਲਕੁਸ਼ੀ ਕਰਕੇ ਆਪਣੀ ਸਲਤਨਤ ਉਸਾਰੀ ਹੈ। ਵਿਸ਼ਵ ਦਾ ਬਹੁਤ ਵੱਡਾ ਹਿੱਸਾ ਯੂਰਪੀਅਨ ਲੋਕਾਂ ਨੇ ਦੱਬਿਆ ਤੇ ਉੱਥੋਂ ਦੇ ਮੂਲਵਾਸੀਆਂ ਨੂੰ ਸਮਾਜਕਤਾ ਵਿੱਚੋਂ ਬੇਦਖ਼ਲ ਕਰਕੇ ਆਪਣੀ ਹੀ ਧਰਤੀ ਉੱਪਰ ਬੇਗਾਨੇ ਬਣਾ ਦਿੱਤਾ। ਅਮਰੀਕਾ, ਕੈਨੇਡਾ, ਆਸਟ੍ਰੇਲੀਆ ਆਦਿ ਦੇ ਮੂਲ

ਲੋਕਾਂ ਦੇ ਸਮੁੱਚੇ ਪਦਾਰਥ ਅਤੇ ਪ੍ਰਕਿਰਤਿਕ ਸ੍ਰੋਤਾਂ ਨੂੰ ਹਥਿਆ ਕੇ ਉੱਥੋਂ ਦੇ ਮੂਲ ਵਾਸੀਆਂ ਦੀ ਭਾਸ਼ਾ, ਰਵਾਇਤ, ਸਭਿਆਚਾਰ, ਜੀਵਨ ਸ਼ੈਲੀ ਅਤੇ ਸਮਾਜਿਕ ਵਿਧੀ ਵਿਧਾਨ ਨੂੰ ਤਹਿਸ ਨਹਿਸ ਕਰ ਦਿੱਤਾ। ਮੂਲ ਵਾਸੀਆਂ ਨੂੰ ਉੱਜਡ, ਅਸੱਭਿਅਕ ਅਤੇ ਜਾਂਗਲੀ ਕਹਿ ਕੇ ਸੱਭਿਅਕ ਬਣਾਉਣ ਅਤੇ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਦੀ ਸਾਜ਼ਿਸ਼ ਹੇਠ ਉਹਨਾਂ ਦੀ ਸੱਭਿਆਚਰਕ ਮੌਲਿਕਤਾ ਨੂੰ ਕਿਵੇਂ ਸਾਮਰਾਜੀ ਸ਼ਕਤੀ ਨੇ ਕੁਚਲ ਦਿੱਤਾ। ਉਸ ਸੰਬੰਧੀ ਜਰਨੈਲ ਸਿੰਘ ਦਾ ਇਹ ਕਥਾ ਬਿਰਤਾਂਤ ਪਰਵਾਸੀ ਕਥਾ ਹੀ ਨਹੀਂ ਸਗੋਂ ਪੰਜਾਬੀ ਕਥਾਕਾਰੀ ਵਿੱਚ ਮਨੁੱਖੀ ਅਸਤਿਤਵ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਬਿਰਤਾਂਤ ਹੈ ਜਿਹੜਾ ਬਸਤੀਵਾਦ ਅਤੇ ਪੂੰਜੀਵਾਦ ਦੀ ਵਿਚਾਰਧਾਰਾ ਨੂੰ ਸੂਖਮ ਰੂਪ ਚ ਚਿਤਰਦਾ ਹੈ।[5]

ਜਰਨੈਲ ਸਿੰਘ ਦੀ ਤੀਜੀ ਕਹਾਣੀ 'ਪੱਤਿਆਂ ਨਾਲ ਢਕੇ' ਜਿਸਮ ਇਹ ਸਿੱਧ ਕਰਦੀ ਹੈ ਕਿ ਕੈਨੇਡਾ, ਅਮਰੀਕਾ ਦੀ ਮਾਰਕਿਟ ਕਿੰਨੀ ਬੇਰਹਿਮ ਹੈ ਹਰ ਬੰਧਨ ਤੋਂ ਮੁਕਤ ਹੈ ਗਲੈਮਰ, ਪੈਸਾ, ਪ੍ਰਸਿੱਧੀ ਦਾ ਦੌਰ ਸੁੰਨ ਕਰ ਦੇਣ ਵਾਲਾ ਯਥਾਰਥ ਹੈ। ਇਸ ਅੰਨ੍ਹੀ ਚੂਹਾ ਦੌੜ ਵਿੱਚ ਪਰਵਾਸੀ ਪੰਜਾਬੀ ਦੀ ਭਟਕਣ ਕਿਧਰੇ ਵੀ ਸ਼ਾਂਤ ਨਹੀਂ ਹੁੰਦੀ ਸਗੋਂ ਅੱਗੇ ਵਧਦੀ ਹੀ ਜਾਂਦੀ ਹੈ। ਕਲਾ ਵੀ ਪਾਖੰਡ ਬਣ ਕੇ ਰਹਿ ਜਾਂਦੀ ਹੈ। ਇਸ ਵਿੱਚ ਔਰਤ ਦਾ ਸ਼ੋਸ਼ਣ ਸਭ ਤੋਂ ਵੱਧ ਹੁੰਦਾ ਹੈ। ਉਹ ਇੱਕ ਜਿਸਮ ਬਣ ਕੇ ਰਹਿ ਜਾਂਦੀ ਹੈ। ਇਹੋ ਇਸ ਕਹਾਣੀ ਦਾ ਯਥਾਰਥ ਹੈ। ਜਿਵੇਂ ਕਿ ਇਸ ਕਹਾਣੀ ਦੀ ਮੁੱਖ ਪਾਤਰ ਮਨੀਸ਼ਾ ਨਾਲ ਵਾਪਰਦੀ ਹੈ। ਉਹ ਆਪਣੇ ਪਰਫੈਸ਼ਨ ਵਿੱਚ ਅੱਗੇ ਵਧਣਾ ਚਾਹੁੰਦੀ ਹੈ ਪਰ ਉਸਦੀ ਕਲਾ ਦਾ ਸਹੀ ਤਰੀਕੇ ਨਾਲ ਮੁੱਲ ਨਾਂ ਪੈਣਾ ਤੇ ਉਹ ਇਸ ਦੌੜ ਵਿੱਚ ਪਿੱਛੇ ਨਾਂ ਹਟਣ ਦਾ ਫ਼ੈਸਲਾ ਕਰਕੇ ਗ਼ਲਤ ਤਰੀਕੇ ਨਾਲ ਹੀ ਅੱਗੇ ਵੱਧਣ ਦਾ ਫ਼ੈਸਲਾ ਕਰਦੀ ਹੋਈ, ਨਾ ਚਾਹੁੰਦੀ ਹੋਈ ਵੀ ਸ਼ਰਮ ਹਯਾ ਲਾਹ ਕੇ ਜਿਸਮ ਫ਼ਰੋਸ਼ੀ ਵਿੱਚ ਫਸ ਜਾਂਦੀ ਹੈ। ਡਾ. ਸਰਬਜੀਤ ਇਸ ਕਹਾਣੀ ਬਾਰੇ ਆਪਣੇ ਵਿਚਾਰ ਦਿੰਦੇ ਹੋਏ ਕਹਿੰਦੇ ਹਨ:-

ਵਿਕਸਿਤ ਪੂੰਜੀਵਾਦ ਦੀ ਔਰਤ ਦੀ ਸੁਤੰਤਰਤਾ ਅਤੇ ਪ੍ਰਤਿਭਾ ਨਾਲ ਜੁੜੀ ਮਿੱਥ ਦਾ ਭੰਜਨ ਕਰਦੀ ਕਹਾਣੀ 'ਪੱਤਿਆਂ ਨਾਲ ਢਕੇ ਜਿਸਮ' ਹੈ। ਕਥਾਕਾਰ ਨੇ ਪੂੰਜੀਵਾਦੀ ਸੁਤੰਤਰਤਾ, ਕਲਾ ਅਤੇ ਪ੍ਰਤਿਭਾ ਦੇ ਪਰਦੇ ਹੇਠ ਪੂੰਜੀਵਾਦੀ ਵਪਾਰ ਤੰਤਰ, ਦੇਹ ਸ਼ੋਸ਼ਣ ਅਤੇ ਉਪਭੋਗਤਾ ਦੇ ਪ੍ਰਫੁੱਲਿਤ ਹੁੰਦੇ ਸੰਸਾਰ ਨੂੰ ਵਿਚਾਰਧਾਰਕ ਰੂਪ ਵਿੱਚ ਉਸਾਰਿਆ ਹੈ। ਇਸ ਕਥਾ ਬਿਰਤਾਂਤ ਵਿੱਚ ਭਾਰਤੀ ਪਿਛੋਕੜ ਵਾਲੀ ਪਾਤਰ ਮਨੀਸ਼ਾ ਹੈ। ਜੋ ਡਿਜ਼ਾਈਨਿੰਗ ਅਤੇ ਮਾਡਲਿੰਗ ਕਲਾ ਦਾ ਪ੍ਰਗਟਾਵਾ ਹੈ ਪ੍ਰੰਤੂ ਪੂੰਜੀਵਾਦ ਕਲਾ ਦਾ ਕਲਾਤਮਕ ਮੁੱਲ ਨਹੀਂ : ਉਸਦੀ ਉਪਯੋਗਤਾ ਅਤੇ ਉਪਭੋਗਤਾ ਦਾ ਮੁੱਲ ਹੁੰਦਾ ਹੈ। ਪੂੰਜੀਵਾਦ ਨੇ ਕਲਾ ਦੇ ਪਰਦੇ ਹੇਠ ਮਾਡਲਿੰਗ ਨੂੰ ਕਾਮੁਕਤਾ ਅਤੇ ਨਗਨਤਾ ਦਾ ਰਣ ਖੇਤਰ ਬਣਾ ਦਿੱਤਾ ਹੈ।[6]

ਇਸ ਪ੍ਰਕਾਰ ਅਸੀਂ ਇਹੀ ਕਹਿ ਸਕਦੇ ਹਾਂ ਕਿ ਇਹ ਪੂੰਜੀਵਾਦੀ ਦ੍ਰਿਸ਼ਟੀ ਹੀ ਹੈ ਜਿਸ ਨੇ ਸਾਮੰਤਵਾਦੀ ਦ੍ਰਿਸ਼ਟੀ ਦੀਆਂ ਧੱਜੀਆਂ ਉਡਾ ਦਿੱਤੀਆਂ, ਇਹ ਦ੍ਰਿਸ਼ਟੀ ਸਾਮੰਤੀ ਰਿਸ਼ਤੇ ਤੇ ਨੈਤਿਕਤਾ ਦਾ ਵਿਦਰੋਹ ਕਰਦੀ ਹੈ। ਇਹੋ ਕਾਰਨ ਹੈ ਕਿ ਕਹਾਣੀ ਦੀ ਮੁੱਖ ਪਾਤਰ ਮਨੀਸ਼ਾ ਆਪਣੇ ਪਿਤਾ ਤੇ ਪਤੀ ਤੋਂ ਉੱਪਰ ਉੱਠ ਕੇ ਉਹਨਾਂ ਦੇ ਵਿਰੋਧ ਵਿੱਚ ਵੀ ਆਪਣਾ ਸੁਪਨਾ ਪੂਰਾ ਕਰਨ ਤੇ ਆਪਣੇ ਪ੍ਰੋਫੈਸ਼ਨ ਨੂੰ ਪ੍ਰਫੁੱਲਿਤ ਕਰਨ ਲਈ ਸਾਮੰਤੀ ਦ੍ਰਿਸ਼ਟੀ ਨੂੰ ਕਰਾਰੀ ਚੋਟ ਦਿੰਦੀ ਹੋਈ ਉਪਭੋਗੀ ਸਮੁੰਦਰ ਵਿੱਚ ਉਤਰ ਜਾਂਦੀ ਹੈ।

ਜਰਨੈਲ ਸਿੰਘ ਦੀ ਚੌਥੀ ਕਹਾਣੀ ਨਦੀਨ ਹੈ। ਇਸ ਕਹਾਣੀ ਵਿੱਚ ਜਰਨੈਲ ਸਿੰਘ ਪਰਵਾਸੀ ਜੀਵਨ ਦਾ ਸਮੁੱਚਾ ਯਥਾਰਥ ਪੇਸ਼ ਕਰਦਾ ਹੈ। ਪਰਵਾਸ ਦੀ ਹੋੜ ਲਈ ਵਰਤੇ ਗਏ ਤਰੀਕੇ ਤੇ ਉਲਝਣਾ ਹੀ ਇਸ ਕਹਾਣੀ ਦਾ ਕਥਾ ਵਿਵੇਕ ਸਿਰਜਦੀਆਂ ਹਨ। ਅਸੀਂ ਦੇਖਦੇ ਹਾਂ ਕਿ ਕਿਵੇਂ ਇਸ ਕਹਾਣੀ ਵਿੱਚ ਭਾਰਤੀ ਪੰਜਾਬੀ ਪਰਿਵਾਰ ਵਿਦੇਸ਼ ਜਾਣ ਦੀ ਲਾਲਸਾ ਵਿੱਚ ਫਸਿਆਂ ਹੋਇਆ ਹਰ ਤਰ੍ਹਾਂ ਦੇ ਗ਼ਲਤ, ਸਹੀ ਹੱਥ ਕੰਢੇ ਵਰਤ ਕੇ ਉੱਥੇ ਪਹੁੰਚਣਾ ਚਾਹੁੰਦਾ ਹੈ। ਜਿਸ ਕਾਰਨ ਆਖ਼ਰ ਉਹ ਵਿਦੇਸ਼ ਪਹੁੰਚ ਕੇ ਵੀ ਮਾਨਸਿਕ ਭਟਕਣਾ ਦਾ ਸ਼ਿਕਾਰ ਹੀ ਹੁੰਦੇ ਹਨ। ਇਹ ਕਹਾਣੀ ਕੈਨੇਡਾ ਵਿੱਚ ਬੈਠੇ ਗੁਰਨੇਕ, ਉਸ ਦੇ ਤਾਏ ਦੇ ਪੁੱਤਰ ਹਰਜਾਪ, ਮੰਮੀ, ਡੈਡੀ, ਪਤਨੀ ਤੇ ਪੁੱਤਰਾਂ ਨਾਲ ਘਰ ਦੇ ਬੈਕਯਾਰਡ ਦੇ ਦ੍ਰਿਸ਼ ਤੋਂ ਆਰੰਭ ਹੁੰਦੀ ਹੈ। ਇਸ ਕਹਾਣੀ ਵਿੱਚ ਪੰਜਾਬ ਤੋਂ

ਕੈਨੇਡਾ ਦੇ ਪਰਵਾਸ ਲਈ ਕੀਤੇ ਜਾਂਦੇ ਜੁਗਾੜਾਂ ਨਾਲ ਪੈਂਦਾ ਹੋਈਆਂ ਗੁੰਝਲਾਂ ਨੂੰ ਪੇਸ਼ ਕੀਤਾ ਗਿਆ ਹੈ। ਗੁਰਨੇਕ ਤੇ ਹਰਜਾਪ ਦੇ ਪਿਤਾ ਪੰਜਾਬ ਵਿੱਚ ਵਸਦੇ ਤਿੰਨ ਭਰਾ ਹਨ। ਹਰਜਾਪ ਜੋ ਸਧਾਰਨ ਕਿਸਾਨੀ ਪਰਿਵਾਰ ਵਿੱਚੋਂ ਹੈ। ਜਿਸ ਅੰਦਰ ਕੈਨੇਡਾ ਜਾਣ ਦੀ ਲਾਲਸਾ ਹੈ। ਹਰਜਾਪ ਦਾ ਚਾਚਾ ਰਤਨ ਸਿੰਘ ਜੋ ਈਮਾਨਦਾਰ ਵਣ ਅਫ਼ਸਰ ਸੀ। ਪਰ ਉਸ ਦਾ ਪਰਿਵਾਰ ਆਪਣੇ ਸਕੇ ਚਾਚੇ, ਸੁੱਚਾ ਸਿੰਘ ਦੇ ਕਾਰੋਬਾਰ ਅਤੇ ਸੁੱਖ ਸਹੂਲਤਾਂ ਵੱਲ ਦੇਖ ਕੇ ਪਰਵਾਸ ਨੂੰ ਆਪਣਾ ਦੇਖਦੇ ਮਿੱਥ ਲੈਂਦੇ ਹਨ। ਰਤਨ ਸਿੰਘ ਕੈਨੇਡਾ ਪਹੁੰਚ ਜਾਂਦਾ ਹੈ ਤੇ ਉਸ ਦਾ ਪਰਿਵਾਰ ਵੀ। ਹੁਣ ਪਿੱਛੇ ਜਵਾਹਰ ਸਿੰਘ ਦਾ ਮੁੰਡਾ ਹਰਜਾਪ ਕੈਨੇਡਾ ਆਉਣ ਲਈ ਦਬਾਅ ਪਾਉਣ ਲੱਗਿਆ। ਉਹ ਬਹੁਤਾ ਪੜ੍ਹਿਆ ਹੋਇਆ ਨਹੀਂ ਸੀ। ਹਰਜਾਪ ਨੂੰ ਕੈਨੇਡਾ ਲੈ ਜਾਣ ਲਈ ਵਿਆਹ ਦੀ ਜੁਗਤ ਦਾ ਸਹਾਰਾ ਲਿਆ ਜਾਂਦਾ ਹੈ। ਰਤਨ ਸਿੰਘ ਨੇ ਆਪਣੇ ਪੋਤਿਆਂ ਲਈ ਨੈਨੀ ਦੇ ਰੂਪ ਵਿੱਚ ਕੋਈ ਕੁੜੀ ਹਰਜਾਪ ਦੇ ਪਿਤਾ ਰਾਹੀ ਕੈਨੇਡਾ ਬੁਲਾ ਕੇ ਪੱਕੀ ਕਰਨ ਦਾ ਜੁਗਾੜ ਸੋਚਿਆਂ ਅਤੇ ਉਸ ਨਾਲ ਹਰਜਾਪ ਦੀ ਸ਼ਾਦੀ ਕਰਕੇ ਹਰਜਾਪ ਦਾ ਮਸਲਾ ਹੱਲ ਕਰਨ ਦਾ ਸੋਚਿਆ। ਜਵਾਹਰ ਸਿੰਘ ਨੇ ਵਿਚੋਲੇ ਗੁਰਮੁਖ ਸਿੰਘ ਰਾਹੀਂ ਸ਼ਿੰਗਾਰਾ ਸਿੰਘ ਦੀ ਧੀ ਨੀਤੂ ਨੂੰ ਇਸ ਕੰਮ ਲਈ ਚੁਣਿਆ। ਟਰੇਨਿੰਗ ਕਰਕੇ ਨੀਤੂ ਕੈਨੇਡਾ ਪਹੁੰਚ ਗਈ। ਉੱਥੇ ਪਹੁੰਚ ਕੇ ਬੇਕਰੀ ਵਿੱਚ ਨੌਕਰੀ ਵੀ ਕਰਨ ਲੱਗ ਗਈ। ਪਰ ਨੀਤੂ ਬੇਕਰੀ ਦੇ ਮਾਲਕ ਜੈਦੇਵ ਸਿੰਘ ਜਾਲ ਵਿੱਚ ਫਸ ਜਾਂਦੀ ਹੈ। ਫਿਰ ਵੀ ਹਰਜਾਪ ਨੂੰ ਕੈਨੇਡਾ ਬੁਲਾ ਕੇ ਉਸਦਾ ਨੀਤੂ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ। ਇਸੇ ਦੌਰਾਨ ਨੀਤੂ ਦੇ ਬੇਟਾ ਪੈਦਾ ਹੁੰਦਾ ਹੈ। ਨੀਤੂ ਹਰਜਾਪ ਨੂੰ ਤਲਾਕ ਦੇਣ ਦੀ ਧਮਕੀ ਦਿੰਦੀ ਹੈ ਤੇ ਇਸੇ ਗੁੰਝਲ ਵਿੱਚ ਜੈਦੇਵ ਦੇ ਤੇ ਨੀਤੂ ਦੇ ਨਾਜਾਇਜ਼ ਸੰਬੰਧਾਂ ਦੀ ਭਿਣਕ ਹਰਜਾਪ ਨੂੰ ਪੈ ਜਾਂਦੀ ਹੈ। ਜਿਸ ਕਾਰਨ ਇਹ ਬੱਚੇ ਦਾ ਡੀ.ਐਨ.ਏ. ਟੈੱਸਟ ਕਰਵਾਉਣ ਤੱਕ ਚੱਲਿਆ ਜਾਂਦਾ ਹੈ। ਪਰਵਾਸ ਨੇ ਪੰਜਾਬੀ ਮਨੁੱਖ ਨੂੰ ਲਾਲਚੀ, ਚਲਾਕ ਤੇ ਨੈਤਿਕਤਾਂ ਤੋਂ ਡਿੱਗਿਆ ਹੋਇਆ ਬਣਾ ਦਿੱਤਾ ਹੈ। ਅਜਿਹੀ ਬਣ ਚੁੱਕੀ ਮਾਨਸਿਕਤਾ ਸੰਬੰਧੀ ਗੁਰਨੇਕ ਆਪਣੇ ਪਿਤਾ ਰਤਨ ਸਿੰਘ ਨਾਲ ਗੱਲਾਂ ਕਰਦਾ ਹੋਇਆ ਕਹਿੰਦਾ ਹੈ,

"ਡੈਡੀ! ਵਚਨਾਂ-ਵੁਚਨਾਂ ਦੀ ਕੌਣ ਪਰਵਾਹ ਕਰਦੈ। ਲੋਕੀਂ ਕਿਸੇ ਵੀ ਕੀਮਤ ਤੇ ਇਮੀਗ੍ਰੇਸ਼ਨ ਹਥਿਆਉਣੀ ਚਾਹੁੰਦੇ ਆ। ਇਮੀਗ੍ਰੇਸ਼ਨ ਖ਼ਾਤਰ ਜ਼ੁਬਾਨ ਤੋਂ ਮੁੱਕਰਨਾ, ਰਿਸ਼ਤੇ ਤੋੜਨਾ, ਇੱਜਤਾਂ ਦਾਅ 'ਤੇ ਲਾਉਣੀਆਂ ਮਾਮੂਲੀ ਗੱਲਾਂ ਹਨ। ਇਸ ਤੋਂ ਵੀ ਅਗਾਂਹ ਲੋਕਾਂ ਨੇ ਇਮੀਗ੍ਰੇਸ਼ਨ ਨੂੰ ਵਪਾਰ ਬਣਾ ਲਿਐ। ਆਪਣੇ ਕੈਨੇਡੀਅਨ ਬੰਦੇ ਇੰਡੀਅਨ ਜਾ ਕੇ ਜਾਅਲੀ ਵਿਆਹ ਕਰਦੇ ਆ ਤੇ ਵੀਹ ਵੀਹ ਲੱਖ ਰੁਪਈਆ ਬਟੋਰਦੇ ਆ। ਹੁਣ ਤਾਂ ਕਹਿੰਦੇ ਆ ਪਈ ਪੱਕੇ ਵਿਆਹਾਂ 'ਚ ਵੀ ਵੀਹ-ਪੱਚੀ ਲੱਖ ਦਾ ਲੈਣ ਦੇਣ ਹੋਣ ਲੱਗ ਪਿਐ।"[7]

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਜਰਨੈਲ ਸਿੰਘ ਨੇ ਆਪਣੀਆਂ ਕਹਾਣੀਆਂ ਵਿੱਚ ਵੱਖ ਵੱਖ ਵਿਸ਼ਿਆਂ ਨੂੰ ਪੇਸ਼ ਕੀਤਾ ਹੈ। ਉਸਨੇ ਗੋਰੇ ਬਸਤੀਵਾਦੀਆਂ ਵੱਲੋਂ ਕੈਨੇਡਾ ਦੇ ਨੇਟਿਵ ਲੋਕਾਂ ਨਾਲ ਹੋਏ ਅਣਮਨੁੱਖੀ ਵਿਵਹਾਰ, ਫ਼ੈਸ਼ਨ ਤੇ ਮਾਡਲਿੰਗ ਇੰਡਸਟਰੀ ਵੱਲੋਂ ਫੈਲਾਈ ਜਾਂ ਰਹੀ ਨਗਨਤਾ ਤੇ ਕਾਮ-ਭੜਕਾਹਟ ਅਤੇ ਪੂੰਜੀਵਾਦੀ ਵਰਤਾਰੇ ਦੇ ਪਦਾਰਥਵਾਦ, ਖਪਤਵਾਦ ਤੇ ਵਿਅਕਤੀਵਾਦ ਵਰਗੇ ਵਿਸ਼ਵ ਵਿਆਪੀ ਮਸਲਿਆਂ ਨੂੰ ਕਲਾ 'ਚ ਗੁੰਨ੍ਹ ਕੇ ਪੇਸ਼ ਕੀਤਾ ਹੈ।

### ਹਵਾਲੇ ਤੇ ਟਿੱਪਣੀਆ


1. ਨਿਰੰਜਨ ਸਿੰਘ ਨੂਰ, ਜਲਾਵਤਨ ਪੰਜਾਬ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2000 ਪੰਨਾ ਨੰ-9
2. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਪਰਵਾਸੀ ਪੰਜਾਬੀ ਸਾਹਿਤ, ਮੁੱਲ ਤੇ ਮੁਲਾਂਕਣ, ਪੰਨਾ-11
3. ਜਰਨੈਲ ਸਿੰਘ, ਕਾਲੇ ਵਰਕੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ-28
4. ਉਹੀ, ਪੰਨਾ-34
5. ਡਾ. ਸਰਬਜੀਤ ਸਿੰਘ, ਪਰਖ ਅੰਕ ਨੰ, ਪੰਨਾ-72
6. ਉਹੀ, ਪੰਨਾ-70
7. ਜਰਨੈਲ ਸਿੰਘ, ਕਾਲੇ ਵਰਕੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ-125


ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ,
85919-91900

# ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ 'ਮੰਜਾ'

ਲਖਬੀਰ ਸਿੰਘ ਦੌਦਪੁਰ



ਮਨੁੱਖ ਲਈ ਪੂਰੇ ਦਿਨ ਦੇ ਥਕੇਵੇਂ ਨੂੰ ਦੂਰ ਕਰਨ ਅਤੇ ਭਰਭੂਰ ਨੀਂਦ ਲੈਣ ਵਾਸਤੇ ਆਰਾਮ ਕਰਨਾ ਜ਼ਰੂਰੀ ਹੈ ਆਰਾਮ ਵੈਸੇ ਤਾਂ ਕਿਸੇ ਵੀ ਥਾਂ 'ਤੇ ਲੇਟ ਕੇ ਕੀਤਾ ਜਾ ਸਕਦਾ ਹੈ, ਪਰ ਜੇਕਰ ਆਰਾਮ ਕਰਨ ਲਈ ਮੰਜਾ, ਖਾਟ, ਚਾਰਪਾਈ ਆਦਿ ਹੋਵੇ ਤਾਂ ਫਿਰ ਥਕੇਵਾਂ ਵਾਹਵਾ ਲਹਿ ਜਾਂਦਾ ਹੈ। ਮੰਜਾ ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ ਵਿੱਚ ਜੀਵਨ ਦਾ ਅਟੁੱਟ ਅੰਗ ਹੈ। ਵੱਖ-ਵੱਖ ਪ੍ਰਾਂਤਾਂ, ਬੋਲੀਆਂ ਭਾਸ਼ਾਵਾਂ ਵਿੱਚ ਇਸ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ। ਪੰਜਾਬ ਵਿੱਚ ਮੰਜਾ ਪੰਜਾਬੀ ਸੱਭਿਆਚਾਰ ਅਤੇ ਸੰਸਕ੍ਰਿਤੀ ਦਾ ਅਨਿੱਖੜਵਾਂ ਅੰਗ ਹੈ, ਇੱਕ ਸਮਾਂ ਸੀ ਜਦੋਂ ਮੰਜੇ ਚਾਅ ਨਾਲ ਬੁਣੇ ਜਾਂ ਉਣੇ ਜਾਂਦੇ ਸਨ। ਕਾਰੀਗਰ ਤਰਖਾਣ ਪਾਸੋਂ ਲੱਕੜ ਦੇ ਪਾਵੇ, ਬਾਹੀਆਂ ਤੇ ਸੇਰਵੇ ਘੜਵਾ ਕੇ ਰੰਗ ਬਰੰਗੇ ਸੂਤ ਆਦਿ ਦੇ ਮੰਜੇ ਬੁਣੇ ਜਾਂਦੇ ਸਨ। ਵੈਸੇ ਤਾਂ ਮੰਜਾ ਮੁੰਜ, ਸੂਤ, ਸਣ ਜਾਂ ਸਣੀ ਅਤੇ ਲੀਰਾਂ ਦਾ ਵੀ ਬੁਣ ਲਿਆ ਜਾਂਦਾ ਹੈ। ਮੰਜਾ ਬੁਣਣ ਸਮੇਂ ਪਹਿਲਾਂ ਪਾਵਿਆਂ, ਬਾਹੀਆਂ ਤੇ ਸੇਰਵਿਆਂ ਨਾਲ ਇੱਕ ਚੌਖਟਾ ਤਿਆਰ ਕੀਤਾ ਜਾਂਦਾ ਹੈ ਫਿਰ ਵਾਣ ਆਦਿ ਦਾ ਕੜਾ ਬਣਾਇਆ ਜਾਂਦਾ ਹੈ ਜੋ ਦੋਵੇਂ ਬਾਹੀਆਂ ਦੇ ਵਿਚਕਾਰ ਪਾਇਆ ਜਾਂਦਾ ਹੈ ਅਤੇ ਫਿਰ ਮੰਜੇ ਵਿੱਚ ਜੀਅ ਪਾਇਆ ਜਾਂਦਾ ਹੈ ਜੋ ਚਾਰ ਜਾਂ ਵੱਧ ਰੱਸੀਆਂ ਦਾ ਹੋ ਸਕਦਾ ਹੈ। ਇਸ ਤੋਂ ਬਾਅਦ ਚਾਰ, ਪੰਜ, ਛੇ ਜਾਂ ਨੌਂ ਰੱਸੀਆਂ ਦੀ ਗਿਣਤੀ ਰੱਖ ਕੇ ਮੰਜਾ ਬੁਣਿਆ ਜਾਂਦਾ ਹੈ ਜਿਸ ਨੂੰ ਚੋਖੜਾ, ਛਿੱਕੜਾ, ਨੌਖੜਾ ਆਦਿ ਕਿਹਾ ਜਾਂਦਾ ਹੈ। ਮੰਜਾ ਬੁਣਨ ਉਪਰੰਤ ਇਸ ਵਿੱਚ ਦੌਣ ਜਾਂ ਦਵੈਣ ਪਾਈ ਜਾਂਦੀ ਹੈ, ਜਿਸ ਨੂੰ ਕੱਸ ਕੇ ਮੰਜੇ ਦੀ ਢਿੱਲ ਕੱਢ ਦਿੱਤੀ ਜਾਂਦੀ ਹੈ। ਮੰਜਾ ਬੁਣਨ ਸੰਬੰਧੀ ਕਈ ਤਰ੍ਹਾਂ ਦੇ ਲੋਕ ਵਿਸ਼ਵਾਸ ਅਤੇ ਵਹਿਮ-ਭਰਮ ਵੀ ਪ੍ਰਚੱਲਤ ਹਨ। ਸੌਣ ਮਹੀਨੇ ਮੰਜਾ ਬੁਣਨਾਂ ਚੰਗਾ ਨਹੀਂ ਸਮਝਿਆ ਜਾਂਦਾ। ਇਸੇ ਤਰ੍ਹਾਂ ਦਿਨਾਂ ਸੰਬੰਧੀ ਵੀ ਲੋਕ ਵਿਸ਼ਵਾਸ ਅਤੇ ਵਹਿਮ-ਭਰਮ ਹਨ ਜਿਵੇਂ :

ਬੁੱਧ ਸ਼ਨਿਚਰ ਕੱਪੜਾ ਗਹਿਣਾ ਐਤਵਾਰ,
ਜੇ ਸੁੱਖ ਸੁੱਤਾ ਲੋੜੀਏ ਮੰਜੀ ਉਣੀ ਸੋਮਵਾਰ।

ਸੋਮਵਾਰ ਮੰਜਾ ਬੁਣਨ ਲਈ ਸ਼ੁਭ ਦਿਨ ਮੰਨਿਆਂ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਵਿਆਹ ਵੇਲੇ ਬੜੇ ਚਾਅ ਨਾਲ ਮੰਜੇ ਬੁਣੇ ਜਾਂਦੇ ਸਨ। ਪਿੰਡ ਵਿੱਚੋਂ ਮੰਜੇ ਬਿਸਤਰੇ ਇਕੱਠੇ ਕਰਕੇ ਬਰਾਤ ਦੇ ਉਤਾਰੇ ਵਾਲੀ ਥਾਂ ਧਰਮਸ਼ਾਲਾ, ਸਭਾਤ ਆਦਿ ਵਿੱਚ ਡਾਹ ਦਿੱਤੇ ਜਾਂਦੇ ਸਨ। ਕਿਸੇ ਜੁਆਈ ਭਾਈ ਜਾਂ ਪ੍ਰਹੁਣੇ ਦੇ ਆਉਣ ਸਮੇਂ ਮੰਜੇ 'ਤੇ ਨਵਾਂ ਬਿਸਤਰਾ ਆਦਿ ਵਿਛਾਇਆ ਜਾਂਦਾ ਸੀ। ਕਈ ਵਾਰ ਕੁੜੀਆਂ ਜੀਜੇ ਨਾਲ ਟੁੱਟੀ ਮੰਜੀ ਉੱਤੇ ਚਾਦਰ ਪਾ ਕੇ ਹਾਸਾ-ਠੱਠਾ ਕਰਦੀਆਂ ਸਨ। ਪਿੰਡ ਵਿੱਚ ਲੋਕ ਗਰਮੀਆਂ ਸਮੇਂ ਪਿੱਤ ਨਿਕਲਣ 'ਤੇ ਬਾਣ ਦੇ ਖਰੋੜੇ ਮੰਜੇ ਉੱਤੇ ਪਿੱਠ ਆਦਿ ਨੂੰ ਰਗੜ ਕੇ ਆਰਾਮ ਮਹਿਸੂਸ ਕਰਦੇ ਸਨ। ਮਰਨ ਸਮੇਂ ਘੋਰੜੂ ਬੋਲਣ ਤੇ ਮਰਨ ਵਾਲੇ ਬੰਦੇ ਨੂੰ ਮੰਜੇ ਤੋਂ ਥੱਲੇ ਲਾਹ ਦਿੱਤਾ ਜਾਂਦਾ ਹੈ। ਇਹ ਵਿਸਵਾਸ ਕੀਤਾ ਜਾਂਦਾ ਹੈ ਕਿ ਮੰਜੇ 'ਤੇ ਪ੍ਰਾਣ ਨਿਕਲਣ ਨਾਲ ਬੰਦੇ ਦੀ ਗਤੀ ਨਹੀਂ ਹੁੰਦੀ। ਪੰਜਾਬੀ ਵਿੱਚ ਮੰਜੇ ਨਾਲ ਸੰਬੰਧਿਤ ਬਹੁਤ ਸਾਰੇ ਮੁਹਾਵਰੇ ਅਤੇ ਅਖੌਤਾਂ ਹਨ ਜਿਵੇਂ ਮੰਜੀ ਠੋਕਣੀ, ਦੁਸ਼ਮਣ ਆਵੇ ਚੱਲ ਕੇ ਮੰਜਾਂ ਦਈਏ ਡਾਹ, ਨਾ ਆਖੀਏ ਬਹਿਣ ਨੂੰ ਨਾ ਆਖੀਏ ਜਾਹ।

ਮੰਜਾ ਲੋਕ ਸ਼ਿਲਪ ਕਲਾ ਦੀ ਅਨੂਠੀ ਵੰਨਗੀ ਰਿਹਾ ਹੈ ਅਤੇ ਨਾਲ ਹੀ ਪੰਜਾਬੀ ਜਨ-ਜੀਵਨ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਵੀ। ਇਸ ਨਾਲ ਕਿੰਨੇ ਹੀ ਲੋਕ ਗੀਤ, ਬੋਲੀਆਂ ਅਤੇ ਟੱਪੇ ਆਦਿ ਜੁੜੇ ਹੋਏ ਹਨ।

ਸੌਣ ਦੇ ਮਹੀਨੇ ਮੰਜੇ ਡਾਹੀਏ ਨਾ ਵੇ ਜੋੜ ਕੇ,
ਵੱਗਣ ਪਰਨਾਲੇ ਪਾਣੀ ਲੈ ਨਾ ਜਾਵੇ ਰੋਹੜ ਕੇ।

ਇਸੇ ਤਰ੍ਹਾਂ ਦੀਆਂ ਕੁੱਝ ਹੋਰ ਵੀ ਵੰਨਗੀਆਂ ਲੋਕ-ਕਾਵਿ ਵਿੱਚ ਪ੍ਰਾਪਤ ਹੁੰਦੀਆਂ ਹਨ।

ਪਾਵੇ-ਪਾਵੇ-ਪਾਵੇ,
ਟੌਹਰ ਬਖਤੌਰੇ ਦੀ,
ਮੰਜਾ ਰੰਗਲਾ ਦਰ੍ਹਾਂ ਵਿੱਚ ਡਾਹਵੇਂ।
ਕੋਕੇ ਜੜ ਖੁੰਡਾ ਰੱਖਦਾ,
ਨਿੱਤ ਤੇਲ ਨਾਲ ਲਿਸ਼ਕਾਵੇ।
ਨਾਜਰ ਵੈਲੀ ਨੂੰ,
ਅੱਖ ਦੀ ਘੂਰ ਡਰਾਵੇ।

ਕੋਈ ਮੁਟਿਆਰ ਆਪਣੇ ਮਧਰੇ ਕੱਦ ਦੇ ਘਰਵਾਲੇ ਨੂੰ ਮਜਾਕ ਕਰਦੀ ਕਹਿੰਦੀ ਹੈ:-

ਲੋਕਾਂ ਦੇ ਮਾਹੀਏ ਤਾਂ ਲੰਮ-ਸਲੰਮੇ,
ਮੇਰਾ ਮਾਹੀ ਪਾਵੇ ਦੇ ਮੇਚ ਦਾ ਨੀ।
ਅੱਡੀ ਚੁੱਕ-ਚੁੱਕ ਮੁਖੜਾ ਵੇਖਦਾ ਨੀ।

ਸਮੇਂ ਦੀ ਚਾਲ ਨਾਲ ਮਨੁੱਖੀ ਲੋੜਾਂ, ਰੁਚੀਆਂ, ਜੀਵਨ-ਸ਼ੈਲੀ, ਰਹਿਣੀ ਬਹਿਣੀ ਜਾਂ ਕਹਿ ਲਈਏ ਕਿ ਸੱਭਿਆਚਾਰ ਅਤੇ ਸੰਸਕ੍ਰਿਤੀ ਵਿੱਚ ਪਰਿਵਰਨ ਕੁਦਰਤੀ ਹੈ, ਅੱਜ ਕੱਲ ਨਵੀਆਂ ਵਸਤੂਆਂ ਜਿਵੇਂ ਕਿ ਸੋਫਾ, ਲੱਕੜ ਦੇ ਬੈਡ ਆਦਿ ਮੰਜੇ ਦੇ ਬਦਲ ਰੂਪ ਬਜ਼ਾਰ ਵਿੱਚ ਆ ਜਾਣ ਕਾਰਨ ਨੌਜਵਾਨ ਪੀੜ੍ਹੀ ਮੰਜੇ ਬੁਣਨ ਦੀ ਕਲਾ ਤੋਂ ਬਹੁਤ ਘੱਟ ਜਾਣੂ ਹੈ। ਅੱਜ ਕੱਲ੍ਹ ਲੱਕੜ ਦੇ ਬੈਡਾਂ ਦੇ ਨਾਲ-ਨਾਲ ਲੋਹੇ ਦੇ ਬੁਣੇ-ਬਣਾਏ ਮੰਜੇ ਬਜ਼ਾਰ ਵਿੱਚ ਉਪਲਬਧ ਹਨ ਪਰ ਫਿਰ ਵੀ ਮੰਜਾ ਅਜੇ ਤੱਕ ਸਾਡੇ ਪੰਜਾਬੀ ਸੱਭਿਆਚਾਰ ਦਾ ਅਟੁੱਟ ਅੰਗ ਹੈ। ਸਮੇਂ ਦੇ ਨਾਲ-ਨਾਲ ਭਾਵੇਂ ਇਸ ਦੇ ਪਦਾਰਥਕ ਢਾਂਚੇ ਵਿੱਚ ਪਰਿਵਰਤਨ ਆਏ ਹਨ ਪਰ ਫਿਰ ਵੀ ਮਨੁੱਖ ਦੀਆਂ ਪ੍ਰਮੁੱਖ ਲੋੜਾਂ ਵਿੱਚੋਂ ਮੰਜਾ ਇੱਕ ਹੈ।

ਪਿੰਡ-ਦੌਦਪੁਰ, ਤਹਿ-ਭੁੜੰਗਪੁਰ,
ਜ਼ਿਲ੍ਹਾ-ਅੰਬਾਲਾ (ਹਰਿਆਣਾ)-134004
99924-00948



## ਹਾਇਕੂ

ਪ੍ਰੋ. ਦਾਤਾਰ ਸਿੰਘ

ਔਲਾਦਾਂ ਹੋਣ/ਡੰਗੋਰੀਆਂ, ਰਹਿੰਦੇ/ਦਿਲ ਜਵਾਨ।
ਜ਼ਖਮੀ ਵੇਖ/ਸ਼ਿਕਾਰ ਨੂੰ, ਗਿੱਦੜ/ਬਣਦੇ ਸ਼ੇਰ।

ਵਾਦ ਵਿਵਾਦ/ਵਿਵੇਕ ਸਭ, ਕਰਨ/ਕਿਸਾਨੀ ਮੰਦ।
ਨਾ ਸੌਣ ਦੇਣ/ਨਿਸਚਿੰਤ ਹੋ, ਨਿੱਤ/ਦੇ ਹੱਲਾ ਬੋਲ।

ਮਹੁਰਾ ਨਿੰਮ/ਨਮੋਲੀਆਂ, ਰਕਤ/ਰਵਾਲਾਂ ਧੋਣ।
ਕੱਖੀਂ ਭਾਂਬੜ/ਰੁਕਨ ਨਾ , ਸ਼ਰੀਕਾਂ/ਦੇ ਭੜਕਾਏ।

ਨਦੀਆਂ ਵਾਹ/ਵਿਛੁੰਨੀਆਂ, ਵਸਲ/ਸੰਜੋਗੀ ਹੋਣ,
ਲਾਲ ਝੰਡੇ ਵੀ/ਮਲਕਾਂ ਲੱਗੇ, ਕਿੰਜ/ਕਰਾਂ ਨਿਤਾਰਾ।

ਰਿਸ਼ਤੇ ਜੀਂਦੇ/ਅਜ਼ਲ ਤੱਕ, ਪਲਾਂ/ਦੇ ਤਕਰਾਰ।
ਅਨੁਭਵੀ ਹੈ/ਮੁੱਲ ਸਮੇਂ ਦਾ ਪਾਵੇ/ਪਿਆਰਾ ਚੰਨ।

ਕਰੇ ਸਵਾਰੀ/ਕਰੋਨਾ ਵਾਇਰਸ/ਪਿਆਰਿਆਂ ਤੇ।
ਠੰਡ ਧੀਰਜ/ਚੰਦਰਮਾਂ ਵਿਚ ਰਹੇ/ਠੰਡਾ ਚਸ਼ਮਾ।

ਨੱਚਣ ਲੱਗੀ/ਤਾਂ ਘੁੰਡ ਕੇਹਾ, ਦਿਲ/ਮਟਕੀ ਡੋਲ੍ਹ।
ਮੰਜ਼ਿਲ ਜਿਨ੍ਹਾਂ/ਤਲਾਸ਼ਨੀ, ਉਹ ਨੀ/ਗਿਣਦੇ ਮੀਲ।

ਫੁੱਲ ਦੀ ਪੱਤੀ/ਵੀ, ਕਰ ਸਕਦੀ ਹੈ/ਕੋਈ ਹਾਦਸਾ।
ਉਹ ਕੁਰਸੀ ਦੀ/ਭਾਲ ਵਿਚ, ਰੋਟੀ/ਮੇਰਾ ਸੁਆਲ।

ਅੱਖਾਂ ਬੰਦ ਨੇ/ਰਹਿੰਦੀਆਂ, ਦਰ/ਤਾਂ ਖੁੱਲ੍ਹੇ ਰਹਿਣ।
ਉੱਡਣ ਹਰ/ਥਾਂ ਘੁੱਗੀਆਂ, ਸ਼ਿਕਰੇ/ਦਿੱਲ ਵਟਾਇ।

ਡਿੱਗਰੀਆਂ ਦਾ/ਮੁੱਲ ਨਾ ਪਵੇ, ਸਿਰ/'ਤੇ ਚੁੱਕੀ ਪੰਡ,
ਮਿਲੇ ਸਜਾਇ/ਅਕਲਮੰਦ, ਵੱਲਾ/ਹੀ ਦਸਤੂਰ।

2-ਬਾਵਾ ਕਲੋਨੀ, ਸ੍ਰੀ ਮੁਕਤਸਰ ਸਾਹਿਬ
(ਪੰਜਾਬ)-152026
98157-04108

# ਲੋਕ ਕੀ ਕਹਿਣਗੇ

ਜਸਪ੍ਰੀਤ ਕੌਰ ਧਾਲੀਵਾਲ



ਜੇ ਕਹਾਂ, ਮੈਂ ਬਾਹਲੀ ਸਿਆਣੀ ਤਾਂ ਨਹੀਂ ਹਾਂ। ਪਰ ਸਾਡੇ ਸਮਾਜ ਵਿਚ ਕੁੱਝ ਇਹੋ ਜਿਹੀਆਂ ਬੁਰਾਈਆਂ ਜੋ ਬੋਹੜ ਦਾ ਰੁੱਖ ਬਣ ਆਪਣੀਆਂ ਜੜ੍ਹਾਂ ਕੋਹਾਂ ਦੂਰ ਤੱਕ ਫੈਲਾ ਚੁੱਕੀਆਂ ਉਹਨਾਂ ਬਾਰੇ ਮੈਂ ਜ਼ਰੂਰ ਚਿੰਤਨ ਕਰਦੀ ਰਹਿਣੀ ਹਾਂ। ਵੱਡਿਆਂ ਸ਼ਹਿਰਾਂ ਵਿੱਚ ਦੁਨੀਆ ਬਦਲ ਚੁੱਕੀ ਹੈ ਪਰ ਸਾਡੇ ਕੁੱਝ ਪਿੰਡ ਅੱਜ ਵੀ ਏਸੇ ਬੁਰਾਈ ਦੇ ਬੋਹੜ ਹੇਠ ਬੈਠੇ ਨੇ, ਮੈਂ ਅਕਸਰ ਸੋਚਦੀ ਹਾਂ ਕਿ ਕੌਣ ਇਸ ਬੋਹੜ ਨੂੰ ਪਾਣੀ ਦਿੰਦਾ।

ਉਂਜ ਤਾਂ ਸਾਡੇ ਸਮਾਜ ਵਿੱਚ ਰਾਜ ਕਰ ਰਹੀਆਂ ਬੁਰਾਈਆਂ ਦੀ ਅਸੀਂ ਗਿਣਤੀ ਨਹੀਂ ਕਰ ਸਕਦੇ, ਪਰ ਅੱਜ ਮੇਰੀ ਕਲਮ ਨੇ ਹਰ ਪਿੰਡ, ਹਰ ਘਰ, ਹਰ ਇਨਸਾਨ, ਹਰ ਕੰਮਕਾਰ ਵਿਚ ਅੜਿੱਕਾ ਲਾਉਂਦੀ ਬੁਰਾਈ 'ਲੋਕ ਕੀ ਕਹਿਣਗੇ' ਬਾਰੇ ਲਿਖਣ ਲਈ ਮਜਬੂਰ ਕੀਤਾ ਹੈ। ਇਹ ਤਿੰਨ ਸ਼ਬਦ ਜਿਹਨਾਂ ਕਰਕੇ ਮੈਂ ਉਹ ਕੰਮ ਹੁੰਦੇ ਵੇਖੇ ਜੋ ਸਾਡੇ ਸਮਾਜ ਵਿਚ ਨਹੀਂ ਹੋਣੇ ਚਾਹੀਦੇ, ਇਹਨਾਂ ਤਿੰਨਾਂ ਸ਼ਬਦਾਂ ਕਰਕੇ ਹੀ ਉਹ ਕੰਮ ਰੁਕਦੇ ਵੇਖੇ ਜੋ ਸਾਡੀ ਸੋਚ, ਸਾਡੇ ਸਮਾਜ ਨੂੰ ਉੱਚਾ ਚੁੱਕਣ ਲਈ ਹੋਣੇ ਚਾਹੀਦੇ ਨੇ। ਜਿਹਨਾਂ ਵਿੱਚੋਂ ਕੁੱਝ ਕੁ ਦਾ ਮੈਂ ਵਖਿਆਨ ਕਰਦੀ ਹਾਂ:-

ਕੁੱਝ ਔਰਤਾਂ ਮਰਦਾਂ ਦੇ ਜ਼ੁਲਮਾਂ ਨੂੰ ਲਾਵਾਂ ਤੋਂ ਅਰਥੀ ਤਕ ਸਹਿਣ ਕਰਦੀਆਂ ਵੇਖਿਆਂ, ਸਿਰਫ਼ ਇਸ ਕਰਕੇ ਕਿ ਜੇ ਵਿਰੋਧੀ ਹੋ ਗਈ, ਪੇਕੇ-ਸਹੁਰਿਆਂ ਦੀ ਪਤ ਰੁਲ ਜਾਣੀ ਤਾਂ ਲੋਕ ਕੀ ਕਹਿਣਗੇ? ਕਿ ਇੱਕ ਔਰਤ ਦੇ ਸੱਚ ਬੋਲਣ ਨਾਲ, ਅੱਤਿਆਚਾਰ ਦਾ ਵਿਰੋਧ ਕਰਨ ਨਾਲ, ਉਹ ਚਰਿੱਤਰਹੀਣ ਯਾ ਕੁਲਹਿਣੀ ਬਣ ਜਾਂਦੀ ਹੈ, ਜਾਂ ਫਿਰ ਚੁੱਪਚਾਪ ਦੈਂਤ ਖ਼ਸਮ ਦੀ ਮਾਰ ਝੱਲ ਉਹ ਦੇਵੀ ਬਣੇ ਰਹੇ।

ਇੱਕ ਮਾਂ ਨਾ ਚਾਹੁੰਦੇ ਹੋਏ ਵੀ ਧੀ ਨੂੰ ਗੱਲ-ਗੱਲ 'ਤੇ ਪਬੰਦੀਆਂ ਲਾਉਂਦੀ ਹੈ, ਸੋਚਦੀ ਰਹਿੰਦੀ ਹੈ ਜੇ ਜ਼ਿਆਦਾ ਖੁੱਲ੍ਹ ਦਿੱਤੀ ਤਾਂ ਲੋਕ ਕੀ ਕਹਿਣਗੇ? 15 ਅਗਸਤ, 1947 ਵਾਲੇ ਦਿਨ ਜਦੋਂ ਦੇਸ਼ ਆਜ਼ਾਦ ਘੋਸ਼ਿਤ ਹੋਇਆ ਸੀ ਤਾਂ ਉਹ ਅਜ਼ਾਦੀ ਸਿਰਫ਼ ਮਰਦਾਂ ਲਈ ਨਹੀਂ ਸੀ ਪਰ ਫੇਰ ਵੀ ਔਰਤ ਦੀ ਅਜ਼ਾਦੀ 'ਆਜ਼ਾਦੀ ਘੋਸ਼ਣਾ' ਵਿਚ ਲਿਖੇ ਪੰਨਿਆਂ ਵਿੱਚੋਂ ਕੁੱਝ ਪੰਨੇ ਗ਼ਾਇਬ ਕਰ ਦਿੱਤੇ ਗਏ ਨੇ।

ਇੱਕ ਪੁੱਤ ਜੋ ਬੈਂਕਾਂ ਦੀਆ ਲਿਮਟਾਂ ਦੇ ਕਰਜ਼ੇ ਥੱਲੇ ਗਲ਼ ਤੱਕ ਡੁੱਬ ਚੁੱਕਿਆ, ਉਹ ਵੀ ਮਾਂ-ਪਿਉ ਦੇ ਭੋਗ ਤੇ ਸੱਤ ਪਕਵਾਨੀ ਦਾ ਭੋਜ ਕਰਵਾਉਂਦਾ ਹੈ। ਝੋਰਾ ਵੱਢ-ਵੱਢ ਖਾਈ ਜਾਂਦਾ 'ਕੱਲੀ ਸਾਦੀ ਰੋਟੀ ਦਾਲ ਕੀਤੀ ਤਾਂ ਲੋਕ ਕੀ ਕਹਿਣਗੇ? ਇੱਕ ਘਰ ਦੇ ਜੀਅ ਦੇ ਜਾਣ ਦਾ ਪਹਾੜ ਜਿੱਡਾ ਦੁੱਖ, ਉੱਤੋਂ ਬਲਦੇ ਸਿਵੇ ਤੇ ਹਲਵਾਈ ਦੀ ਕੜਾਹੀ ਚਲਦੀ ਹੈ, ਇਸ ਬੁਰਾਈ ਕਰਕੇ।

ਇੱਕ ਬੇਬਸ ਪਿਉ ਆਪਣੀ ਫੁੱਲਾਂ ਜਿਹੀ ਧੀ ਨੂੰ ਲਾਡ ਨਾਲ ਪਾਲਦਾ-ਪੜ੍ਹਾਉਂਦਾ ਏ ਪਰ ਉਹੀ ਧੀ ਉਦੋਂ ਬੋਝ ਲਗਦੀ ਹੈ ਜਦੋਂ ਸਹੁਰਿਆਂ ਵੱਲੋਂ ਦਾਜ ਦੇ ਟਰੱਕ ਅਤੇ ਵਿਆਹ ਮਹਿੰਗੇ ਤੋਂ ਮਹਿੰਗੇ ਪੈਲੇਸ ਵਿੱਚ ਕਰਨ ਦੀ ਸ਼ਰਤ ਰੱਖੀ ਜਾਂਦੀ ਹੈ, ਆਪ ਭਾਵੇਂ ਦੱਸ ਦਿਨ ਦਾ ਭੁੱਖਾ ਫਿਰਦਾ ਹੋਵੇ ਪਰ ਉਹ ਵਿਆਹ ਵਿੱਚ ਆਏ ਸੱਜਣਾਂ ਦੀ ਸੇਵਾ ਦੀ ਚੌਕੀਦਾਰ ਵਾਂਗ ਜ਼ਿੰਮੇਵਾਰੀ ਨਿਭਾਉਂਦਾ ਹੈ, ਫ਼ਿਕਰ ਰਹਿੰਦੀ ਹੈ ਕੁੱਝ ਕਮੀ ਰਹਿ ਗਈ ਤਾਂ ਲੋਕ ਕੀ ਕਹਿਣਗੇ? ਇੱਕ ਦਿਨ ਦੀ ਸੇਵਾ ਕਰਕੇ ਸੱਜਣ ਤਾਂ ਘਰੋ-ਘਰੀ ਚਲੇ ਜਾਂਦੇ ਨੇ, ਫਿਰ ਮਹੀਨਾ ਕੁ ਪਿੱਛੋਂ ਉਹੀ ਪਿਉ ਖੇਤ ਟਾਹਲੀ ਨਾਲ ਲਟਕਿਆ ਮਿਲਦਾ ਹੈ।

ਇੱਕ ਵਿਹਲੜ ਮੁੰਡੇ ਨੂੰ ਨਿੱਕੇ-ਮੋਟੇ ਕੰਮ ਨਾਲੋਂ ਤੋਂ ਵਿਹਲੇ ਫਿਰਨਾ ਮਨਜ਼ੂਰ ਹੈ, ਛੋਟੇ ਮੋਟੇ ਕੰਮ ਨੂੰ ਕਰਨ ਤੇ ਇਸ ਗੱਲ ਦਾ ਡਰ ਮਾਰਦਾ ਹੈ, ਜੇ ਕਿਸੇ ਨੇ ਵੇਖ ਲਿਆ ਤਾਂ ਲੋਕ ਕੀ ਕਹਿਣਗੇ? ਉਹੀ ਵਿਹਲੜ ਪੈਲੀ ਵੇਚ ਜਦੋਂ ਜਹਾਜ਼ ਚੜ੍ਹਦਾ ਹੈ ਤਾਂ ਉੱਥੇ ਪਹੁੰਚ ਕੇ ਗੋਰਿਆ ਦਾ ਗੋਲ਼ਾ ਬਣਦਾ ਹੈ। ਪਿੱਛੋਂ ਮਾਂ ਪਿਉ ਅਤੇ ਹੋਰ ਪਤਾ ਨੀ ਕਿੰਨੇ

ਦਿਲਜਾਨੀ ਇਸ ਜਹਾਨ ਨੂੰ ਛੱਡ ਘਰ ਖ਼ਾਲੀ ਕਰ ਜਾਂਦੇ ਨੇ।

ਪੜ੍ਹਨ ਲਈ ਕਾਲਜ ਭੇਜੀ ਮੁਟਿਆਰ, ਜਿਹਦੀ ਮਾਂ ਪਾਟੀ ਚੁੰਨੀ ਹੰਢਾ ਫ਼ੀਸਾਂ ਲਈ ਪੈਸੇ ਜੋੜਦੀ ਹੈ, ਉਹੀ ਕੁੜੀ ਮਾਂ ਨਾਲ ਸਹੇਲੀ ਵਰਗੇ ਮਹਿੰਗੇ ਸੂਟ ਲੈਣ ਲਈ ਲੜਦੀ ਹੈ। ਉਹਦਾ ਸੋਚਣਾ ਹੈ ਕਿ ਮੈਂ ਪੁਰਾਣੇ ਅਤੇ ਸਸਤੇ ਕੱਪੜੇ ਪਾ ਕੇ ਗਈ ਤਾਂ ਲੋਕ ਕੀ ਕਹਿਣਗੇ? ਅੱਜ ਸਾਡੇ ਜਵਾਕਾਂ ਵੱਲੋਂ ਸਕੂਲ ਕਾਲਜ ਜਾਣ ਲਈ ਕਿਤਾਬਾਂ ਤੋਂ ਪਹਿਲਾਂ ਮਹਿੰਗੇ ਕੱਪੜਿਆਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਕੁੱਝ ਮਾਂ ਪਿਉ ਆਪਣੇ ਬੱਚਿਆਂ ਦੁਆਰਾ ਪਸੰਦ ਕੀਤੇ ਹਮਸਫ਼ਰ ਨੂੰ ਪਹਿਲੀ ਵਾਰ ’ਚ ਪਸੰਦ ਕਰਨੋਂ ਗੁਰੇਜ਼ ਕਰਦੇ ਨੇ, ਡਰ ਲੱਗਿਆ ਰਹਿੰਦਾ ਕੇ ਲਵ-ਮੈਰਿਜ ਦਾ ਪਤਾ ਲੱਗਿਆ ਤਾਂ ਲੋਕ ਕੀ ਕਹਿਣਗੇ? ਇਸ ਗੱਲ ਨੂੰ ਬਹੁਤ ਘੱਟ ਲੋਕ ਸੋਚਦੇ ਨੇ ਕਿ ਉਹਨਾਂ ਨੂੰ ਆਪਣੀ ਜ਼ਿੰਦਗੀ ਗੁਜ਼ਾਰਨ ਲਈ ਇਕ ਦੂਜੇ ਦੀ ਪਸੰਦ ਹੋਣਾ ਬਹੁਤ ਜ਼ਰੂਰੀ ਹੈ, ਆਪਸੀ ਸਮਝ ਜ਼ਰੂਰੀ ਹੈ ਨਾ ਕਿ ਲੋਕ।

ਜੇ ਗ਼ੌਰ ਨਾਲ ਸੋਚੀਏ ਤਾਂ ਪਤਾ ਲੱਗੂ ਇਹ ਲੋਕ ਅਸੀਂ ਹੀ ਹਾਂ, ਫ਼ਰਕ ਬਸ ਏਨਾ ਕੁ ਹੈ ਸਾਡੇ ਲਈ ਗੁਆਂਢੀ ਲੋਕ ਨੇ ਗੁਆਂਢੀਆਂ ਲਈ ਅਸੀਂ ਲੋਕ ਹਾਂ। ਲੋੜ ਹੈ ਤਾਂ ਇੱਕ ਕਦਮ ਪੁੱਟਣ ਦੀ ਜੇ ਅਸੀਂ ਦੂਜਿਆਂ ਦੇ ਵਿਚਾਰਾਂ ’ਤੇ ਧਿਆਨ ਦੇਣ ਤੋਂ ਪਹਿਲਾਂ ਖ਼ੁਦ ਨੂੰ ਤਵੱਜੋ ਦੇਈਏ ਤਾਂ ਦੂਜੇ ਸਾਡੇ ਤੋਂ ਪਹਿਲਾਂ ਖ਼ੁਦ ਨੂੰ ਤਵੱਜੋ ਦੇਣਗੇ।

ਅਸੀਂ ਖ਼ੁਦ ਸੋਚ ਬਦਲਾਂਗੇ ਤਾਂ ਪਰਿਵਾਰ ’ਚ ਬਦਲਾਅ ਆ ਜਾਣਾ ਏ। ਪਰਿਵਾਰ ’ਚ ਬਦਲਾਅ ਹੋਇਆ ਤਾਂ ਗੁਆਂਢ ’ਚ ਬਦਲਾਅ ਵੀ ਹੋਜੂ, ਗੁਆਂਢ ’ਚ ਬਦਲਾਅ ਹੋਇਆ ਤਾਂ ਸਾਡਾ ਪਿੰਡ ਬਦਲ ਸਕਦਾ ਹੈ ਜੇ ਪਿੰਡ ਬਦਲਿਆ ਤਾਂ ਲਾਜ਼ਮੀ ਹੈ ਆਪਣੇ ਆਪ ਹੀ ਨਵਾਂ ਸਮਾਜ ਸਿਰਜਿਆ ਜਾਣਾ ਹੈ। ਹੋ ਸਕਦਾ ਇਸ ਤਰ੍ਹਾਂ ਸਾਨੂੰ ਹਰ ਪਲ ਡੰਗਣ ਵਾਲੇ ਇਹ ਤਿੰਨ ਜ਼ਹਿਰੀਲੇ ਸ਼ਬਦ ‘ਲੋਕ ਕੀ ਕਹਿਣਗੇ’ ਫੇਰ ਕਦੇ ਸਾਡੇ ਰਾਹ ਦਾ ਰੋੜਾ ਨਾ ਬਣਨ...।

ਪਿੰਡ-ਮੁੰਡਲੀਆਂ, ਡਾਕ-ਸਿਧਾਨੀ,
ਜ਼ਿਲ੍ਹਾ-ਫਤਿਆਬਾਦ (ਹਰਿਆਣਾ)-125133
94991-75186



## ਗੁਰੂ ਨਾਨਕ ਦਾ ਜਨਮ ਦਿਹਾੜਾ

ਪ੍ਰਤਾਪ ‘ਪਾਰਸ’ ਗੁਰਦਾਸਪੁਰੀ

ਪੜ੍ਹੀਏ, ਸੁਣੀਏ ਬਾਣੀ ਇਸ ਨੂੰ ਅਮਲਾਂ ਵਿਚ ਲਿਆਈਏ।
ਗੁਰੂ ਨਾਨਕ ਦਾ ਜਨਮ ਦਿਹਾੜਾ ਚਾਵਾਂ ਨਾਲ ਮਨਾਈਏ।

ਸਿਖਰਾਂ ਉੱਪਰ ਕਲਯੁੱਗ ਸੀ ਜਦ ਬਾਬਾ ਨਾਨਕ ਆਇਆ,
ਘੋਰ ਹਨ੍ਹੇਰੀਆਂ ਰਾਤਾਂ ਦੇ ਵਿਚ ਸੱਚ ਦਾ ਦੀਪ ਜਗਾਇਆ।
ਉਸ ਦੀਪਕ ਨਾਲ ਆਜੋ ਸਾਰੇ ਇਸ ਜਗ ਨੂੰ ਰੁਸ਼ਨਾਈਏ,
ਪੜ੍ਹੀਏ, ਸੁਣੀਏ ਬਾਣੀ ਇਸਨੂੰ ਅਮਲਾਂ ਵਿਚ ਲਿਆਈਏ।

ਗਲ ਦੇ ਨਾਲ ਲਾਏ ਸੀ ਲਾਲੋ ਤੇ ਭਾਗੋ ਦੁਰਕਾਰੇ,
ਵਲੀ ਕੰਧਾਰੀ ਸੱਜਣ ਠੱਗ ਜਿਹੇ ਤਰਕਾਂ ਨਾਲ ਸੁਧਾਰੇ।
ਆ ਜਾਓ ਸਾਂਝਾਂ ਅੱਜ ਤੋਂ ਸਾਰੇ ਲਾਲੋਆਂ ਨਾਲ ਵਧਾਈਏ,
ਪੜ੍ਹੀਏ, ਸੁਣੀਏ ਬਾਣੀ ਇਸਨੂੰ ਅਮਲਾਂ ਵਿਚ ਲਿਆਈਏ।

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ,
ਸੱਚ ਦਾ ਸ਼ੀਸ਼ਾ ਹਾਕਮ ਨੂੰ ਸੀ ਬਾਣੀ ਵਿਚ ਦਿਖਾਇਆ।
ਧਰਮਾਂ ਦੇ ਨਾਲ ਆ ਜਾਓ ਸਾਰੇ ਧਰਮੀਂ ਫਰਜ਼ ਨਿਭਾਈਏ,
ਪੜ੍ਹੀਏ, ਸੁਣੀਏ ਬਾਣੀ ਇਸ ਨੂੰ ਅਮਲਾਂ ਵਿਚ ਲਿਆਈਏ।

ਦੁਨੀਆਂ ਉੱਤੇ ਪਾਪ ਹੈ ਵੱਡਾ ਹੱਕ ਬੇਗਾਨਾ ਖਾਣਾ,
ਗਊ ਗ਼ਰੀਬ ਨਾਲ ਧੱਕਾ ਕਰਨਾ ਨਹੀਂ ਬਾਬੇ ਨੂੰ ਭਾਣਾ।
‘ਪਾਰਸ’ਕਹਿੰਦਾ ਮਨ ਮਸਤਕ ਵਿਚ ਸੱਚ ਦੀ ਜੋਤ ਜਗਾਈਏ,
ਪੜ੍ਹੀਏ, ਸੁਣੀਏ ਬਾਣੀ ਇਸ ਨੂੰ ਅਮਲਾਂ ਵਿਚ ਲਿਆਈਏ,
ਗੁਰੂ ਨਾਨਕ ਦਾ ਜਨਮ ਦਿਹਾੜਾ ਚਾਵਾਂ ਨਾਲ ਮਨਾਈਏ।

787/10 ਪ੍ਰੇਮ ਨਗਰ,
ਹਰਦੋਛੰਨੀ ਰੋਡ ਗੁਰਦਾਸਪੁਰ। (ਪੰਜਾਬ)
99888-11681

# ਬਦਲ ਰਹੀ ਜੀਵਨ-ਸ਼ੈਲੀ

ਸੰਜੀਵ ਸੈਣੀ



ਜ਼ਿੰਦਗੀ ਖ਼ੂਬਸੂਰਤ ਹੈ। ਪੱਛਮੀ ਸਭਿਆਚਾਰ 'ਚ ਅਸੀਂ ਬਹੁਤ ਜ਼ਿਆਦਾ ਹੰਢ ਗਏ ਹਾਂ। ਸਾਡੀ ਜੀਵਨ ਸ਼ੈਲੀ ਵਿੱਚ ਬਹੁਤ ਜ਼ਿਆਦਾ ਬਦਲਾਅ ਆ ਚੁੱਕਿਆ ਹੈ। ਜਿਸ ਕਾਰਨ ਅਸੀਂ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਦਿਲ ਰੋਗ, ਕੈਂਸਰ, ਸ਼ੂਗਰ, ਦਮਾ, ਵਰਗੀ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਵਾਤਾਵਰਣ ਵੀ ਪ੍ਰਦੂਸ਼ਿਤ ਹੋ ਚੁੱਕਿਆ ਹੈ। ਫ਼ੈਕਟਰੀਆਂ ਦੀ ਚਿਮਨੀਆਂ ਵਿਚੋਂ ਨਿਕਲਣ ਵਾਲਾ ਧੂੰਆਂ ਤਰ੍ਹਾਂ-ਤਰ੍ਹਾਂ ਦੇ ਰੋਗ ਪੈਦਾ ਕਰ ਰਿਹਾ ਹੈ । ਜਿਸ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਬਹੁਤ ਦਿੱਕਤ ਆਉਂਦੀ ਹੈ। ਝੋਨੇ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ। ਹਾਲਾਂਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਕਿਹਾ ਜਾਂਦਾ ਹੈ ਕਿ ਪਰਾਲੀ ਨੂੰ ਨਾ ਸਾੜੋ। ਫਿਰ ਵੀ ਕਿਸਾਨ ਪਰਾਲੀ ਨੂੰ ਅੱਗ ਲਗਾਉਂਦੇ ਹਨ। ਜਿਸ ਕਾਰਨ ਸਾਰਾ ਵਾਤਾਵਰਣ ਪ੍ਰਦੂਸ਼ਿਤ ਹੋ ਜਾਂਦਾ ਹੈ।

ਕੋਈ ਸਮਾਂ ਹੁੰਦਾ ਸੀ ਜਦੋਂ ਸਾਰਾ ਹੀ ਪਰਿਵਾਰ ਜਲਦੀ ਉੱਠਦਾ ਸੀ। ਜਲਦੀ ਸਵੇਰੇ ਉੱਠ ਕੇ ਸੈਰ ਕੀਤੀ ਜਾਂਦੀ ਸੀ। ਕਸਰਤ ਕੀਤੀ ਜਾਂਦੀ ਸੀ। ਹੱਥੀਂ ਕੰਮ ਕਰਨ ਨੂੰ ਤਰਜ਼ੀਹ ਦਿੱਤੀ ਜਾਂਦੀ ਸੀ। ਡਿਊਟੀ ਜਾਣ ਤੋਂ ਪਹਿਲੇ ਖੇਤਾਂ ਵਿਚ ਕੰਮ ਨਬੇੜ ਲਿਆ ਜਾਂਦਾ ਸੀ। ਸਾਰੇ ਪਰਿਵਾਰਿਕ ਮੈਂਬਰ ਖੇਤਾਂ ਵਿਚ ਕੰਮ ਕਰਨ ਨੂੰ ਤਰਜ਼ੀਹ ਦਿੰਦੇ ਸਨ। ਘਰ ਵਿਚ ਔਰਤਾਂ ਸੁਹਾਈਆਂ ਰੋਟੀ ਬਣਾ ਕੇ ਖੇਤਾਂ ਵਿੱਚ ਸਮੇਂ ਸਿਰ ਲੈ ਕੇ ਜਾਂਦੀਆਂ ਸਨ। ਪਿਆਰ ਬਹੁਤ ਸੀ। ਇਕ ਦੂਜੇ ਦਾ ਆਦਰ-ਸਤਿਕਾਰ ਕੀਤਾ ਜਾਂਦਾ ਸੀ। ਸਰੀਰ ਬਿਲਕੁਲ ਤੰਦਰੁਸਤ ਸਨ। ਜੰਕ ਫੂਡ ਭਾਵ ਬਾਹਰ ਦੇ ਖਾਣੇ ਦਾ ਬਿਲਕੁਲ ਵੀ ਨਹੀਂ ਪਤਾ ਸੀ। ਦੁਪਹਿਰ ਦੇ ਵੇਲੇ ਘਰ 'ਚ ਬਣਾਇਆ ਗਿਆ ਬੂਰਾ (ਚਿੰਨੀ) ਚੌਲਾਂ ਨਾਲ ਦੇਸੀ ਘਿਓ ਪਾ ਕੇ ਖਾਧਾ ਜਾਂਦਾ ਸੀ। ਜਾਂ ਸ਼ੱਕਰ ਨੂੰ ਤਰਜ਼ੀਹ ਦਿੱਤੀ ਜਾਂਦੀ ਸੀ। ਜਾਂ ਫਿਰ ਰੋਟੀ ਤੋਂ ਬਾਅਦ ਗੁੜ ਖਾਇਆ ਜਾਂਦਾ ਸੀ। ਇਹ ਸਾਰੀਆਂ ਹੀ ਚੀਜ਼ਾਂ ਸ਼ੁੱਧ ਹੁੰਦੀਆਂ ਸਨ। ਕਿਸੇ ਵੀ ਤਰ੍ਹਾਂ ਦਾ ਕੈਮੀਕਲ ਜਾਂ ਰਸਾਇਣਿਕ ਪਦਾਰਥ ਪਾ ਕੇ ਇਹਨਾਂ ਚੀਜ਼ਾਂ ਨੂੰ ਤਿਆਰ ਨਹੀਂ ਸੀ ਕੀਤਾ ਜਾਂਦਾ। ਲੋਕ ਬਿਮਾਰ ਵੀ ਬਹੁਤ ਘੱਟ ਹੁੰਦੇ ਸਨ। ਤਕਰੀਬਨ ਲੰਮੀ ਉਮਰ ਭਾਵ (90 ਸਾਲ) ਤੋਂ ਵੱਧ ਹੰਢਾ ਕੇ ਜਾਂਦੇ ਸਨ। ਵਾਤਾਵਰਣ ਵੀ ਬੜਾ ਸ਼ੁੱਧ ਹੁੰਦਾ ਸੀ। ਪੈਸੇ ਦੀ ਹੋੜ ਨਹੀਂ ਸੀ। ਜਦੋਂ ਕੋਈ ਵਿਆਹ-ਸ਼ਾਦੀ ਹੁੰਦੀ ਸੀ ਤਾਂ ਲੱਡੂ-ਜਲੇਬੀਆਂ ਬਣਾਈਆਂ ਜਾਂਦੀਆਂ ਸਨ।

ਸਮਾਂ ਬਦਲਿਆ। ਲੋਕਾਂ ਨੇ ਬਾਹਰ ਦੇ ਖਾਣੇ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ। ਘਰ ਦੇ ਬਣੇ ਖਾਣੇ ਨੂੰ ਬਿਲਕੁਲ ਵੀ ਤਰਜੀਹ ਨਹੀਂ ਦਿੱਤੀ ਜਾਂਦੀ। ਤਕਰੀਬਨ ਖਾਣ-ਪੀਣ ਵਾਲੀਆਂ ਸਾਰੀਆਂ ਚੀਜ਼ਾਂ ਵਿੱਚ ਮਿਲਾਵਟ ਦਾ ਬਹੁਤ ਬੋਲਬਾਲਾ ਹੈ। ਘਰੇਲੂ ਖ਼ਰੀਦਦਾਰੀ ਲਈ ਜਦੋਂ ਅਸੀਂ ਬਾਹਰ ਜਾਂਦੇ ਹਾਂ ਤਾਂ ਅਸੀਂ ਤਰ੍ਹਾਂ-ਤਰ੍ਹਾਂ ਦੇ ਜੰਕ ਫੂਡ ਖਾਣ ਨੂੰ ਤਰਜੀਹ ਦਿੰਦੇ ਹਾਂ। ਜਦੋਂ ਅਸੀਂ ਜੰਕ ਫੂਡ ਖਾਂਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਉਸ ਵਿੱਚ ਕਈ ਤਰ੍ਹਾਂ ਦੇ ਰੰਗਦਾਰ ਪਦਾਰਥ ਪਾਏ ਜਾਂਦੇ ਹਨ। ਜਿਸ ਕਾਰਨ ਉਹ ਜ਼ਾਇਕੇਦਾਰ ਸਵਾਦਲਾ ਹੋ ਜਾਂਦਾ ਹੈ। ਘਟੀਆ ਰਿਫਾਇੰਡ ਤੇਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਹਨਾਂ ਨੂੰ ਸਾਡੀ ਸਿਹਤ ਤੋਂ ਕੀ ਲੈਣਾ। ਰਸਾਇਣਿਕ ਪਦਾਰਥਾਂ ਦਾ ਬਾਹਰੀ ਖਾਣੇ ਵਿੱਚ ਬੇਤਹਾਸ਼ਾ ਇਸਤੇਮਾਲ ਹੁੰਦਾ ਹੈ। ਪ੍ਰਸ਼ਾਸਨ ਵੀ ਇਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਕਰ ਰਿਹਾ ਹੈ।

ਤਿਉਹਾਰਾਂ ਦੇ ਸੀਜ਼ਨ ਵੇਲੇ ਸਿਹਤ ਮੰਤਰਾਲਾ ਕੁਇੰਟਲਾਂ ਦੇ ਹਿਸਾਬ ਨਾਲ ਨਕਲੀ ਤੇ ਮਿਲਾਵਟੀ ਖੋਆ ਫੜਦਾ ਹੈ। ਫਿਰ ਇਨ੍ਹਾਂ 'ਤੇ ਵਿਭਾਗੀ ਕਾਰਵਾਈ ਹੁੰਦੀ ਹੈ। ਸਰਕਾਰਾਂ ਨੂੰ ਹਰ ਸਾਲ ਮਿਠਾਈ ਦੀਆਂ ਦੁਕਾਨਾਂ ਦੇ ਸੈਂਪਲ ਭਰਨੇ ਚਾਹੀਦੇ ਹਨ। ਸਿਰਫ਼ ਤਿਉਹਾਰਾਂ ਦੇ ਸੀਜ਼ਨ ਵਿੱਚ ਹੀ ਨਹੀਂ। ਕੁਇੰਟਲਾਂ ਦੇ ਹਿਸਾਬ ਨਾਲ ਨਕਲੀ ਦੁੱਧ, ਖੋਆ, ਪਨੀਰ ਤਿਉਹਾਰਾਂ ਦੇ ਸੀਜ਼ਨ ਵਿੱਚ ਸਿਹਤ ਮੰਤਰਾਲਾ ਜ਼ਬਤ ਕਰਦਾ ਹੈ। ਅੱਜ ਹਰ ਖਾਣ ਵਾਲੀ ਚੀਜ਼ ਵਿਚ ਮਿਲਾਵਟ ਹੈ। ਸੁਣਨ ਵਿੱਚ ਆਉਂਦਾ ਹੈ ਕਿ ਦੁੱਧ ਵਿੱਚ ਤਰ੍ਹਾਂ-ਤਰ੍ਹਾਂ ਦੇ ਕੈਮੀਕਲ ਰਸਾਇਣਿਕ ਪਦਾਰਥ ਮਿਲਾ ਕੇ ਵੇਚਿਆ ਜਾ ਰਿਹਾ ਹੈ। ਕਈ ਵਾਰ ਤਾਂ ਕੈਮੀਕਲ ਪਦਾਰਥਾਂ ਨੂੰ ਮਿਲਾਉਂਦੇ ਹੋਇਆਂ ਦੀ ਵੀਡੀਓ ਵੀ ਦੇਖਣ ਨੂੰ ਮਿਲਦੀ ਹੈ। ਇਹ ਕੈਮੀਕਲ ਪਦਾਰਥ ਨਿਰਾ ਹੀ ਜ਼ਹਿਰ ਹਨ। ਜਿਨ੍ਹਾਂ

ਵਿੱਚ ਇਹ ਦੁਕਾਨਦਾਰ ਕੈਮੀਕਲ ਰਸਾਇਣਿਕ ਪਦਾਰਥਾਂ ਨਾਲ ਤਿਆਰ ਕੀਤੀ ਹੋਈ ਸਮੱਗਰੀ ਪਰੋਸਦੇ ਹਨ, ਉਹ ਪਲੇਟਾਂ ਵੀ ਕਿਹੜਾ ਸਾਫ਼ ਹੁੰਦੀਆਂ ਹਨ ।ਗੰਦੇ ਪਾਣੀ ਵਿਚ ਧੋ ਕੇ ਪਲੇਟਾਂ ਵਿਚ ਖਾਣਾ ਪਰੋਸਿਆ ਜਾਂਦਾ ਹੈ। ਜਿਸ ਨਾਲ ਅੱਜ ਦਾ ਇਨਸਾਨ ਤਰ੍ਹਾਂ-ਤਰ੍ਹਾਂ ਦੀਆਂ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਖ਼ਬਰਾਂ ਅਨੁਸਾਰ ਜੂਸ ਵਿੱਚ ਅਨਾਰ ਦੀ ਥਾਂ ਕੋਈ ਰਸਾਇਣਿਕ ਪਦਾਰਥ ਪਾ ਕੇ ਉਸ ਨੂੰ ਲਾਲ ਕਰ ਦਿੱਤਾ ਜਾਂਦਾ ਹੈ। ਕਿਸੇ ਵੀ ਮੈਰਿਜ ਪੈਲੇਸ ਜਾਂ ਕਿਸੇ ਵੀ ਪਾਰਟੀ ਵਿੱਚ ਚਲੇ ਜਾਉ, ਬੱਚਿਆਂ ਦੇ ਨਾਲ-ਨਾਲ ਮਾਂ ਬਾਪ ਵੀ ਜੰਕ ਫੂਡ ਨੂੰ ਬਹੁਤ ਤਰਜੀਹ ਦਿੰਦੇ ਹਨ। ਜਿਸ ਕਾਰਨ ਲੋਕ ਬੇਵਕਤੀ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਤੋਂ ਬਚਣ ਲਈ ਇਨਸਾਨ ਨੂੰ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਕਰਨਾ ਪਵੇਗਾ। ਸਵੇਰੇ ਜਲਦੀ ਉੱਠ ਕੇ ਸੈਰ, ਕਸਰਤ ਕਰਨੀ ਚਾਹੀਦੀ ਹੈ। ਘਰ ਦੇ ਬਣੇ ਖਾਣੇ ਨੂੰ ਤਰਜੀਹ ਦੇਣੀ ਚਾਹੀਦੀ ਹੈ। ਸਵੇਰੇ ਤਾਜ਼ੇ ਫਲਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਘਰ ਦਾ ਬਣਿਆ ਹੋਇਆ ਸਾਫ਼ ਸੁਥਰਾ ਸੰਤੁਲਿਤ ਭੋਜਨ ਖਾਣਾ ਚਾਹੀਦਾ ਹੈ। ਸਮੇਂ-ਸਮੇਂ ਸਿਰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਚੇਤੇ ਕਰਵਾ ਦੇਈਏ ਕਿ ਜੇ ਸਿਹਤ ਹੈ ਤਾਂ ਜਹਾਨ ਹੈ।

ਮੋਹਾਲੀ (ਪੰਜਾਬ)
78889-66168



## ਵੱਧਦੀ ਅਬਾਦੀ

ਵੀਨਾ ਬਟਾਲਵੀ

ਕੀੜੀਆਂ ਦੇ ਭੌਣ ਵਾਂਗ ਲੋਕ ਵੱਧਗੇ
ਪਹਿਲਾਂ ਵਾਲੇ ਸਮੇਂ ਹੁਣ ਪਿੱਛੇ ਲੱਧਗੇ
ਜੜ੍ਹੀਂ ਕਦਰ-ਕੀਮਤਾਂ ਲੱਗਾ ਖੋਰ ਏ
ਵੱਧਦੀ ਅਬਾਦੀ ਨੇ ਮਚਾਇਆ ਸ਼ੋਰ ਏ

ਵੱਧੀ ਹੋਈ ਅਬਾਦੀ ਨਾਲ ਭੁੱਖ ਵੱਧਗੀ
ਜਿੱਤ ਵਾਲੀ ਗੱਡੀ ਅੱਧ ਵਿੱਚ ਖੜਗੀ
ਦਿਨੋ-ਦਿਨ ਵੱਧ ਰਹੀ ਗ਼ਰੀਬੀ ਘੋਰ ਏ
ਵੱਧਦੀ ਅਬਾਦੀ ਨੇ ਮਚਾਇਆ ਸ਼ੋਰ ਏ

ਭ੍ਰਿਸ਼ਟਾਚਾਰ ਵੀ ਹੁਣ ਵਧੀ ਜਾਂਦਾ ਏ
ਹਰ ਦੁੱਖ ਬੰਦਾ ਹੁਣ ਜਰੀ ਜਾਂਦਾ ਏ
ਕਰਨਾ ਹੀ ਪੈਣਾ ਇਦ੍ਹੇ ਉੱਤੇ ਗੌਰ ਏ
ਵੱਧਦੀ ਅਬਾਦੀ ਨੇ ਮਚਾਇਆ ਸ਼ੋਰ ਏ

ਜੰਗਲਾਂ ਦਾ ਹੁਣ ਤਾਂ ਸਫਾਇਆ ਹੋ ਗਿਆ
ਸ਼ੁੱਧ-ਵਾਤਾਵਰਣ ਤਾਂ ਕਿਤੇ ਖੋਹ ਗਿਆ
ਚਾਰੇ ਪਾਸੇ ਪ੍ਰਦੂਸ਼ਣ ਦਾ ਜ਼ੋਰ ਏ
ਵੱਧਦੀ ਅਬਾਦੀ ਨੇ ਮਚਾਇਆ ਸ਼ੋਰ ਏ

ਭੁੱਖਮਰੀ ਦਿਨੋ-ਦਿਨ ਵਧੀ ਜਾ ਰਹੀ
ਇਨਸਾਨੀਅਤ ਹੁਣ ਘਟੀ ਜਾ ਰਹੀ
ਹਰ ਮਹਿਕਮੇ 'ਚ ਹੁਣ ਬੈਠਾ ਚੋਰ ਏ
ਵੱਧਦੀ ਅਬਾਦੀ ਨੇ ਮਚਾਇਆ ਸ਼ੋਰ ਏ

ਪੜ੍ਹੇ-ਲਿਖੇ ਅਨਪੜ੍ਹ ਵੱਧ ਰਹੇ ਨੇ
ਚੰਗੇ ਪੜ੍ਹੇ ਲਿਖੇ ਦੇਸੋਂ ਭੱਜ ਰਹੇ ਨੇ
ਸਿਆਸਤ ਨੇ ਖਾ ਲਿਆ ਭੋਰ-ਭੋਰ ਏ
ਵੱਧਦੀ ਅਬਾਦੀ ਨੇ ਮਚਾਇਆ ਸ਼ੋਰ ਏ

ਖੇਤੀਬਾੜੀ ਵਾਲੀ ਭੁੰਇ ਘੱਟ ਗਈ ਏ
ਘਰ-ਬਾਰ੍ਹ ਵਾਲੀ ਭੁੰਇ ਵੱਧ ਗਈ ਏ
ਲੱਭਣਾ ਹੀ ਪੈਣਾ ਹੱਲ ਕੋਈ ਹੋਰ ਏ
ਵੱਧਦੀ ਅਬਾਦੀ ਨੇ ਮਚਾਇਆ ਸ਼ੋਰ ਏ

ਪਰਿਵਾਰ ਨਿਯੋਜਨ ਇਦ੍ਹਾ ਹੱਲ ਏ
ਉਸਾਰੂ ਸਿੱਖਿਆ ਨਾਲ ਪੈਣੀ ਠੱਲ ਏ
ਨੀਤੀਆਂ ਦੀ ਛੱਡੋ ਨਹੀਂ ਢਿੱਲੀ ਡੋਰ ਏ
ਵੱਧਦੀ ਅਬਾਦੀ ਨੇ ਮਚਾਇਆ ਸ਼ੋਰ ਏ

ਪੰਜਾਬੀ ਅਧਿਆਪਕਾ, ਸ.ਸ.ਸ.ਸਕੂਲ,
ਕਿਲ੍ਹਾ ਟੇਕ ਸਿੰਘ, ਜ਼ਿਲ੍ਹਾ-ਬਟਾਲਾ
94632-29499

# ਇਕ ਉਦਾਸ ਧੁਨ

ਜਸਵੀਰ ਢੰਡ



ਆਪਣੀ ਕੋਠੜੀ ਵਿੱਚ ਇਕੱਲੀ ਪਈ ਲੀਲਾ ਨੂੰ ਬੁਖ਼ਾਰ ਦੀ ਘੂਕੀ ਜਿਹੀ ਵਿੱਚ ਇੰਜ ਲੱਗਾ ਜਿਵੇਂ ਉਹ ਰੇਤ ਦੀ ਇਕ ਢੇਰੀ ਕੋਲ ਖੜ੍ਹੀ ਹੈ। ਹਵਾ ਵਗ ਰਹੀ ਹੈ ਕਦੀ ਤੇਜ਼ ਕਦੀ ਹੌਲੀ ਤੇ ਰੇਤ ਦੀ ਉਹ ਢੇਰੀ ਕਿਣਕਾ-ਕਿਣਕਾ ਕਰਕੇ ਉੱਡਦੀ ਜਾ ਰਹੀ ਹੈ। ਉਹ ਖੜ੍ਹੀ ਵੇਖਦੀ ਰਹਿੰਦੀ ਹੈ, ਵੇਖਦੀ ਰਹਿੰਦੀ ਹੈ ਤੇ ਕੁਝ ਚਿਰ ਬਾਅਦ ਉੱਥੇ ਕੁਝ ਵੀ ਨਹੀਂ ਹੁੰਦਾ। ਸਾਰੀ ਢੇਰੀ ਪਤਾ ਨਹੀਂ ਕਿਧਰ ਉੱਡ ਗਈ ਤੇ ਉੱਥੇ ਰਹਿ ਗਈ ਸਪਾਟ ਧਰਤੀ।

ਅੱਧ-ਮਿਚਿਆਂ ਜਿਹੀਆਂ ਅੱਖਾਂ ਨਾਲ ਉਹ ਕੋਠੜੀ ਵਿੱਚ ਫੈਲੇ ਹਨੇਰੇ ਵਲ ਵੇਖਦੀ ਹੈ। ਉਸ ਨੂੰ ਆਪਣਾ ਆਪ ਵੀ ਰੇਤ ਦੀ ਇੱਕ ਢੇਰੀ ਵਰਗਾ ਹੀ ਜਾਪਦਾ ਹੈ ਜੋ ਹੌਲੀ-ਹੌਲੀ ਕਿਣਕਾ-ਕਿਣਕਾ ਕਰਕੇ ਉੱਡ ਰਹੀ ਹੋਵੇ। ਕਿਸੇ ਦਿਨ .....? ਉਹ ਫਿਰ ਅੱਖਾਂ ਮੀਟ ਲੈਂਦੀ ਹੈ। ਹੁਣੇ ਹੁਣੇ ਉਸ ਸਪਾਟ ਧਰਤੀ ਦੀ ਤਸਵੀਰ ਅੱਖਾਂ ਮੂਹਰੇ ਆਉਂਦਿਆਂ ਹੀ ਉਸ ਨੂੰ ਆਪਣੀ ਮੌਤ ਦਾ ਖ਼ਿਆਲ ਹੋ ਆਉਂਦਾ ਹੈ। ਕਿੰਨੀ ਦੇਰ ਉਹ ਅਡੋਲ ਪਈ ਰਹਿੰਦੀ ਹੈ। ਜੀਭ ਸੁੱਕ ਕੇ ਤਾਲੂਏ ਨਾਲ ਲੱਗੀ ਹੋਈ ਹੈ, ਖੂੰਜੇ ਵਿੱਚ ਪਏ ਘੜੇ 'ਚੋਂ ਕੌਲੀ ਪਾਣੀ ਦੀ ਦੇਣ ਵਾਲਾ ਕੋਈ ਨਹੀਂ......।

ਕਿਧਰ ਚਲੇ ਗਏ ਸਾਰੇ...?

ਬਾਬਲ ਅੰਮੜੀ, ਭੈਣ, ਭਰਾ, ਭਰਜਾਈ, ਭਤੀਜੇ, ਇਕ ਉਹ ਜੋ ਕਦੀ ਸਿਹਰੇ ਬੰਨ੍ਹ ਕੇ ਢੁੱਕਿਆ ਸੀ। ਸੱਸ, ਸਹੁਰਾ, ਦਿਉਰ, ਜੇਠ ਤੇ ਇੱਕ ਨਿੱਕਾ ਜਿਹਾ ਬਾਲ ਜਿਸ ਦੇ ਨਕਸ਼ ਵੀ ਹੁਣ ਯਾਦ ਕਰਨ 'ਤੇ ਯਾਦ ਨਹੀਂ ਆਉਂਦੇ। ਸਾਰੇ ਵਾਰੋ ਵਾਰੀ ਉਸ ਦੀਆਂ ਅੱਖਾਂ ਮੂਹਰ ਦੀ ਲੰਘ ਗਏ। ਇਹਨਾਂ ਸਾਰਿਆਂ ਦੇ ਨਾਉਂ ਤੇ ਇਕ ਇਕ ਹੋਕਾ ਵੀ ਲੀਲਾ ਲਵੇ ਤਾਂ ਉਸ ਦੀ ਛਾਤੀ ਹਉਕਿਆਂ ਨਾਲ ਹੀ ਭਰ ਜਾਵੇ, ਸੱਚਮੁੱਚ ਲੀਲਾ ਨੇ ਜ਼ਿੰਦਗੀ ਵਿੱਚ ਬਥੇਰੇ ਹਉਕੇ ਲਏ ਹਨ।

ਉਂਜ ਹੀ ਪਿਆਸੀ ਦੀ ਪਿਆਸੀ ਉਹ ਅੱਖਾਂ ਮੁੰਦੀ ਪਈ ਰਹਿੰਦੀ ਹੈ। ਉੱਪਰੋਂ ਤਿਕਾਲਾ ਢਲ ਗਈਆਂ ਨੇ, ਭੈਣ ਜੀ ਤੁਸੀਂ ਹਾਲੇ ਮੰਜੇ 'ਤੇ ਪਏ ਓ?, ਗੁਆਂਢਣ ਜੀਤੋ ਉਸ ਦੇ ਸਿਰ 'ਤੇ ਖੜੀ ਪੁੱਛ ਰਹੀ ਸੀ।

ਅਚਾਨਕ ਖੜਾਕ ਜਿਹਾ ਸੁਣ ਕੇ ਲੀਲਾ ਅੱਖਾਂ ਖੋਲ੍ਹਦੀ ਹੈ।

'ਹਾਂ ...ਅ... ਅੱਜ ਮੇਰਾ ਚਿੱਤ ਜਿਹਾ ਠੀਕ ਨੀ ਸੀ। ਕਿਵੇਂ ਆਈ ਤੂੰ? 'ਛੋਟੇ ਨੂੰ ਅੱਜ ਸਵੇਰੇ ਦੀ ਭਖ ਜਿਹੀ ਐ। ਮੈਂ ਕਿਹਾ ਭੈਣ ਜੀ ਤੋਂ ਕੋਈ ਗਲੀਓਂ ਲੈ ਆਵਾਂ।'

ਉੱਠਣ ਨੂੰ ਜੀਅ ਨਾ ਕਰਦਿਆਂ ਵੀ ਲੀਲਾ ਉੱਠੀ ਤੇ ਜੀਤੋ ਨੂੰ ਬੁਖ਼ਾਰ ਦੀ ਗੋਲੀ ਦਿੱਤੀ।

ਗੋਲੀ ਫੜਾਉਂਦਿਆਂ ਉਸ ਦੇ ਗਰਮ ਹੱਥ ਜੀਤੋ ਦੇ ਹੱਥਾਂ ਨੂੰ ਛੂਹ ਗਏ।

"ਕੁੜੇ ਭੈਣ ਜੀ! ਤੇਰਾ ਤਾਂ ਹੱਥ ਅੱਗ ਆਂਗੂ ਬਲਦਾ ਪਿਐ। ਨੋਕਾਂ ਨੂੰ ਰਾਜ਼ੀ ਕਰਦੇ ਓ, ਆਪ ਵੀ ਕੋਈ ਦਾਰੂ ਲੈ ਲਿਆ ਕਰੋ। ਚਾਹ ਕਰਾ ਕੇ ਲਿਆਮਾ?"

"ਨਹੀਂ" ਭੈਣੇ ਜਿਊਂਦੀ ਰਹੁ.. ਕਾਸੇ ਨੂੰ ਜੀਅ ਨੀ ਕਰਦਾ।"

ਜੀਤੋ ਜੱਕੋ-ਤੱਕੀ ਜਿਹੀ ਵਿੱਚ ਉਸਦੇ ਮੂੰਹ ਵੱਲ ਤੱਕਦਿਆਂ ਚਲੀ ਗਈ।

ਲੀਲਾ ਨੇ ਘੜੇ 'ਚੋਂ ਗਿਲਾਸ ਪਾਣੀ ਦਾ ਭਰ ਕੇ ਪੀਤਾ ਤੇ ਫਿਰ ਰਜਾਈ ਵਿੱਚ ਦੁਬਕ ਗਈ। ਦੰਦੋੜਿੱਕਾ ਵੱਜ ਰਿਹਾ ਸੀ। ਤੇ ਇਕ ਉਦਾਸ ਇਕੱਲ ਫਿਰ ਉਸਦੇ ਚਾਰ-ਚੁਫੇਰੇ ਪਸਰ ਗਈ...।

"ਇਕੱਲਾ ਤਾਂ ਰੋਹੀ ਵਿੱਚ ਰੁੱਖ ਵੀ ਨਾ ਹੋਵੇ।" ਉਸ ਦਾ ਬਾਪ ਕਿਹਾ ਕਰਦਾ ਸੀ।

ਲੀਲਾ ਨੂੰ ਜਾਪਿਆ ਜਿਵੇਂ ਇਸ ਅਖਾਣ ਵਾਲੀ ਰੋਹੀ ਵੀ ਆਪ ਹੋਵੇ ਤੇ ਰੋਹੀ ਵਿਚਲਾ ਇਕੱਲੀ ਰੁੱਖ ਵੀ ਆਪ।

ਪਰ ਮੁੱਢ ਕਦੀਮ ਤੋਂ ਤਾਂ ਉਹ ਇਕੱਲੀ ਨਹੀਂ ਸੀ।

ਆਪਣੇ ਬੀਤੇ ਵੱਲ ਝਾਤ ਮਾਰਨਾ ਲੀਲਾ ਲਈ ਇੰਜ ਸੀ ਜਿਵੇਂ ਕੋਈ ਅੰਗੂਰ 'ਤੇ ਆਏ ਜ਼ਖ਼ਮ ਨੂੰ ਆਪਣੇ ਹੀ ਨਹੁੰਆਂ ਨਾਲ ਮੁੜ ਤੋਂ ਉਚੇੜ ਲਏ.... ਆਪਣੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਨੂੰ ਯਾਦ ਕਰਦਿਆਂ ਉਸਨੂੰ ਸਮੇਂ ਦਾ ਕੋਈ ਭੇਦ ਨਾ ਰਹਿੰਦਾ। ਕਦੀ ਲੀਲਾ ਨੂੰ ਲਗਦਾ ਜਿਵੇਂ

ਇਹ ਕੱਲ੍ਹ ਦੀ ਗੱਲ ਹੋਵੇ ਤੇ ਕਦੀ ਲਗਦਾ ਜਿਵੇਂ ਇਹ ਪਿਛਲੇ ਜਨਮ ਦੀਆਂ ਗੱਲਾਂ ਹੋਣ।

ਆਪਣੇ ਬੀਤ ਗਏ ਵੱਲੀ ਵੇਖਣਾ ਇੰਜ ਲਗਦਾ ਜਿਵੇਂ ਪਿੰਡ ਵਾਲੀ ਅੰਨ੍ਹੀ ਖੂਹੀ ਵਿੱਚ ਝਾਤ ਮਾਰਦਿਆਂ ਪਾਣੀ ਦਾ ਤਲਾ ਨਜ਼ਰ ਨਾ ਆਉਂਦਾ ਭਾਵੇਂ ਖੂਹੀ ਦੇ ਗੂੜ੍ਹੇ ਹਨੇਰੇ ਵਿੱਚ ਜਿੰਨੀ ਦੇਰ ਮਰਜ਼ੀ ਝਾਕੀ ਜਾਓ।

ਕਿਸੇ ਮੁਟਿਆਰ ਨੂੰ ਪੱਟ 'ਤੇ ਚਾਦਰ ਵਿਛਾਈ ਸੂਈ ਨਾਲ ਰੰਗ-ਬਰੰਗੀਆਂ ਫੁੱਲ-ਚਿੜੀਆਂ ਕੱਢਦੀ ਨੂੰ ਵੇਖਦੀ ਹੈ ਤਾਂ ਲੀਲਾ ਨੂੰ ਉਸ ਦੀਆਂ ਅੱਖਾਂ ਵਿੱਚ ਤੈਰ ਰਹੇ ਸੁਪਨਿਆਂ ਦੀ ਮਹਿਕ ਆਉਂਦੀ ਹੈ ਪਰ ਅਗਲੇ ਪਲ ਤੌਖਲੇ ਦੀ ਗੰਧ ਉਹ ਉਸ ਮਹਿਕ ਨੂੰ ਭਸਮ ਕਰ ਦਿੰਦੀ ਹੈ। ਜਿਨ੍ਹਾਂ ਖ਼ਾਤਰ ਏਨੀਆਂ ਰੀਝਾਂ ਲਾਉਨੀ ਐ... ਚੰਦਰੀਏ ਖਵਰੈ ਅਗਲਿਆਂ ਦੇ ਨਖ਼ਰੇ ਹੇਠ ਆਉਣੀਆਂ ਵੀ ਐ ਕਿ ਨਾ ਪਲੰਘਾਂ 'ਤੇ ਵਿਛਾਉਣੀਆਂ ਵੀ ਮਿਲਣੀਆਂ ਕਿ ਸੰਦੂਕਾਂ 'ਚ ਪਈਆਂ ਈ ਸਿਉਂਕ ਨੇ ਖਾ ਜਾਣੈ।'

ਲੀਲਾ ਨੂੰ ਆਪਣੀ ਉਮਰ ਦਾ ਉਹ ਟੋਟਾ ਯਾਦ ਆਉਂਦਾ ਹੈ, ਜਿਸ ਟੋਟੇ ਵਿੱਚ ਉਸਨੇ ਵੀ ਸੁਪਨੇ ਸੰਜੋਏ ਸਨ। ਕੁਆਰੇ ਦਿਨਾਂ ਦਾ ਵੀ ਆਪਣਾ ਹੀ ਨਸ਼ਾ ਹੁੰਦਾ ਹੈ। ਪੰਜ ਜਮਾਤਾਂ ਪੜ੍ਹਾ ਕੇ ਘਰਦਿਆਂ ਨੇ ਸਕੂਲੋਂ ਹਟਾ ਲਈ ਸੀ। ਉਹਨਾਂ ਦਿਨਾਂ ਵਿੱਚ ਕੌਣ ਪੜ੍ਹਾਉਂਦਾ ਸੀ ਕੁੜੀਆਂ ਨੂੰ? ਜੰਮਦੀਆਂ ਮਗਰੋਂ ਤੇ ਵਿਆਹਾਂ ਦੇ ਸੰਸੇ ਪਹਿਲਾ....।

ਉਹ ਦਿਨ ਵੀ ਕਿਹੋ ਜਿਹੇ ਸਨ? ਹਰ ਵੇਲੇ ਸ਼ਹਿਦ ਦੀਆਂ ਮੱਖੀਆਂ ਵਾਂਗ ਕੁੱਝ ਨਾ ਕੁੱਝ ਕਰਦੇ ਰਹਿਣਾ...। ਕਿੰਨੀਆਂ ਸਾਰੀਆਂ ਹਮ-ਉਮਰ ਸਹੇਲੀਆਂ, ਚਾਦਰਾਂ ਕੱਢਣ ਲੱਗਦੀ ਤਾਂ ਚਾਦਰਾਂ 'ਤੇ ਹੀ ਦੁਨੀਆਂ ਭਰ ਦੇ ਨਮੂਨੇ ਉਤਾਰ ਲੈਂਦੀ। ਜਿੱਥੋਂ ਵੀ ਕਿਤੋਂ ਕਢਾਈ ਦਾ ਨਵਾਂ ਨਮੂਨਾ ਮਿਲਦਾ, ਲਾਹ ਲਿਆਉਂਦੀ। ਦਰੀਆਂ ਦੀ ਵਾਰੀ ... ਦਰੀਆਂ ਦੇ ਨਮੂਨਿਆਂ ਦੇ ਢੇਰ। ਕਰੋਸ਼ੀਏ ਦੀਆਂ ਬੁਣਤੀਆਂ, ਸੂਤ ਰੰਗ ਰੰਗ ਕੇ ਮੰਜਿਆਂ, ਪੀੜ੍ਹੀਆਂ ਨੂੰ ਵੱਖੋ-ਵੱਖ ਭਾਂਤ ਨਾਲ ਬੁਣਨਾ, ਸਿਆਲ ਆਉਂਦੇ ਤਾਂ ਸਵੈਟਰ, ਜੁਰਾਬਾਂ, ਕੋਟੀਆਂ, ਤੇ ਦਸਤਾਨੇ... ਵੱਖੋ ਵੱਖ ਪਸ਼ਮਾਂ ਤੇ ਵੱਖ ਵੱਖ ਬੁਣਤੀਆਂ... ਗਰਮ ਸ਼ਾਲਾਂ 'ਤੇ ਕਸ਼ਮੀਰੀ ਕਢਾਈ ਕਰਨੀ।

ਤੇ ਫਿਰ ਗਲੀਚੇ ..? ਤੌਬਾ-ਤੌਬਾ.... ਕਿੰਨੀ ਮਗ਼ਜ਼ ਖਪਾਈ।

ਬੋਰੀਆਂ ਨੂੰ ਉਧੇੜ ਕੇ ਕੱਲਾ-ਕੱਲਾ ਸੇਬਾ ਕੱਢਣਾ, ਉਹਨਾਂ ਨੂੰ ਰੰਗਣਾ ਤੇ ਫਿਰ ਗਲੀਚੇ ਬੁਣਨੇ।

ਲੀਲਾ ਨੂੰ ਯਾਦ ਆਉਂਦਾ ਹੈ ਕਿਵੇਂ ਬੁਣਦਿਆਂ ਬੁਣਦਿਆਂ ਅੱਡੇ, ਤੇ ਬੈਠੀ ਦੀਆਂ ਲੱਤਾਂ ਸੌਂ ਜਾਂਦੀਆਂ।

ਪਰ ਇਕ ਲਗਨ ਸੀ। ਅੱਡੇ 'ਤੇ ਬੈਠਿਆਂ ਹੀ ਚਾਹ ਪੀ ਲੈਣੀ ... ਅੱਡੇ 'ਤੇ ਬੈਠਿਆਂ ਹੀ ਰੋਟੀ ਖਾ ਲੈਣੀ। ਪਿੱਛੇ ਬਣਦੇ ਆ ਰਹੇ ਗਲੀਚੇ ਦੇ ਕੂਲੇਪਣ ਨੂੰ ਹੱਥਾਂ ਨਾਲ ਮਹਿਸੂਸ ਕਰਨਾ ਤੇ ਇਸ ਸਾਰੇ ਕੁਝ ਨੂੰ ਰੱਜ ਰੱਜ ਹੰਢਾਉਣ ਦੇ ਸੁਪਨਿਆਂ ਵਿੱਚ ਸਤਰੰਗੀ ਪੀਂਘ ਦੇ ਸਾਰੇ ਰੰਗਾਂ ਨੇ ਘੁਲ-ਘੁਲ ਜਾਣਾ ਪਰ ਇਹ ਸਾਰਾ ਕੁਝ ਛੇਤੀ ਹੀ ਸਤਰੰਗੀ ਪੀਂਘ ਵਾਂਗ ਕਿਧਰੇ ਛਾਈਂ-ਮਾਈਂ ਹੋ ਗਿਆ। ਅਸਲੀਅਤ ਦੀਆਂ ਤਿੱਖੀਆਂ ਨੁੱਕਰਾਂ ਨੇ ਸੁਪਨਿਆਂ ਦੇ ਕੋਮਲ ਪਿੰਡੇ ਨੂੰ ਝਰੀਟ ਸੁੱਟਿਆ।

ਵਿਆਹ ਤੋਂ ਬਾਅਦ ਦੇ ਉਹਨਾਂ ਦਿਨਾਂ ਦੀ ਯਾਦ ਲੀਲਾ ਦੇ ਮੂੰਹ ਦੇ ਸੁਆਦ ਨੂੰ ਕੁੜੱਤਣ ਨਾਲ ਭਰ ਜਾਂਦੀ ਹੈ।

ਸੱਸ ਦਾ ਉਸ ਉੱਤੇ ਦੂਸ਼ਨ ਸੀ ਕਿ ਉਹ ਦਾਜ ਥੋੜ੍ਹਾ ਲਿਆਈ ਸੀ। ਵੱਡਾ ਮੁੰਡਾ ਵਿਆਹਿਆ ਸੀ ਤਾਂ ਸਾਰਾ ਘਰ ਭਰ ਗਿਆ ਸੀ।

ਪਤੀ ਦੀਆਂ ਨਜ਼ਰਾਂ ਵਿੱਚ ਉਹ ਬਹੁਤੀ ਸੁਹਣੀ ਨਹੀਂ ਸੀ... ਕਿਉਂਕਿ ਉਸਦਾ ਰੰਗ ਗੋਰਾ ਨਹੀਂ ਸੀ।

ਲੀਲਾ ਨੂੰ ਉਸ ਘਰ ਵਿੱਚ ਬਿਤਾਈ ਉਮਰ ਦਾ ਇਕ ਸਾਲ ਸਿਰਫ਼ ਇਕ ਸਾਲ, ਇੰਜ ਲਗਦਾ ਹੈ ਜਿਵੇਂ ਕਿਸੇ ਅਪਰਾਧੀ ਨੂੰ ਇਕ ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜਾ ਹੋਈ ਹੋਵੇ।

ਉਹ ਸੋਚਦੀ ਹੈ ਜੇ ਉਸ ਦੀ ਜ਼ਿੰਦਗੀ ਵਿਚ ਸਿਰਫ਼ ਉਹ ਇਕ ਸਾਲ ਨਾ ਆਉਂਦਾ ਤਾਂ ਉਸ ਦੀ ਜ਼ਿੰਦਗੀ ਹੋਰ ਦੀ ਹੋਰ ਹੁੰਦੀ।

ਕਿੰਨਿਆਂ ਚਾਵਾਂ ਤੇ ਮਲਾਰਾਂ ਨਾਲ ਉਸ ਜ਼ਿੰਦਗੀ ਨੂੰ ਉਡੀਕਦੀ ਰਹੀ ਸੀ ਪਰ ਉਹ ਦਿਨ ਉਸ ਨੂੰ ਕਿਸ ਤਰ੍ਹਾਂ ਆਣ ਕੇ ਮਿਲੇ।

ਜ਼ਿੰਦਗੀ ਨੇ ਉਸ ਨਾਲ ਕਿੰਨਾ ਵੱਡਾ ਮਜ਼ਾਕ ਕੀਤਾ ਸੀ, ਕਿੰਨੀ ਵੱਡੀ ਠੱਗੀ ਉਸ ਦੀ ਜ਼ਿੰਦਗੀ ਵਿੱਚ ਚੌਵੀ ਘੰਟੇ ਦਾ ਤ੍ਰਿਸਕਾਰ ਸੀ... ਮਿਹਣੇ ਸਨ... ਤਾਹਨੇ ਸਨ... ਝਿੜਕਾਂ ਸਨ ਤੇ ਜਾਂ ਕਦੀ ਨਾਲ ਮੁੱਕਣ ਵਾਲਾ ਘਰ ਦਾ ਕੰਮ ਸੀ।

ਤੜਕੇ ਚਾਰ ਪੰਜ ਵਜੇ ਉੱਠਦੀ, ਸਾਰੀ ਦਿਹਾੜੀ ਗੋਲੀਆਂ ਵਾਂਗ ਇਕ ਕੰਮ ਆਰੰਭਦੀ ਤੇ ਉਸ ਨੂੰ ਮੁੱਕਣ ਤੋਂ

ਪਹਿਲਾਂ ਦੂਜਾ ਤਿਆਰ .... ਤੇ ਸਾਰੀ ਦਿਹਾੜੀ ਵਿੱਚ ਜੇ ਕਿਤੇ ਇਕ ਪਲ ਆਰਾਮ ਕਰਨ ਬੈਠ ਜਾਂਦੀ ਤਾਂ ਗ਼ੁਲੇਲੇ ਵਾਂਗ ਕੋਈ ਨਾ ਕੋਈ ਬਲਦਾ-ਬਲਦਾ ਵਾਕ ਉਸਦੀ ਛਾਤੀ ਦੇ ਆਰ-ਪਾਰ ਹੋ ਜਾਂਦਾ ਤੇ ਉਹ ਸੋਚਦੀ ਉੱਠ ਮਨਾਂ! ਇਹ ਸ਼ਲੋਕ ਸੁਣਨ ਨਾਲੋਂ ਤਾਂ ਕੰਮ ਕਰੀ ਜਾਨਾ ਹੀ ਸੁਖ਼ਾਲਾ ਹੈ। ਰਾਤ ਨੂੰ ਜਦੋਂ ਉਹ ਮੰਜੇ 'ਤੇ ਡਿੱਗਦੀ ਤਾਂ ਉਸਨੂੰ ਸਮਝ ਨਾ ਪੈਂਦੀ ਕਿਹੜਾ ਅੰਗ ਦੂਜੇ ਨਾਲੋਂ ਵਧੇਰੇ ਦੁਖਦਾ ਹੈ।

ਟਸ..ਟਸ..ਟਸ ਚੀਸਾਂ ਸਰੀਰਕ ਵੀ ਤੇ ਮਾਨਸਿਕ ਵੀ। ਭਲ ਛਿਣ ਦਾ ਸਰੀਰਕ ਸੁੱਖ ਵੀ ਜੇ ਕਦੇ ਮਿਲਿਆ ਤਾਂ ਉਸ ਵਿਚ ਵੀ ਮਰਦ ਦੀ ਆਪਣੀ ਖੁਦਗਰਜ਼ੀ ਵਧੇਰੇ ਤੇ ਉਹ ਉਸਦੀ ਹਵਸ ਦੀ ਪੂਰਤੀ ਦਾ ਸਾਧਨ ਮਾਤਰ ਹੀ ਸੀ ਉਹ। ਅਗਲੀ ਸਵੇਰ ਉਠਦੀ ਤਾਂ ਕੋਹਲੂ ਦੇ ਬਲਦ ਵਾਂਗ ਉਹੀ ਨੀਰਸ ਚੱਕਰ..

ਲੀਲਾ ਨੂੰ ਇਸ ਖਿਆਲ ਨਾਲ ਕਦੀ ਕਦੀ ਹਾਸਾ ਵੀ ਆਉਂਦਾ ਹੈ ਕਿ ਉਮਰ ਦੇ ਉਸ ਟੋਟੇ ਵਿੱਚ ਕਿੰਨਾ ਸਮਾਂ ਤਾਂ ਭਾਂਡੇ ਮਾਂਜਣ ਵਿੱਚ ਹੀ ਬਤੀਤ ਹੋ ਗਿਆ ਸੀ।

ਕਿੰਨਾ ਵੱਡਾ ਸਾਂਝਾ ਪਰਿਵਾਰ ਸੀ ਤੇ ਦਿਨ ਵਿਚ ਚਾਰ ਵਾਰ ਜੂਠੇ ਭਾਂਡਿਆਂ ਦਾ ਇਕ ਢੇਰ ਮਾਜਣ ਲਈ ਉਸਦੇ ਸਾਹਮਣੇ ਹੁੰਦਾ। ਜੇ ਕਿਤੇ ਕਿਸੇ ਕੌਲੀ, ਗਿਲਾਸ, ਪਤੀਲੇ ਦੇ ਖੂੰਜੇ ਨਾਲ ਸੁਆਹ ਲੱਗੀ ਰਹਿ ਗਈ ਤਾਂ .... ਨੀ ਗਏ ਖਲਣੇ ਆਲਿਆਂ ਦੀਏ ! ਇਹਨਾਂ 'ਚ ਪਸ਼ੂਆਂ ਨੇ ਤਾਂ 'ਨੀ ਖਾਣਾ ... ਡੇਲੇ ਰੱਬ ਨੇ ਦਿੱਤੇ ਐ ਕਿ ਨਾ ?

ਫਿਰ ਦੁਬਾਰਾ ਉਹਨਾਂ ਭਾਂਡਿਆਂ ਨੂੰ ਮਾਂਜਣਾ ਤੇ ਫਿਰ ..... ਇਨ੍ਹਾਂ ਚਾਰ ਭਾਂਡਿਆਂ 'ਤੇ ਹੀ ਦਿਹਾੜੀ ਗਾਲ 'ਤੀ ਹੋਰ ਤਾਂ ਕੋਈ ਕੰਮ 'ਨੀ ਹੋਣਾ ? ਕਿੱਥੋ ਧਰੀ ਪਈ ਸੀ ਸਾਡੇ ਕਰਮਾਂ 'ਚ ਜਿੱਲ੍ਹੀ ਭੇਡ ਜਿਹੀ।

ਭਾਂਡੇ ਮਾਂਜਦਿਆਂ ਮਾਂਜਦਿਆਂ ਉਸ ਦੇ ਹੱਥਾਂ ਦੀਆਂ ਅਸਲੀ ਲਕੀਰਾਂ ਨਵੀਆਂ ਦੇ ਹੇਠਾਂ ਕਿਧਰੇ ਗੁਆਚ ਗਈਆਂ ਸਨ। ਸਹੁਰਿਆਂ ਨੇ ਸ਼ਾਇਦ ਉਸ ਦੇ ਹੱਥਾਂ 'ਤੇ ਨਵੀਂ ਕਿਸਮਤ ਦੀਆਂ ਲਕੀਰਾਂ ਉਲੀਕ ਦਿੱਤੀਆਂ ਸਨ।

ਲੀਲਾ ਨੂੰ ਯਾਦ ਹੈ ਇਕ ਵਾਰ ਇਹਨਾਂ ਦਿਨਾਂ ਵਿਚ ਹੀ ਜਦ ਉਹ ਪੇਕੀ ਆਈ ਸੀ ਤਾਂ ਹੱਥਾਂ 'ਤੇ ਐਵੇਂ ਹੀ ਹਰ ਵੇਲੇ ਮਹਿੰਦੀ ਲਾਈ ਰੱਖਦੀ ਅਤੇ ਉਹਦੀ ਮਾਂ ਇਹਨਾਂ ਹੱਥਾਂ ਨੂੰ ਵੇਖ-ਵੇਖ ਝੂਰੇ।

ਮੁਸ਼ੱਕਤ ਉਸ ਨੇ ਭਾਵੇਂ ਪੇਕੇ ਘਰ ਵੀ ਘੱਟ ਨਹੀਂ ਕੀਤੀ ਸੀ, ਪਰ ਉਸ ਮੁਸ਼ੱਕਤ ਦੀ ਕਦਰ ਸੀ। ਉਸ ਮਿਹਨਤ ਲਈ ਉਹ ਸਚਿਆਰੀ ਕਹਾਉਂਦੀ ਸੀ। ਪਰ ਹੁਣ ਵਾਲੀ ਮੁਸ਼ੱਕਤ ਵਗਾਰ ਵਾਂਗ ਸੀ।

ਕਿਹੋ ਜਿਹੀ ਧਰਤੀ ... ਕਿਹੋ ਜਿਹਾ ਚੰਦਰਾ ਵਕਤ, ਜਿੱਥੇ ਬੰਦੇ ਦੇ ਗੁਣਾਂ ਨਾਲੋਂ ਚਮੜੀ ਦੇ ਰੰਗ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ ਤੇ ਜਿਊਂਦੀ ਜਾਗਦੀ ਰੂਹ ਨੂੰ ਉਸ ਸਮਾਨ ਨਾਲ ਤੋਲਿਆਂ ਜਾਂਦਾ ਹੈ ਜਿਸ ਨੂੰ ਇਹਨਾਂ 'ਦਾਜ' ਦੀ ਪਰਿਭਾਸ਼ਾ ਦਿੱਤੀ ਹੋਈ ਹੈ। ਜਿੱਥੇ ਤੀਵੀਂ ਦੀ ਵੱਧ ਤੋਂ ਵੱਧ ਅਣਗਹਿਲੀ, ਵੱਧ ਤੋਂ ਵੱਧ ਤ੍ਰਿਸਕਾਰ ਕਰਨ ਵਾਲਾ ਆਦਮੀ ਅਸਲੀ ਮਰਦ ਕਹਾਉਂਦਾ ਹੈ।

ਹਰਿੰਦਰ ਭੈਣ ਜੀ ਕੋਲੋਂ ਲੈ ਕੇ ਇਕ ਕਿਤਾਬ ਪੜ੍ਹੀ ਸੀ। ਲੀਲਾ ਨੂੰ ਉਸ ਵਿਚਲੀਆਂ ਇਹ ਸਤਰਾਂ ਕਦੀ ਨਹੀਂ ਭੁੱਲਦੀਆਂ:

ਕਿਹੜੇ ਦੇਸ਼ ਦਿੱਤੀ ਧੀ ਬਾਬਲਾ ਵੇ  
ਜਿੱਥੇ ਧੀਆਂ ਦੇ ਦੁੱਖਾਂ ਦੀ ਸਾਰ ਕੋਈ ਨਾ।  
ਪਿੰਡੇ ਵੇਚਣੇ ਤੇ ਪਿੰਡੇ ਮੁੱਲ ਲੈਣੇ  
ਹੱਡ ਮਾਸ ਤੋਂ ਬਿਨਾਂ ਵਪਾਰ ਕੋਈ ਨਾ ...।  
ਜਿਹੜੇ ਦੇਸ ਦੇ ਚੰਦਰੇ ਸੂਰਜਾਂ ਦਾ  
ਧੁੱਪ ਆਪਣੀ ਨਾਲ ਹੀ ਪਿਆਰ ਕੋਈ ਨਾ।

ਬਾਅਦ ਦੀ ਜ਼ਿੰਦਗੀ ਵਿੱਚ ਜੋ ਅਧਿਆਇ ਸ਼ੁਰੂ ਹੋਇਆ, ਲੀਲਾ ਨੇ ਕਿੰਨੀ ਵਾਰ ਚਾਹਿਆ ਹੈ ਕਿ ਉਹ ਉਸ ਨੂੰ ਕਦੀ ਯਾਦ ਨਾ ਆਵੇ ਪਰ ਉਹ ਕਾਂਡ ਉਸ ਨੂੰ ਕਦੀ ਵੀ ਭੁੱਲਿਆ ਨਹੀਂ।

ਹਾਰੇ ਧਰੀ ਕਾੜ੍ਹਨੀ ਵਾਂਗ ਹਰ ਵਕਤ ਰਿੱਝਦੇ ਰਹਿਣਾ, ਆਪਣੇ ਵੀ ਕੰਢੇ ਸਾੜੀ ਜਾਣਾ, ਪਰ ਕਦੀ ਵੀ ਕੰਢਿਆਂ ਤੋਂ ਬਾਹਰ ਨਾ ਨਿਕਲਣਾ....

ਤੇ ਪਤਾ ਨਹੀਂ ਕਦ ਮੱਠਾ ਮੱਠਾ ਤਾਪ ਉਸ ਦੇ ਹੱਡਾਂ ਵਿੱਚ ਲਹਿ ਗਿਆ, ਛਾਤੀ ਵਿੱਚ ਸਾਹ ਘੁੱਟਿਆ ਘੁੱਟਿਆ ਰਹਿਣ ਲੱਗਾ, ਹਰ ਵੇਲੇ ਮੱਧਮ ਜਿਹੀ ਖਊਂ-ਖਊਂ...।

ਹਸਪਤਾਲਾਂ ਵਿੱਚ ਗੇੜੇ ਵਧਣ ਲੱਗੇ।

ਤੇ ਫਿਰ ਪਤਾ ਨਹੀਂ ਕਿਸ ਡਾਕਟਰ ਨੇ 'ਟੀ.ਬੀ.' ਦਾ ਗੋਲਾ ਹਵਾ ਵਿਚ ਦਾਗ਼ ਦਿੱਤਾ।

ਹੱਡਾਂ ਵਿੱਚ ਤਾਪ ਲਈ ਇਕ ਬੱਚੇ ਨੂੰ ਜਨਮ ਦਿੱਤਾ ਪਰ ਕਦੀ ਵੀ ਉਸ ਨੂੰ ਨਾ ਦੁੱਧ ਚੁੰਘਾਉਣ ਦਾ , ਨਾ ਛਾਤੀ ਨਾਲ ਲਾਉਣ ਦਾ ਹੁਕਮ ਹੋਇਆ।

ਤੇ ਇਸ ਤੋਂ ਬਾਅਦ ਵਿਆਹੁਤਾ ਜ਼ਿੰਦਗੀ ਦਾ ਕਾਂਡ ਖ਼ਤਮ ਹੋ ਗਿਆ। ਟੁੱਟੇ ਕੁੱਜੇ ਨੂੰ ਜਿਵੇਂ ਕੂੜੇ ਦੇ ਢੇਰ ’ਤੇ ਸੁੱਟ ਆਈਦਾ ਹੈ, ਸਹੁਰਿਆਂ ਉਸਨੂੰ ਇੰਜ ਹੀ ਸੁੱਟ ਦਿੱਤਾ। ਬੱਚਾ ਉਹਨਾਂ ਰੱਖ ਲਿਆ ਤੇ ਹਸਪਤਾਲ ਵਿੱਚ ਪਈ ਨੂੰ ਹੀ ਉਸ ਦਾ ਭਰਾ ਆਪਣੇ ਸ਼ਹਿਰ ਚੁੱਕ ਲਿਆਇਆ।

ਫਿਰ ਹਸਪਤਾਲਾਂ ਤੇ ਸੈਨੀਟੋਰੀਅਮ ਦਾ ਇਕ ਲੰਬਾ ਸਿਲਸਿਲਾ ਟਾਂਡਾ, ਕਸੌਲੀ, ਜੁਬੜ, ਕਾਂਗੜਾ .... ਕਿੰਨੇ ਹੀ ਪਹਾੜੀ ਸੈਨੀਟੋਰੀਅਰਮ... ਹਸਪਤਾਲਾਂ ਦੇ ਕਮਰਿਆਂ ਦੀਆਂ ਸਫ਼ੈਦ ਦੀਵਾਰਾਂ ਵੰਨੀ ਘੰਟਿਆਂ ਬੱਧੀ ਟਿਕ ਟਿਕੀ ਲਾਈ ਵੇਖੀ ਜਾਣਾ ...। ਛਾਤੀਆਂ ਜੇ ਕਦੀ ਦੁੱਧ ਨਾਲ ਭਾਰੀਆਂ ਹੋਈਆਂ ਤਾਂ ਨਿੱਕੀ ਜਿਹੀ ਜਿੰਦ ਲਈ ਮਮਤਾ ਆਂਦਰਾਂ ਵਿਚ ਕੁੜੱਲਾ ਪਾ-ਪਾ ਜਾਂਦੀ।

ਤੇ ਪਤਾ ਨਹੀਂ ਕਿਹੜੇ ਹਸਪਤਾਲ ਦਾ ਕਿਹੜਾ ਵਾਰਡ ਸੀ ਤੇ ਕਿਹੜਾ ਬਿਸਤਰ ਜਿੱਥੇ ਪਈ ਨੂੰ ਪਤੀ ਦੇ ਦੂਸਰੇ ਵਿਆਹ ਦੀ ਖ਼ਬਰ ਮਿਲੀ ਸੀ।

ਤੇ ਫਿਰ ਪਤਾ ਨਹੀਂ ਕਦ ਉਹ ਆਪਣੀ ਨਵੀਂ ਪਤਨੀ ਨਾਲ ਅਛੋਪਲੇ ਜਿਹੇ ਗੈਰ ਮੁਲਕ ਨੂੰ ਜਹਾਜ਼ ਚੜ੍ਹ ਗਿਆ ਸੀ।

ਹਸਪਤਾਲਾਂ ਦੇ ਇਸ ਲੰਮੇ ਚੱਕਰ ਤੋਂ ਖਹਿੜਾ ਛੁੱਟਿਆ ਤਾਂ ਉਮਰ ਦੇ ਪਰਛਾਵੇਂ ਢਲਣ ਲੱਗ ਪਏ ਸਨ।

ਘਰ ਪਰਤੀ ਤਾਂ ਬਾਬਲ ਅਗਲੇ ਜਹਾਨ ਟੁਰ ਗਿਆ ਸੀ।

ਮਾਂ ਦੀਆਂ ਅੱਖਾਂ ਦੀ ਜੋਤ ਦੁੱਖਾਂ ਦੇ ਹਨੇਰੇ ਅੱਗੇ ਹਰ ਗਈ ਸੀ।

ਉਸ ਨੂੰ ਬਾਬਲ ਦਾ ਘਰ ਭਾਂ-ਭਾਂ ਕਰਦਾ ਜਾਪਿਆ... ਰੌਣਕਾਂ ਉਸਦੇ ਨਾਲ ਹੀ ਖੰਭ ਲਾ ਕੇ ਉੱਡ ਗਈਆਂ ਸਨ। ਵੀਰੇ ਦਾ ਘਰ ਬਿਮਾਰੀ ਦੇ ਖ਼ਰਚ ਨੇ ਕੁਲੰਜ ਛੱਡਿਆ ਸੀ।

ਹੁਣ ਅੰਨ੍ਹੀ ਮਾਂ ਸੀ ਤੇ ਲੀਲਾ ਸੀ। ਦੋ ਮੰਜੀਆਂ ਇਕ ਛੋਟੇ ਜਿਹੇ ਕਮਰੇ ਵਿਚ ਪਈਆਂ ਰਹਿੰਦੀਆਂ। ਕੰਮ ਕਰਨ ਤੇ ਬਿਸਤਰੇ ਤੋਂ ਵਧੇਰੇ ਉੱਠਣ ਦੀ ਹਾਲੀਂ ਵੀ ਮਨਾਹੀ ਸੀ।

ਬੱਚੇ ਅਤੇ ਘਰ ਦੇ ਹੋਰ ਜੀਅ ਉਸ ਕਮਰੇ ਵਿਚ ਵਧੇਰੇ ਨਹੀਂ ਆਉਂਦੇ ਸਨ।

ਇਹ ਜੀਵਨ ਵੀ ਇਕ ਕੈਦੀ ਵਾਂਗ ਹੀ ਸੀ ਭਾਵੇਂ ਬਾ-ਮੁਸ਼ੱਕਤ ਨਹੀਂ ਸੀ।

ਫਿਰ ਲੀਲਾ ਨੇ ਇੱਕ ਫ਼ੈਸਲਾ ਲੈ ਕੇ ਆਪਣੇ ਹੱਡਾਂ ਵਿਚ ਜੰਮੀ ਹੋਈ ਬਚੀ ਖੁਚੀ ਤਾਕਤ ਨੂੰ ਇਕੱਠਿਆਂ ਕੀਤਾ ਤੇ ਵੀਰੇ ’ਤੇ ਹੋਰ ਭਾਰ ਬਣੀ ਰਹਿਣ ਤੋਂ ਇਨਕਾਰ ਕਰ ਦਿੱਤਾ।

ਹਸਪਤਾਲਾਂ ’ਚ ਨਿਕਲੀ ਤੇ ਹਸਪਤਾਲਾਂ ਵਿਚ ਹੀ ਮੁੜ ਜਾ ਵਸੀ... ਫ਼ਰਕ ਏਨਾ ਸੀ ਕਿ ਪਹਿਲਾ ਖ਼ੁਦ ਮਰੀਜ਼ ਸੀ ਤੇ ਹੁਣ ਮਰੀਜ਼ਾਂ ਦੀ ਨਰਸ।

ਫ਼ਰਜ਼ ਏਨਾ ਪਵਿੱਤਰ ਪਰ... ਫਿਰ ਵੀ ਚਿੱਕੜ ਬਥੇਰਾ। ਲੋਕਾਂ ਦੇ ਮੂੰਹਾਂ ’ਤੇ ਹਜ਼ਾਰ ਗੱਲਾਂ, ਸਭ ਨੂੰ ਇੱਕੋ ਰੱਸੇ ਫਾਹੇ ਦੇਣ ਦੀਆਂ ਗੱਲਾਂ।

ਪਰ ਹੁਣ ਉਹ ਲੋਕ ਕੀ ਕਹਿਣਗੇ? ਦੇ ਦਾਇਰੇ ’ਚੋਂ ਨਿਕਲ ਆਈ ਸੀ।

ਇਹਨਾਂ ਲੋਕਾਂ ਨੇ ਅੱਗੇ ਮੇਰਾ ਕੀ ਸੁਆਰ ਦਿੱਤਾ ? ਲੀਲਾ ਸੋਚਦੀ ਹੈ।

ਦਾਮਨ ਬੋਚ-ਬੋਚ ਕੇ ਪੈਰ ਧਰਦੀ ਜ਼ਿੰਦਗੀ ਹੌਲੀ-ਹੌਲੀ ਸਰਕਦੀ ਰਹੀ ਜਿਵੇਂ ਕੋਈ ਉਦਾਸ ਧੁਨ ਵੱਜ ਰਹੀ ਹੋਵੇ।

“ਕੁੜੇ ਭੈਣ ਜੀ!” ਗੋਡੇ-ਗੋਡੇ ਦਿਨ ਚੜ੍ਹ ਆਇਆ। ਉੱਠਣਾ ਨਹੀਂ ਅੱਜ ? ਦੁੱਧ ਦੇਣ ਆਈ ਸਵਿੱਤਰੀ ਹੱਟੀ ਵਾਲੀ ਦੀ ਆਵਾਜ਼ ’ਤੇ ਲੀਲਾ ਨੂੰ ਉੱਠਣਾ ਪੈਂਦਾ ਹੈ।

ਉੱਠ ਮਨਾ ! ਜੋ ਬੀਤ ਗਿਆ ਸੋ ਬੀਤ ਗਿਆ ... ਹੁਣ ਮਰਿਆ ਤਾਂ ਨਹੀਂ ਜਾਂਦਾ ....

ਨਾਲੇ ਹਸਪਤਾਲ, ਚੱਲ ਕੇ ਕੋਈ ਦਵਾਈ-ਦਵੂਈ ਲਵਾਂਗੇ

ਜਦੋਂ ਉਹ ਹਸਪਤਾਲ ਵਾਲੀ ਸੜਕ ਦਾ ਮੋੜ ਮੁੜੀ ਤਾਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਦੀ ਲਿਸ਼ਕੋਰ ਨੇ ਉਸ ਦੀਆਂ ਅੱਖਾਂ ਚੁੰਧਿਆਂ ਦਿੱਤੀਆਂ।

ਪੱਟੀਆਂ ਵਾਲੇ ਕਮਰੇ ਦੇ ਦਰਵਾਜ਼ੇ ਕੋਲ ਪੱਟੀਆਂ ਕਰਾਉਣ ਆਏ ਮਰੀਜ਼ਾ ਦੀ ਕਤਾਰ ਵੇਖ ਕੇ ਲੀਲਾ ਨੂੰ ਜਾਪਿਆ ਕਿ ਉਹ ਇਸ ਦੁਨੀਆ ਵਿੱਚ ਫ਼ਾਲਤੂ ਵਸਤੂ ਨਹੀਂ ਹੈ ਤੇ ਉਸ ਨੂੰ ਲੱਗਾ ਜਿਵੇਂ ਉਸ ਦਾ ਅੱਧਾ ਕੁ ਤਾਪ ਤਾਂ ਲੱਥ ਗਿਆ ਹੋਵੇ।

ਗਲੀ ਨੰਬਰ 3, ਕੋਰਟ ਰੋਡ,
ਮਾਨਸਾ, (ਪੰਜਾਬ)-151505
94172-87399

# ਟੈਲੀਵਿਜ਼ਨ

ਸੁਰਿੰਦਰ ਸ਼ਰਮਾ ਨਾਗਰਾ



ਇਸ ਵਾਰ ਵੋਟਾਂ ਦਾ ਬੜਾ ਰੌਲਾ-ਗੌਲਾ ਸੀ। ਲੀਡਰਾਂ ਨੂੰ ਵੋਟਾਂ ਮਸਾਂ ਉਡੀਕਦਿਆਂ ਨੂੰ ਆਈਆਂ ਸਨ। ਮਿੰਦੋ ਨੇ ਵੀ ਇਸ ਵਾਰ ਪੱਕਾ ਮਨ ਬਣਾਇਆ ਹੋਇਆ ਸੀ ਕਿ ਵੋਟਾਂ ਮੰਗਣ ਵਾਲਿਆਂ ਨੂੰ ਬਿਲਕੁਲ ਮੂੰਹ ਨਹੀਂ ਲਾਉਣਾ। ਪਿਛਲੀ ਵਾਰ ਬਾਲਟੀ ਚੋਣ ਨਿਸ਼ਾਨ ਵਾਲੇ ਨਾਲ ਬਹੁਤ ਕੁੱਤੇ-ਖਾਣੀ ਕੀਤੀ ਸੀ। ਸੁੱਖ ਨਾਲ ਸਾਡੀਆਂ ਪੰਜ ਵੋਟਾਂ ਇੱਕ ਮੈਂ ਤੇ ਮੇਰਾ ਘਰਵਾਲਾ ਭੰਤਾ, ਦੋ ਵੱਡੇ ਮੁੰਡੇ ਜਿਹੜੇ ਸਰਪੰਚਾਂ ਨਾਲ ਕਾਮੇ ਰਲੇ ਹੋਏ ਸਨ ਤੇ ਪੰਜਵੀਂ ਵੋਟ ਮੇਰੀ ਸੱਸ ਨਰੈਣੀ ਦੀ। ਮੇਰੇ ਦੂਸਰੇ ਦੋ ਜੁਆਕ ਅਜੇ ਛੋਟੇ ਸਨ, ਉਨ੍ਹਾਂ ਦੀ ਵੋਟ ਬਣੀ ਨਹੀਂ ਸੀ। ਉਮੀਦਵਾਰ ਉੱਲਰ-ਉੱਲਰ ਜਾਣ ਕਿ ਜੋ ਮਰਜ਼ੀ ਸੇਵਾ ਦੱਸੋ ਪਰ ਪੰਜੇ ਵੋਟਾਂ ਸਾਨੂੰ ਪਾ ਦਿਓ। ਮੈਨੂੰ ਬੜੀ ਉੱਭੜਚਿੱਤੀ ਲੱਗੀ। ਅੱਗੇ ਨਾ ਪਿੱਛੇ ਐਂ ਕਦੇ ਨਹੀਂ ਹੋਇਆ। ਜਿਹਨੂੰ ਸਾਡੇ ਮੈਂਬਰ ਨੇ ਕਹਿ ਦਿੱਤਾ ਅਸੀਂ ਵੋਟ ਪਾ ਦਿੱਤੀ। ਪਰ ਇਸ ਵਾਰ ਤਾਂ ਮੈਂਬਰ ਵੀ ਕਹਿਣ ਲੱਗਿਆ ਕਿ ਕੋਈ ਗੱਲ ਨਹੀਂ, ਚੰਗੇ-ਚੰਗੇ ਘਰਾਂ ਵਾਲਿਆਂ ਨੇ ਵੀ ਆਪਣੀਆਂ ਮਨਪਸੰਦ ਦੀਆਂ ਚੀਜ਼ਾਂ ਉਮੀਦਵਾਰਾਂ ਤੋਂ ਘਰੇ ਰਖਵਾ ਲਈਆਂ। ਮੈਨੂੰ ਕਹਿੰਦਾ ਤੁਸੀਂ ਵੀ ਘੌਲ ਨਾ ਕਰੋ। ਪਰ ਇਸ ਵਾਰ ਮੈਨੂੰ ਮੈਂਬਰ ਵੀ ਬਹੁਤ ਬੁਰਾ ਲੱਗਿਆ। ਸਾਨੂੰ ਸੁਣਦਿਆਂ ਨੂੰ ਲੱਜ ਮਾਰੀ ਜਾਵੇ। ਆਖ਼ਿਰ ਨੂੰ ਬਾਲਟੀ ਚੋਣ ਨਿਸ਼ਾਨ ਵਾਲੇ ਦੇ ਚੇਲੇ-ਚਾਂਟੇ ਮੱਲੋਮੱਲੀ ਟੈਲੀਵਿਜ਼ਨ ਸਾਡੇ ਘਰ ਰੱਖ ਗਏ। ਮੈਂ ਬੜੀ ਪ੍ਰੇਸ਼ਾਨੀ ਵਿੱਚ, ਗੱਲ ਸਮਝ ਨਾ ਆਵੇ, ਦਿਮਾਗ਼ ਵਿੱਚ ਤਰ੍ਹਾਂ-ਤਰ੍ਹਾਂ ਦੇ ਵਿਚਾਰ ਆਉਣ। ਘਰ ਆ ਕੇ ਭੰਤੇ ਨੇ ਮੈਨੂੰ ਬਹੁਤ ਲਾਹਨਤਾਂ ਪਾਈਆਂ ਪਰ ਹੁਣ ਕੀ ਹੋ ਸਕਦਾ ਸੀ। ਦੂਸਰੇ ਉਮੀਦਵਾਰ ਨੇ ਲੋਕਾਂ ਨੂੰ ਕੁੱਝ ਨਹੀਂ ਦਿੱਤਾ, ਕੇਵਲ ਗਲੀ ਪੱਕੀ ਕਰਕੇ ਨਰਕ ਕੱਢਣ ਦਾ ਵਾਅਦਾ ਕਰ ਕੇ ਚਲਾ ਗਿਆ।

ਵੋਟਾਂ ਦੇ ਪ੍ਰਚਾਰ ਦਾ ਆਖ਼ਰੀ ਦਿਨ ਸੀ। ਬਾਲਟੀ ਚੋਣ ਨਿਸ਼ਾਨ ਵਾਲੇ ਨੇ ਸੱਥ ਵਿੱਚ ਇਕੱਠ ਕਰ ਰੱਖਿਆ ਸੀ। ਮਿੰਦੋ ਦੇ ਦਿਮਾਗ਼ ਵਿੱਚ ਚੱਲ ਰਹੇ ਦਵੰਦ ਨੇ ਆਖ਼ਿਰ ਨਿਰਣਾ ਕਰ ਹੀ ਦਿੱਤਾ। ਮੈਂ ਅੱਜ ਸਾਡੇ ਗ਼ਰੀਬਾਂ ਉੱਪਰ ਵਿਕਾਊ ਮਾਲ ਦੇ ਲੱਗੇ ਦਾਗ਼ ਨੂੰ ਧੋਹ ਕੇ ਹੀ ਸਾਹ ਲਵਾਂਗੀ। ਐਨਾ ਸੋਚਦੀ ਨੇ ਆ ਦੇਖਿਆ ਨਾ ਤਾਅ ਟੈਲੀਵਿਜ਼ਨ ਨੂੰ ਮੈਲੇ ਜਿਹੇ ਖੇਸ ਵਿੱਚ ਲਪੇਟਿਆ ਤੇ ਇਕੱਠ ਵਿੱਚ ਜਾ ਕੇ ਖੜ੍ਹ ਗਈ। ਉਧਰੋਂ ਭੰਤਾ ਤੇ ਦੋਵੇਂ ਉਸ ਦੇ ਮੁੰਡੇ ਆ ਗਏ। ਧੁੱਸ ਦੇਣੇ ਸਟੇਜ ’ਤੇ ਚੜ੍ਹ ਗਈ ਤੇ ਟੈਲੀਵਿਜ਼ਨ ਮੇਜ਼ ’ਤੇ ਰੱਖ ਦਿੱਤਾ। ਉਮੀਦਵਾਰ ਤੋਂ ਮਾਈਕ ਖੋਹ ਕੇ ਭੜਕੀ ਹੋਈ ਸ਼ੇਰਨੀ ਵਾਂਗੂ ਗਰਜਣ ਲੱਗੀ, “ਸਾਡੇ ਸੰਵਿਧਾਨ ਨੇ ਸਾਨੂੰ ਸਾਫ਼ ਸੁਥਰੀ ਸਰਕਾਰ ਚੁਣਨ ਦਾ ਅਧਿਕਾਰ ਦਿੱਤਾ ਹੈ, ਪਰ ਲੀਡਰਾਂ ਨੇ ਸਾਨੂੰ ਵਿਕਾਊ ਮਾਲ ਸਮਝ ਰਖਿਐ, ਸਾਡੀ ਜ਼ਮੀਰ ਨੂੰ ਖ਼ਰੀਦਣ ਲਈ ਆਹ ਉਮੀਦਵਾਰ ਨੇ ਸਾਨੂੰ ਇਹ ਤੋਹਫ਼ਾ ਦਿੱਤਾ ਹੈ, ਮੈਂ ਵਾਪਸ ਕਰਨ ਆਈਂ ਹਾਂ, ਇਹ ਚੀਜ਼ਾਂ ਤਾਂ ਅਸੀਂ ਤਿੰਨੇ ਕਮਾਉਣ ਵਾਲੇ ਖ਼ੁਦ ਬਣਾ ਲਵਾਂਗੇ ਜਦੋਂ ਪਰੋਖੋਂ ਹੋਊ” ਐਨਾ ਕਹਿ ਕੇ ਟੈਲੀਵਿਜ਼ਨ ਉੱਤੋਂ ਖੇਸ ਲਾਹ ਦਿੱਤਾ।

ਮ.ਨੰ.313, ਵਾਰਡ ਨੰ.-6,ਦੌਲਾ ਰੋਡ,
ਧੂਰੀ, ਜ਼ਿਲ੍ਹਾ-ਸੰਗਰੂਰ (ਪੰਜਾਬ)-148024
98786-46595

**ਵਰਤਮਾਨ ਵਲੋਂ ਮੂੰਹ ਮੋੜ ਕੇ ਮਨੁੱਖ ਸਭ ਕੁਝ ਗੁਆ ਲੈਂਦਾ ਹੈ।**

**(ਸਿਸਰੋ)**

# ਪਾਪ ਛੁਪਦਾ ਨਹੀਂ

ਸਿੱਧੂ ਹਰਦੇਵ ਸਿੰਘ




ਪੁਰਾਣੇ ਸਮੇਂ ਵਿੱਚ ਇੱਕ ਡਾਕੂ ਦਾ ਸ਼ੌਕ ਸੀ, ਬੇਕਸੂਰ ਸਾਧਾਂ ਨੂੰ ਕਤਲ ਕਰ ਦੇਣਾ। ਜੰਗਲ ਵਿੱਚੋਂ ਇਕ ਸਾਧੂ ਉਸ ਦੇ ਅੜਿੱਕੇ ਆ ਗਿਆ। ਬੇਕਸੂਰ ਸਾਧ ਚੀਕਿਆ "ਓਏ ਬੁਰੇ ਮਾਨਸਾ ਮੇਰੇ ਕੋਲ ਕੋਈ ਕੀਮਤੀ ਚੀਜ਼ ਤੇ ਹੈ ਨਹੀਂ ਫਿਰ ਮੈਨੂੰ ਕਿਉਂ ਕਤਲ ਕਰਦਾ ਹੈ। ਫਿਰ ਮੇਰਾ ਤਾਂ ਕੋਈ ਗਵਾਹ ਵੀ ਨਹੀਂ ਜੋ ਰੱਬ ਕੋਲ ਮੇਰੀ ਬੇਕਸੂਰ ਦੀ ਗਵਾਹੀ ਦੇਵੇ। ਜਦ ਡਾਕੂ ਨੇ ਪੱਥਰ 'ਤੇ ਸੁੱਟਿਆ ਖੜਕਾ ਹੋਇਆ ਕੋਲੋਂ ਝਾੜੀ ਵਿਚੋਂ ਇਕ ਤਿੱਤਰ ਉਡਾਰੀ ਮਾਰ ਗਿਆ। ਸਾਧ ਨੇ ਤਿੱਤਰ ਨੂੰ ਪੁਕਾਰਿਆ "ਓਏ ਤਿੱਤਰਾ ਤੂੰ ਹੀ ਰੱਬ ਕੋਲ ਗਵਾਹੀ ਦੇ ਦੇਵੀਂ ਮੈਂ ਬੇਕਸੂਰ ਹਾਂ।"

"ਓਏ ਸਾਧਾ ਤੂੰ ਇਧੱਰ ਆ ਤਿੱਤਰਾਂ ਨੇ ਕਦੇ ਗਵਾਹੀ ਨਹੀਂ ਦਿੱਤੀ ਅੱਜ ਤੱਕ?" ਤੇ ਵਿਚਾਰਾ ਸਾਧ ਮਾਰ ਦਿੱਤਾ। ਕੁੱਝ ਅਰਸੇ ਬਾਅਦ ਸਥਾਨਕ ਰਾਜੇ ਨੇ ਐਲਾਨ ਕੀਤਾ। ਜਿੰਨੇ ਵੀ ਡਾਕੂ ਹਨ। ਇਹ ਧੰਦਾ ਛੱਡ ਕੇ ਘਰ ਆ ਜਾਣ। ਸ਼ਾਮ ਦਾ ਖਾਣਾ ਮੇਰੇ ਨਾਲ ਖਾਣਾ ਤੇ ਸਵੇਰ ਨੂੰ ਮੈ ਦਸ-ਦਸ ਏਕੜ ਜਮੀਨ ਦਿਆਂਗਾ।

ਲਓ ਜੀ ਉਸ ਡਾਕੂ ਦੀ ਵਾਰੀ ਵੀ ਆ ਗਈ। ਰਾਤਰੀ ਖਾਣੇ ਦੀ ਤਿਆਰੀ ਵਿੱਚ ਕੁਦਰਤੀ ਤਿੱਤਰ ਬਣ ਕੇ ਆ ਗਿਆ। ਕਿਉਂਕਿ ਸਿਪਾਹੀ ਤਿੱਤਰਾ ਦਾ ਸ਼ਿਕਾਰ ਕਰ ਲਿਆਏ ਸਨ। ਡਾਕੂ ਇਕ ਤਿੱਤਰ ਵਿਚ ਉਂਗਲ ਖੋਭ ਕੇ ਬਹੁਤ ਬੇਲੋੜਾ ਹੱਸਿਆ। ਰਾਜੇ ਨੇ ਹੱਸਣ ਦਾ ਕਾਰਨ ਪੁੱਛਿਆ। ਡਾਕੂ ਨੇ ਸਾਧ ਕਤਲ ਕਰਨ ਦੀ ਤੇ ਤਿੱਤਰ ਦੀ ਗਵਾਹੀ ਦੀ ਸਾਰੀ ਕਹਾਣੀ ਹੱਸ ਕੇ ਦੱਸੀ ਤੇ ਕਿਹਾ ਕਿ "ਦੱਸੋ ਰਾਜਾ ਜੀ ਅੱਜ ਤਕ ਕਿਸੇ ਪੰਛੀ ਨੇ ਗਵਾਹੀ ਦਿੱਤੀ ਹੈ?"

ਖੜ੍ਹਾ ਹੋ ਜਾ, ਖਾਣੇ ਦੀ ਮੇਜ਼ ਤੋਂ "ਰਾਜਾ ਕੜਕਿਆ" ਗਵਾਹੀ ਤਾਂ ਤੇਰੇ ਹੀ ਮੂੰਹ ਵਿਚੋਂ ਇਸ ਤਿੱਤਰ ਦੇ ਜਰੀਏ ਉਗਲਵਾ ਦਿੱਤੀ ਹੈ ਕਿ ਤੂੰ ਬੇਕਸੂਰ ਸਾਧ ਨੂੰ ਮਾਰਿਆ ਹੈ। ਤੈਨੂੰ ਦਸ ਏਕੜ ਨਹੀਂ ਸਾਧ ਵਿਚਾਰੇ ਨੂੰ ਮਾਰਨ ਦੇ ਜੁਰਮ ਵਿੱਚ ਸਵੇਰ ਨੂੰ ਫਾਂਸੀ ਦਿੱਤੀ ਜਾਵੇਗੀ ਸਿਪਾਹੀਓਂ ਇਸ ਨੂੰ ਹੁਣੇ ਜੇਲ੍ਹ ਵਿੱਚ ਸੁੱਟੋ। ਡਾਕੂ ਹੁਣ ਜੇਲ੍ਹ ਵਿਚ ਸੀ। ਅਰਥਾਤ ਹਨੇਰੇ ਵਿੱਚ ਕੀਤਾ ਪਾਪ ਛੁਪਦਾ ਨਹੀਂ। ਕਿਉਂਕਿ ਪਾਪ ਹਨੇਰੇ ਵਿਚ ਜਨਮਦਾ ਹੈ ਤੇ ਜੁਆਨ ਚਾਨਣ ਵਿੱਚ ਹੁੰਦਾ ਹੈ।

ਪਿੰਡ ਕਾਲਾਂਵਾਲੀ
ਜ਼ਿਲ੍ਹਾ-ਸਿਰਸਾ (ਹਰਿਆਣਾ)-125201
98134-32566



## ਗ਼ਜ਼ਲ

ਸਰਦਾਰੀ ਲਾਲ 'ਕੰਵਲ'

ਤੇਰੀ ਕ੍ਰਿਪਾ ਦਾ ਮੈਨੂੰ ਜਦ ਇਜ਼ਹਾਰ ਹੋ ਗਿਆ,
ਮੈਨੂੰ ਤਿਰੇ ਵਜੂਦ ਤੇ ਇਤਬਾਰ ਹੋ ਗਿਆ।

ਜਦ ਤੋਂ ਜਣੇ-ਖਣੇ ਦਾ ਮੈਂ ਗ਼ਮਖ੍ਵਾਰ ਹੋ ਗਿਆ,
ਮੇਰਾ ਬੁਲੰਦ ਹੋਰ ਵੀ ਮਿਆਰ ਹੋ ਗਿਆ।

ਪੁੱਛਦੇ ਹੋ ਕੀ ਕਿ ਹਨ ਕੀ ਮਹੁੱਬਤ ਦੀ ਖ਼ੂਬੀਆਂ,
ਵੀਰਾਨ ਦਿਲ ਵੀ ਪਿਆਰ ਵਿਚ ਗੁਲਜ਼ਾਰ ਹੋ ਗਿਆ।

ਦਿਸਿਆ ਹਰੇਕ ਸ਼ਕਲ 'ਚ ਜਦ ਮੈਨੂੰ ਤੂੰ ਹੀ ਤੂੰ,
ਦੁਨੀਆਂ ਨੇ ਸਮਝਿਆ ਮੈਨੂੰ ਆਜ਼ਾਰ ਹੋ ਗਿਆ।

ਮੰਦਰ-ਮਸੀਤ ਵਿਚ ਵੀ ਲਭਿਆ ਨਾ ਤੂੰ ਕਿਤੇ,
ਮਾਰੀ ਜੇ ਝਾਤ ਦਿਲ 'ਚ ਤਾਂ ਦੀਦਾਰ ਹੋ ਗਿਆ।


ਤੇਰੀ ਨਜ਼ਰ ਦੇ ਨਾਲ ਮਿਲੀ ਜਦ ਮਿਰੀ ਨਜ਼ਰ,
ਦਿਲ ਬਾਗ਼-ਬਾਗ਼ ਹੋ ਗਿਆ, ਸਰਸ਼ਾਰ ਹੋ ਗਿਆ।

ਰਹਿਮਤ ਨਹੀਂ ਜੇ ਰੱਬ ਦੀ ਤਾਂ ਕਿਸ ਤਰ੍ਹਾਂ 'ਕੰਵਲ'
ਮੇਰੇ ਜਿਹਾ ਨਲੈਕ ਵੀ ਫ਼ਨਕਾਰ ਹੋ ਗਿਆ?

433/11, ਪੰਚਕੂਲਾ(ਹਰਿਆਣਾ)-134112
94178-38090

# ਜ਼ਿੰਦਗੀ ਦਾ ਚੰਦਨ

ਜਤਿੰਦਰ ਵਿਰਦੀ



ਇੱਕ ਵਾਰ ਇੱਕ ਰਾਜਾ ਆਪਣੇ ਸੈਨਿਕਾਂ ਨਾਲ ਸ਼ਿਕਾਰ ਖੇਡਣ ਗਿਆ ਹੋਇਆ ਸੀ। ਸ਼ਿਕਾਰ ਖੇਡਣ 'ਚ ਰਾਜਾ ਐਨਾ ਮਗਨ ਹੋ ਗਿਆ ਕਿ ਆਪਣੇ ਸੈਨਿਕਾਂ ਤੋਂ ਵਿਛੜ ਗਿਆ। ਤੇ ਉੱਪਰੋਂ ਰਾਤ ਆ ਖੜ੍ਹੀ, ਹੁਣ ਤੇ ਰਾਜਾ ਰਾਤ ਕੱਟਣ ਦੇ ਲਈ ਕੋਈ ਜਗ੍ਹਾ ਲੱਭਣ ਲੱਗਾ। ਫਿਰ ਰਾਜੇ ਨੂੰ ਦੂਰ ਇਕ ਰੌਸ਼ਨੀ ਦਿਖਾਈ ਦਿੱਤੀ।

ਰਾਜਾ ਉਸ ਰੌਸ਼ਨੀ ਦੇ ਵੱਲ ਹੀ ਜਾਣ ਲੱਗਾ। ਰਾਜਾ ਦੇਖਦਾ ਕਿ ਇਹ ਕਿਸੇ ਦਾ ਘਰ ਏ। ਜਿਹੜਾ ਕਿ ਮਿੱਟੀ ਦਾ ਬਣਿਆ ਹੋਇਆ ਸੀ। ਇਹ ਜੰਗਲ ਦੇ ਵਿਚ ਬਣਿਆ ਹੋਇਆ ਕੱਖਾਂ ਦਾ ਘਰ ਸੀ, ਜਿਸ ਵਿਚ ਇਕ ਵਿਅਕਤੀ ਅਤੇ ਉਸ ਦੀ ਪਤਨੀ ਹੀ ਰਹਿੰਦੇ ਸਨ। ਦੋਨੋਂ ਬੜੇ ਹੀ ਸਾਦੇ ਜਿਹੇ ਢੰਗ ਨਾਲ ਆਪਣਾ ਜੀਵਨ ਜਿਊਂਦੇ ਸਨ। ਘਰ ਅੰਦਰੋਂ ਪੂਰੀ ਤਰ੍ਹਾਂ ਕੱਚਾ ਸੀ, ਪਰ ਬਿਲਕੁਲ ਸਾਫ਼-ਸੁਥਰਾ ਸੀ। ਰਾਜੇ ਨੇ ਰਾਤ ਨੂੰ ਜਦੋਂ ਘਰ ਦਾ ਦਰਵਾਜ਼ਾ ਖੜਕਾਇਆ ਤਾਂ ਠੱਕ-ਠੱਕ ਦੀ ਅਵਾਜ਼ ਸੁਣ ਦੋਨੋਂ ਡਰ ਗਏ। ਵਿਅਕਤੀ ਨੇ ਅੰਦਰੋਂ ਹੀ ਅਵਾਜ਼ ਦੇ ਕੇ ਪੁੱਛਿਆ ਕਿ ਕੌਣ ਏ? ਤਾਂ ਰਾਜੇ ਆਪਣੀ ਪਛਾਣ ਲੁਕਾਅ ਨੇ ਕਿਹਾ ਕਿ ਮੈਂ ਮੁਸਾਫ਼ਰ ਹਾਂ, ਰਾਤ ਕੱਟਣੀ ਏ। ਇਹ ਸੁਣ ਕੇ ਉਸ ਵਿਅਕਤੀ ਨੇ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਉਸ ਨੂੰ ਅੰਦਰ ਬੁਲਾ ਲਿਆ। ਉਸ ਵਿਅਕਤੀ ਨੇ ਤੇ ਉਸ ਦੀ ਪਤਨੀ ਨੇ ਰਾਜੇ ਦੀ ਬੜੀ ਆਉ-ਭਗਤ ਕੀਤੀ। ਉਹਨਾਂ ਨੇ ਉਸ ਨੂੰ ਗਰਮ ਪਾਣੀ ਦਿੱਤਾ ਤਾਂ ਕਿ ਉਹ ਆਪਣੇ ਹੱਥ-ਪੈਰ ਧੋ ਲਵੇ। ਜਦ ਤਕ ਔਰਤ ਨੇ ਰਾਜੇ ਦੇ ਲਈ ਰੋਟੀ-ਪਾਣੀ ਤਿਆਰ ਕੀਤਾ। ਉਹ ਦੋਨੋਂ ਇਸ ਗੱਲ ਤੋਂ ਅਣਜਾਣ ਸੀ ਕਿ ਇਹ ਵਿਅਕਤੀ ਰਾਜਾ ਹੈ, ਪਰ ਉਹਨਾਂ ਨੇ ਉਸ ਦੀ ਸੇਵਾ ਵਿਚ ਕੋਈ ਕਮੀ ਪੇਸ਼ੀ ਨੀ ਆਉਣ ਦਿੱਤੀ। ਇਕਦਮ ਸ਼ੁੱਧ ਭੋਜਨ ਤਿਆਰ ਕੀਤਾ। ਰਾਜਾ ਵੀ ਰੋਟੀ ਖਾ ਕੇ ਖ਼ੁਸ਼ ਹੋਇਆ। ਫਿਰ ਉਸ ਵਿਅਕਤੀ ਨੇ ਰਾਜੇ ਦੇ ਲਈ ਸੌਣ ਦੇ ਲਈ ਬਿਸਤਰ ਲਗਾ ਦਿੱਤਾ। ਰਾਜਾ ਰੋਟੀ ਖਾ ਕੇ ਬਿਸਤਰੇ 'ਤੇ ਚਲਾ ਗਿਆ, ਉਸ ਤੋਂ ਬਾਅਦ ਉਹ ਵਿਅਕਤੀ ਰਾਜੇ ਦੇ ਲਈ ਦੇਸੀ ਗਾਂ ਦਾ ਗਰਮ ਦੁੱਧ ਦਾ ਗਿਲਾਸ ਲੈ ਕੇ ਆਇਆ। ਰਾਜਾ ਉਹਨਾਂ ਦਾ ਸੇਵਾ-ਭਾਵ ਦੇਖ ਕੇ ਬਹੁਤ ਪ੍ਰਸੰਨ ਹੋਇਆ ਤੇ ਸੋਚਣ ਲੱਗਾ ਕਿ ਇੰਨੀ ਜ਼ਿਆਦਾ ਸੇਵਾ ਤਾਂ ਉਸ ਦੇ ਮਹਿਲ ਦੇ ਨੌਕਰਾਂ ਨੇ ਵੀ ਕਦੇ ਨਹੀਂ ਕੀਤੀ, ਜਿਹਨਾਂ ਨੂੰ ਉਹ ਪੈਸਾ ਦਿੰਦਾ ਹੈ। ਤੇ ਜਿਹਨਾਂ ਦਾ ਕੰਮ ਹੀ ਰਾਜੇ ਦੀ ਸੇਵਾ ਕਰਨੀ ਸੀ। ਰਾਜਾ ਵੀ ਹੁਣ ਉਹਨਾਂ ਨੂੰ ਇਸ ਸੇਵਾ ਦੇ ਬਦਲੇ ਕੋਈ ਵੱਡਾ ਇਨਾਮ ਦੇਣ ਬਾਰੇ ਸੋਚਦਾ-ਸੋਚਦਾ ਸੌਂ ਗਿਆ। ਰਾਜੇ ਦੇ ਸਵੇਰੇ ਉੱਠਣ ਤੇ ਉਹਨਾਂ ਵੱਲੋਂ ਰਾਜੇ ਨੂੰ ਚਾਹ-ਪਾਣੀ ਦਿੱਤਾ। ਇੰਨੇ ਨੂੰ ਰਾਜੇ ਦੇ ਸੈਨਿਕ ਵੀ ਲੱਭਦੇ-ਲੱਭਦੇ ਉੱਥੇ ਪੁੱਜ ਗਏ। ਉਹਨਾਂ ਨੇ ਰਾਜੇ ਦੇ ਘੋੜੇ ਨੂੰ ਉੱਥੇ ਦੇਖ ਕੇ ਬਾਹਰ ਤੋਂ ਅਵਾਜ਼ ਦਿੱਤੀ ਤੇ ਅਵਾਜ਼ ਸੁਣ ਕੇ ਵਿਅਕਤੀ ਬਾਹਰ ਆਇਆ ਤੇ ਸੈਨਿਕ ਦੇਖ ਕੇ ਡਰ ਗਿਆ। ਉਸ ਵਿਅਕਤੀ ਦੇ ਮਗਰ ਹੀ ਰਾਜਾ ਬਾਹਰ ਆ ਗਿਆ। ਸੈਨਿਕਾਂ ਨੇ ਰਾਜੇ ਨੂੰ ਦੇਖਦੇ ਸਾਰ ਹੀ ਸਲੂਟ ਮਾਰਿਆ। ਇਹ ਦੇਖ ਕੇ ਉਹ ਵਿਅਕਤੀ ਡਰ ਗਿਆ ਤੇ ਸੋਚਣ ਲੱਗਾ ਇਹ ਕੌਣ ਹੈ? ਜਿਹੜਾ ਰਾਤ ਨੂੰ ਘਰ ਰੁਕਿਆ ਸੀ। ਇਸ ਤੋਂ ਪਹਿਲਾਂ ਕਿ ਉਹ ਕੁੱਝ ਹੋਰ ਸੋਚਦਾ, ਰਾਜੇ ਨੇ ਉਸ ਨੂੰ ਦੱਸਿਆ ਕਿ ਮੈਂ ਇਸ ਰਾਜ ਦਾ ਰਾਜਾ ਆ। ਇਹ ਸੁਣ ਉਹਨਾਂ ਦੋਨਾਂ ਪਤੀ-ਪਤਨੀ ਦੇ ਹੋਸ਼ ਹੀ ਉੱਡ ਗਏ ਤੇ ਉਹ ਦੋਨੋਂ ਰਾਜੇ ਦੇ ਪੈਰੀ ਡਿੱਗ ਗਏ ਅਤੇ ਮਾਫੀਆ ਮੰਗਣ ਲੱਗੇ ਕਿ ਰਾਜਾ ਜੀ ਸਾਨੂੰ ਮੁਆਫ ਕਰ ਦਿਓ, ਅਸੀਂ ਤੁਹਾਨੂੰ ਪਛਾਣ ਨਾ ਸਕੇ, ਸਾਡੇ ਕੋਲੋਂ ਜੇ ਕੋਈ ਗ਼ਲਤੀ ਹੋ ਗਈ ਹੋਵੇ ਤਾਂ ਸਾਨੂੰ ਮੁਆਫ ਕਰ ਦਿਓ। ਰਾਜਾ ਉਹਨਾਂ ਦੋਨਾਂ ਨੂੰ ਚੁੱਕਦਾ ਏ ਤੇ ਕਹਿੰਦਾ ਕਿ, ਨਹੀਂ ਤੁਸੀ ਕੋਈ ਗ਼ਲਤੀ ਨਹੀਂ ਕੀਤੀ, ਮੈਂ ਤੁਹਾਡੇ ਕੋਲੋਂ ਬਹੁਤ ਖੁਸ਼ ਹਾਂ। ਇਹ ਕਹਿ ਕੇ ਕਰਕੇ ਰਾਜਾ ਉਹਨਾਂ ਨੂੰ ਇਕ ਪੱਤਰ ਦਿੰਦਾ ਹੈ ਤੇ ਕਹਿੰਦਾ ਕਿ ਤੁਹਾਨੂੰ ਕਦੇ ਵੀ ਕਿਸੇ ਵੀ ਤਰ੍ਹਾਂ ਦੀ ਕੋਈ ਲੋੜ ਹੋਵੇ ਤਾਂ ਇਹ ਪੱਤਰ ਲੈ ਕੇ ਮੇਰੇ ਮਹਿਲ ਆ ਜਾਣਾ ਮੈ ਤੁਹਾਡੀ ਮੱਦਦ ਕਰਾਂਗਾ। ਇਸ ਤੋਂ ਬਾਅਦ ਰਾਜਾ ਆਪਣੇ ਸੈਨਿਕ ਨਾਲ ਉਹਨਾਂ ਦਾ ਧੰਨਵਾਦ ਕਰਕੇ ਵਾਪਸ ਆਪਣੇ ਮਹਿਲ ਚਲਾ ਜਾਂਦਾ ਹੈ। ਰਾਜੇ ਦੇ ਜਾਣ ਤੋਂ ਬਾਅਦ ਦੋਵੇਂ ਪਤੀ-ਪਤਨੀ ਫਿਰ ਪਹਿਲਾ ਵਾਂਗ ਹੀ ਆਪਣਾ ਜੀਵਨ ਜਿਊਣ ਲੱਗ ਪੈਂਦੇ

ਹਨ। ਇੰਝ ਹੀ ਕਈ ਸਾਲ ਨਿਕਲ ਜਾਂਦੇ ਹਨ। ਹੁਣ ਉਹ ਰਾਜੇ ਨੂੰ ਵੀ ਭੁੱਲ ਗਏ ਹਨ।

ਫਿਰ ਇਕ ਸਾਲ ਉਹਨਾਂ ਦੇ ਇਲਾਕੇ ਵਿਚ ਸੋਕਾ ਪੈ ਜਾਂਦਾ ਏ। ਉਹਨਾਂ ਦੇ ਘਰ ਬਹੁਤ ਜ਼ਿਆਦਾ ਗ਼ਰੀਬੀ ਆ ਜਾਂਦੀ ਏ, ਇੱਥੋਂ ਤੱਕ ਕਿ ਖਾਣ ਦੇ ਵੀ ਲਾਲੇ ਪੈ ਜਾਂਦੇ ਨੇ। ਜ਼ਿੰਦਗੀ ਦਾ ਗੁਜ਼ਾਰਾ ਕਰਨਾ ਬੜਾ ਔਖਾ ਹੋ ਗਿਆ ਸੀ। ਇਸ ਸਮੇਂ ਪਤਨੀ ਨੂੰ ਅਚਾਨਕ ਰਾਜੇ ਦੇ ਉਸ ਪੱਤਰ ਦੀ ਯਾਦ ਆਈ। ਉਸ ਨੇ ਬੜੀ ਮੁਸ਼ਕਿਲ ਦੇ ਨਾਲ ਉਹ ਪੱਤਰ ਲੱਭਿਆ ਤੇ ਆਪਣੇ ਪਤੀ ਨੂੰ ਕਿਹਾ ਕਿ ਤੁਸੀਂ ਇਹ ਪੱਤਰ ਲੈ ਕੇ ਰਾਜੇ ਕੋਲ ਜਾਵੋ। ਪਰ ਉਹ ਵਿਅਕਤੀ ਮਨ੍ਹਾਂ ਕਰਨ ਲੱਗਾ, ਉਸ ਦਾ ਕਹਿਣਾ ਸੀ ਕਿ ਰਾਜਾ ਤੇ ਹੁਣ ਤੱਕ ਭੁੱਲ ਵੀ ਗਿਆ ਹੋਵੇਗਾ ਪਰ ਉਸਦੀ ਪਤਨੀ ਨੇ ਉਸ ਦੀ ਗੱਲ ਨਾ ਮੰਨੀ। ਆਖੀਰ ਉਸ ਦੇ ਜ਼ੋਰ ਪਾਉਣ 'ਤੇ ਉਹ ਵਿਅਕਤੀ ਰਾਜੇ ਕੋਲ ਜਾਣ ਦੇ ਲਈ ਰਾਜੀ ਹੋ ਗਿਆ।

ਉਸ ਤੋਂ ਅਗਲੇ ਦਿਨ ਹੀ ਉਹ ਵਿਅਕਤੀ ਰਾਜੇ ਦਾ ਦਿੱਤਾ ਪੱਤਰ ਜਿਹੜਾ ਕਿ ਹੁਣ ਕਾਫੀ ਪੁਰਾਣਾ ਹੋ ਗਿਆ ਸੀ ਲੈ ਕਿ ਮਹਿਲ ਵੱਲ ਚੱਲ ਪਿਆ। ਮਹਿਲ ਪੁੱਜ ਕੇ ਉਸ ਨੇ ਉਹ ਪੱਤਰ ਦਰਬਾਰੀ ਨੂੰ ਦਿੱਤਾ, ਦਰਬਾਰੀ ਨੇ ਉਹ ਪੱਤਰ ਰਾਜੇ ਤੱਕ ਪੁੱਜਦਾ ਕੀਤਾ। ਰਾਜਾ ਪੱਤਰ ਨੂੰ ਦੇਖ ਕੇ ਝੱਟ ਪਛਾਣ ਗਿਆ। ਉਸ ਨੇ ਦਰਬਾਰੀ ਨੂੰ ਹੁਕਮ ਦਿੱਤਾ ਕਿ ਉਸ ਵਿਅਕਤੀ ਨੂੰ ਆਦਰ ਨਾਲ ਲੈ ਕੇ ਆਓ। ਰਾਜੇ ਨੇ ਉਸ ਵਿਅਕਤੀ ਦੀ ਬਹੁਤ ਹੀ ਆਓ-ਭਗਤ ਕੀਤੀ। ਉਸ ਤੋਂ ਬਾਅਦ ਰਾਜੇ ਨੇ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹਨਾਂ ਦੇ ਇਲਾਕੇ ਵਿਚ ਅਕਾਲ ਪੈ ਗਿਆ ਆ, ਜਿਸ ਕਰਕੇ ਉਸ ਦੇ ਪਰਿਵਾਰ ਦੀ ਆਰਥਿਕ ਹਾਲਤ ਬਹੁਤ ਮਾੜੀ ਚਲ ਰਹੀ ਏ। ਰਾਜੇ ਨੇ ਉਸ ਨੂੰ ਮੱਦਦ ਦਾ ਭਰੋਸਾ ਦਿੱਤਾ। ਉਸੇ ਸਮੇਂ ਰਾਜੇ ਨੇ ਆਪਣੇ ਇਕ ਖਾਸ ਮੰਤਰੀ ਨੂੰ ਬੁਲਾ ਕੇ ਉਸ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਉਸ ਵਿਅਕਤੀ ਨੂੰ ਜੰਗਲ ਦਾ ਇਕ ਕਾਫੀ ਵੱਡਾ ਹਿਸਾ ਦਾਨ ਦੇ ਰੂਪ ਵਿਚ ਦੇ ਦਿੱਤਾ। ਇਸ ਦੇ ਨਾਲ ਰਾਜੇ ਨੇ ਉਸ ਵਿਅਕਤੀ ਨੂੰ ਵਾਪਸ ਜਾਂਦੇ ਸਮੇਂ ਹੋਰ ਵੀ ਕਈ ਤੋਹਫੇ ਦਿੱਤੇ। ਰਾਜੇ ਦੇ ਉਪਹਾਰ ਲੈ ਕੇ ਵਿਅਕਤੀ ਘਰ ਵੱਲ ਨੂੰ ਚੱਲ ਪੈਂਦਾ ਤੇ ਸੋਚਦਾ ਹੈ ਕਿ ਮੇਰੇ ਘਰ ਖਾਣ ਨੂੰ ਰੋਟੀ ਵੀ ਨੀ ਹੈਗੀ ਤੇ ਰਾਜੇ ਨੇ ਜੰਗਲ ਦੇ ਦਿੱਤਾ। ਮੈਂ ਕਿ ਕਰਾਂਗਾ ਜੰਗਲ ਦਾ? ਆਖਰੀ ਮੌਕਾ ਸੀ ਉਹ ਵੀ ਗੁਆ ਲਿਆ। ਬੜੇ ਉਦਾਸ ਮਨ ਨਾਲ ਘਰ ਵੱਲ ਨੂੰ ਜਾਂਦੇ ਨੂੰ ਰਸਤੇ 'ਚ ਉਸਦਾ ਇਕ ਦੋਸਤ ਮਿਲਦਾ ਏ। ਉਸ ਨੇ ਉਦਾਸੀ ਦਾ ਕਾਰਨ ਪੁੱਛਿਆ ਤੇ ਇਸ ਨੇ ਸਾਰੀ ਵਿਥਿਆ ਸੁਣਾ ਦਿੱਤੀ। ਫਿਰ ਉਸ ਵਿਅਕਤੀ ਨੇ ਕਿਹਾ ਕਿ ਸ਼ਹਿਰ ਦੇ ਵਿਚ ਇਕ ਵਪਾਰੀ ਹੈ ਜਿਹੜਾ ਲੱਕੜ ਦੇ ਕੋਲੇ ਦੀਆਂ ਦਵਾਈਆਂ ਵਗੈਰਾ ਬਣਾਉਂਦਾ ਏ। ਤੂੰ ਇਕ ਕੰਮ ਕਰਿਆ ਕਰ ਲੱਕੜਾਂ ਨੂੰ ਜਲਾ ਕੇ, ਉਸ ਦਾ ਕੋਲਾ ਬਣਾ ਕੇ ਸ਼ਹਿਰ ਵੇਚ ਆਇਆ ਕਰ, ਤੈਨੂੰ 1 ਕਿਲੋ ਮਗਰ 10 ਰੁਪਏ ਮਿਲ ਜਾਇਆ ਕਰਨ ਗਏ। ਤੇ ਤੇਰੇ ਘਰ ਦਾ ਗੁਜ਼ਾਰਾ ਵੀ ਚੱਲ ਪਵੇਗਾ। ਇਹ ਸੁਣ ਉਹ ਬੰਦਾ ਐਵੇਂ ਹੀ ਕਰਨ ਲੱਗਾ। ਰਾਤ ਨੂੰ ਲੱਕੜਾ ਕੱਟਦਾ ਤੇ ਅੱਗ ਲੱਗਾ ਦਿੰਦਾ ਸਵੇਰੇ ਉਸ ਦੇ ਕੋਲੇ ਸ਼ਹਿਰ ਵਿਚ ਆਉਂਦਾ ਤੇ ਨਕਦ ਪੈਸੇ ਵੀ ਲੈ ਆਉਂਦਾ। ਉਸ ਦੇ ਘਰ ਦਾ ਗੁਜਾਰਾ ਠੀਕ-ਠਾਕ ਚੱਲਣ ਲੱਗ ਪੈਂਦਾ। ਇਸ ਤਰ੍ਹਾਂ ਕਰਦੇ ਕਈ ਮਹੀਨੇ ਨਿਕਲ ਗਏ।

ਫਿਰ ਇਕ ਦਿਨ ਮੀਂਹ ਦੀ ਝੜੀ ਲੱਗ ਗਈ। ਕੁੱਝ ਦਿਨ ਤੋਂ ਉਹ ਦੇਖਦਾ ਰਿਹਾ ਕਿ ਮੀਂਹ ਬੰਦ ਹੋਣ ਤੇ ਅੱਗ ਲਗਾਵੇਗਾ ਤੇ ਫਿਰ ਸ਼ਹਿਰ ਜਾਵੇਗਾ। ਘਰ ਵਿਚ ਰਾਸ਼ਨ ਪੂਰਾ ਸੀ ਸੋ ਉਸ ਨੇ ਮੀਂਹ ਦੇ ਹਟਣ ਦੀ ਉਡੀਕ ਕੀਤੀ। ਪਰ ਜਦੋਂ ਘਰ ਵਿਚ ਰਾਸ਼ਨ ਦੀ ਘਾਟ ਹੋਣ ਲੱਗੀ ਤਾਂ ਫਿਰ ਉਹ ਅਗਲੇ ਦਿਨ ਬਿਨਾਂ ਕੋਲੇ ਬਣਾਏ ਹੀ ਲੱਕੜਾ ਮੀਂਹ ਪੈਂਦੇ ਵਿਚ ਇਹ ਸੋਚ ਕੇ ਲੈ ਗਿਆ ਕਿ ਜੇ 10 ਰੁਪਏ ਕਿਲੋ ਦੇ ਹਿਸਾਬ ਨਾਲ ਨਾ ਵਿਕੇ ਤਾਂ 5-7 ਰੁਪਏ ਕਿਲੋ ਵਿਚ ਤਾਂ ਵਿਕ ਹੀ ਜਾਣਗੀਆਂ। ਜਿਸ ਨਾਲ ਘਰੇ ਕੁੱਝ ਰਾਸ਼ਨ ਤਾਂ ਪਾ ਲਵਾਂਗੇ। ਇਹੀ ਸੋਚਦਾ-ਸੋਚਦਾ ਉਹ ਸ਼ਹਿਰ ਵਪਾਰੀ ਦੀ ਦੁਕਾਨ 'ਤੇ ਪੁੱਜ ਜਾਂਦਾ ਏ ਤੇ ਕਹਿਣ ਲਗਦਾ ਵਪਾਰੀ ਜੀ ਇਹ ਲੱਕੜਾਂ ਵੇਚਣੀਆਂ ਨੇ, ਕਿੰਨੇ ਪੈਸੇ ਦਵੋਗੇ ਇਸ ਦੇ? ਵਪਾਰੀ ਲੱਕੜ ਨੂੰ ਹੱਥ 'ਚ ਚੁੱਕ ਕੇ ਦੇਖਦਾ ਤੇ ਕਹਿਣ ਲੱਗਾ ਇਹਨਾਂ ਦੇ ਮੈਂ ਤੈਨੂੰ 100 ਰੁਪਏ ਕਿੱਲੋ ਦੇ ਹਿਸਾਬ ਨਾਲ ਪੈਸੇ ਦਵਾਂਗਾ। ਲਾਲੇ ਦੀ ਮੂੰਹ 100 ਰੁਪਏ ਸੁਣ ਕੇ ਉਹ ਹੈਰਾਨ ਹੋ ਗਿਆ। ਤੇ ਕਹਿੰਦਾ 100 ਰੁਪਏ। ਵਪਾਰੀ ਕਹਿੰਦਾ ਹਾਂ ਭਰਾਵਾਂ 100 ਰੁਪਏ। ਵਿਅਕਤੀ ਕਹਿੰਦਾ ਵਪਾਰੀ ਜੀ ਜਦੋਂ ਮੈਂ ਇਹਨਾਂ ਲੱਕੜਾ ਦਾ ਕੋਲਾ ਬਣਾ ਕੇ ਦਿੰਦਾ ਸੀ ਤੇ ਤੁਸੀਂ ਸਿਰਫ 10 ਰੁਪਏ ਹੀ ਦਿੰਦੇ ਸਨ। ਹੁਣ 100 ਕਿਉਂ? ਵਪਾਰੀ ਬੜੀ ਹੈਰਾਨਗੀ ਨਾਲ ਪੁੱਛਦਾ ਤੂੰ ਇਹਨਾਂ ਲੱਕੜਾਂ ਦਾ ਕੋਲਾ ਲੈ ਕੇ ਆਉਂਦਾ ਸੀ? ਤੈਨੂੰ ਪਤਾ ਵੀ ਹੈ ਇਹ ਲੱਕੜ ਕਿਸ ਦਰਖਤ ਦੀ ਏ? ਪਾਗਲਾ ਇਹ ਚੰਦਨ ਦੀ ਲੱਕੜੀ ਏ!

ਇਹ ਸੁਣ ਉਸ ਵਿਅਕਤੀ ਦੇ ਪੈਰਾਂ ਥੱਲਿਓਂ ਜ਼ਮੀਨ ਹੀ ਖਿਸਕ ਗਈ। ਉਸ ਨੇ ਲਾਲੇ ਕੋਲੋਂ ਤਾਂ 100 ਰੁਪਏ ਦੇ ਹਿਸਾਬ ਨਾਲ ਪੈਸੇ ਲੈ ਲਏ। ਪਰ ਉਹ ਆਪਣੇ ਆਪ ਤੋਂ ਪਛਤਾ ਰਿਹਾ ਸੀ ਕਿ ਉਸਨੇ ਕਿੰਨੇ ਜਿਆਦੇ ਪੈਸੇ ਖਰਾਬ ਕਰ ਲੈ। ਮੈਂ ਹੀ ਪਾਗਲ ਸੀ ਜਿਹੜਾ ਸਹੀ ਸਮੇਂ ਸਮਝ ਨਾ ਸਕਿਆ। ਇਹ ਸੋਚਦਾ-ਸੋਚਦਾ ਤੇ ਆਪਣੇ ਆਪ ਨੂੰ ਕੋਸਦਾ ਘਰ ਵੱਲ ਨੂੰ ਜਾਂਦਾ-ਜਾਂਦਾ ਇਕ ਸਾਧੂ ਦੇ ਡੇਰੇ ਵੱਲ ਮੁੜ ਜਾਂਦਾ ਏ। ਡੇਰੇ ’ਤੇ ਜਾ ਕੇ ਉਹ ਬੜੇ ਦੁਖੀ ਮਨ ਦੇ ਨਾਲ ਸਾਧ ਨੂੰ ਸਾਰੀ ਘਟਨਾ ਦਸਦਾ ਏ ਕਿ ਉਸ ਨਾਲ ਇਹ-ਇਹ ਹੋਇਆ। ਡੇਰੇ ਦੇ ਸਾਧ ਨੇ ਉਸ ਦੀ ਸਾਰੀ ਗੱਲ ਸੁਣਨ ਤੋਂ ਬਾਅਦ ਉਸ ਨੂੰ ਪ੍ਰਸ਼ਨ ਕੀਤਾ ਕਿ ਤੇਰੇ ਕੋਲ ਕਿੰਨਾ ਜੰਗਲ ਸੀ ਜਿਹੜਾ ਰਾਜੇ ਨੇ ਦਿੱਤਾ ਸੀ? ਤਾਂ ਉਸ ਵਿਅਕਤੀ ਨੇ ਕਿਹਾ ਕਿ 5 ਏਕੜ ਦਿੱਤੇ ਸੀ ਰਾਜੇ ਨੇ। ਸਾਧੂ ਜੀ: ਤੂੰ ਕਿੰਨੇ ਖੇਤਰ ਵਿੱਚ ਦਰੱਖਤ ਵੱਢ ਲਏ ਹੋਣੈ? ਵਿਅਕਤੀ ਜਿਆਦਾ ਤੋਂ ਜ਼ਿਆਦਾ 1 ਏਕੜ। ਇਸ ਮਗਰੋਂ ਸਾਧੂ ਉਸ ਨੂੰ ਸਮਝਾਉਣ ਲਗੇ ਕਿ ਜਿਹੜਾ ਸਮਾਂ ਨਿਕਲ ਗਿਆ ਤੂੰ ਉਸ ਬਾਰੇ ਕਿਉਂ ਸੋਚਦਾ ਏਂ, ਦੇਖ ਤੇਰੇ ਕੋਲ ਕਿੰਨਾ ਚੰਦਨ ਬਚਿਆ ਹੈ, ਤੂੰ ਜੇ ਇਸ ਨੂੰ ਹੀ ਸਹੀ ਢੰਗ ਨਾਲ ਵਰਤ ਲਵੇ ਤਾਂ ਤੇਰੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਸੁਖੀ ਰਹਿਣਗੀਆਂ। ਸਾਧ ਦੀ ਗੱਲ ਉਸ ਦੇ ਸਮਝ ਆ ਗਈ। ਤੇ ਉਹ ਖੁਸ਼ ਮਨ ਨਾਲ ਘਰ ਚਲਾ ਗਿਆ ਤੇ ਆਪਣੀ ਜ਼ਿੰਦਗੀ ਦੇ ਚੰਦਨ ਨੂੰ ਚੰਦਨ ਵਾਂਗੂ ਹੀ ਵਰਤਣ ਲੱਗਾ।

ਕਹਾਣੀ ਤੇ ਇੱਥੇ ਖ਼ਤਮ ਹੋ ਗਈ, ਪਰ ਕਿ ਤੁਹਾਨੂੰ ਪਤਾ ਅਸੀਂ ਵੀ ਕਈਂ ਵਾਰੀ ਆਪਣੀ ਜ਼ਿੰਦਗੀ ਦੇ ਚੰਦਨ ਨੂੰ ਪਹਿਲਾਂ ਖਰਾਬ ਕਰਦੇ ਕਹਿੰਦੇ ਆ, ਫਿਰ ਸਮਝ ਆਉਣ ’ਤੇ ਅਸੀਂ ਉਸ ਖ਼ਰਾਬ ਕੀਤੇ ਬਾਰੇ ਸੋਚ-ਸੋਚ ਹੋਰ ਪਛਤਾਉਂਦੇ ਆਂ। ਚੰਦਨ ਤੋਂ ਮੇਰਾ ਭਾਵ ਹੈ ਸਮਾਂ। ਸਕੂਲਾਂ-ਕਾਲਜਾਂ ਦੇ ਵਿਚ ਪੜ੍ਹਨ ਵਾਲੇ ਵਿਦਿਆਰਥੀ ਪੇਪਰ ਦਾ ਸਮਾਂ ਨੇੜੇ ਆਉਣ ’ਤੇ ਕਿਤਾਬ ਨੂੰ ਦੇਖ ਇਹ ਸੋਚਦੇ ਨੇ ਕਿ ਜੇ ਸ਼ੁਰੂ ਤੋਂ ਸਹੀ ਢੰਗ ਨਾਲ ਪੜ੍ਹਾਈ ਕੀਤੀ ਹੁੰਦੀ ਤਾਂ ਹੁਣ ਆਸਾਨੀ ਰਹਿਣੀ ਸੀ, ਉਹ ਵਿਚਾਰੇ ਇਹ ਸੋਚ-ਸੋਚ ਕੇ ਹੁਣ ਵੀ ਨਹੀਂ ਪੜ੍ਹਦੇ। ਪਰ ਉਹ ਬਾਕੀ ਰਹਿੰਦੇ ਚੰਦਨ (ਸਮੇਂ) ਜੇ ਸਹੀ ਢੰਗ ਨਾਲ ਵਰਤੋਂ ਕਰ ਲੈਣ ਤਾਂ ਉਹ ਵਧੀਆ ਨੰਬਰਾਂ ਨਾਲ ਪਾਸ ਹੋ ਸਕਦੇ ਹਨ। ਐਵੇਂ ਹੀ ਬਾਕੀ ਸਾਰੇ ਵੀ ਜੇਕਰ ਆਪਣੇ-ਆਪਣੇ ਖਰਾਬ ਹੋਏ ਚੰਦਨ (ਸਮੇਂ) ਦੀ ਚਿੰਤਾ ਛੱਡ ਕੇ ਰਹਿੰਦਾ ਸਮਾਂ ਸਹੀ ਢੰਗ ਨਾਲ ਵਰਤ ਲੈਣ ਤਾਂ ਵੀ ਉਹਨਾਂ ਦੀ ਅੱਗੇ ਦੀ ਜ਼ਿੰਦਗੀ ਸੌਖੀ ਨਿਕਲ ਜਾਵੇਗੀ।

ਪਿੰਡ ਤੇ ਡਾਕ-ਬਾਹੜੋਵਾਲ,
ਜ਼ਿਲ੍ਹਾ-ਸ਼ਹੀਦ ਭਗਤ ਸਿੰਘ ਨਗਰ,
(ਪੰਜਾਬ)-144505
98729-96542



## ਗ਼ਜ਼ਲ

ਪੂਰਨ ਸਿੰਘ ਨਿਰਾਲਾ

ਵਧ ਘਟ ਦਿਲਾ ਕਿਉਂ ਬੋਲਦਾ ਰਹਿਨੈ।
ਤੇਰੇ ਵਿਚ ਹੈ ਜਿਸ ਨੂੰ ਟੋਲਦਾ ਰਹਿਨੈ।

ਜੰਗਲਾਂ ਪਹਾੜਾਂ ਵਿਚ ਨਹੀਉਂ ਮਿਲਦਾ,
ਖਿਆਲਾਂ ਦੀ ਤਕੜੀ ਤੋਲਦਾ ਰਹਿਨੈ।

ਉਹ ਤੇ ਨਿਰਮਲ ਹੈ ਝਰਨੇ ਵਰਗਾ,
ਪਾਣੀ ਵਿਚ ਫੜਕੜੀ ਘੋਲਦਾ ਰਹਿਨੈ।

ਉਹ ਸ਼ਰਧਾ ਦੇ ਨਾਲ ਮਿਲਦਾ ਏ ਸਚ,
ਐਵੇ ਨਦੀਆਂ ਨਾਲੇ ਫਰੋਲਦਾ ਰਹਿਨੈ।

ਬਸ ਇਕ ਦੇ ਉਤੇ ਯਕੀਨ ਕਰ ਲੈ ,
ਥਾਂ-ਥਾਂ ਕਿਉਂ ਜਿੰਦ ਨੂੰ ਰੋਲਦਾ ਰਹਿਨੈ।

ਇਕੋ ਦਰ ਹੈ ਨਿਹਮਤਾਂ ਦੇਣ ਵਾਲਾ,
ਹਰ ਦਰ ਨਿਰਾਲਾ ਖੋਲਦਾ ਰਹਿਨੈ।

ਤੇਰੇ ਵਲ ਜੇ ਮੁਰਸ਼ਦ ਹੈ ਮਿੱਤਰਾ,
ਫੇਰ ਕਿਓ ਐਵੈ ਤੂੰ ਡੋਲਦਾ ਰਹਿਨੈ।

ਪਿੰਡ ਤੇ ਡਾਕ-ਐਲਨਾਬਾਦ, ਤਹਿ-ਰਾਣੀਆ,
ਜ਼ਿਲ੍ਹਾ-ਸਿਰਸਾ (ਹਰਿਆਣਾ)
94161-52128

# ਮੁੱਖ ਅਧਿਆਪਕ ਦਾ ਅਨੁਸ਼ਾਸਨ

**ਸੁਰਿੰਦਰ ਕੈਲੇ**



ਰਾਮ ਸ਼ਰਨ ਡਿਉੜੀ ਪਾਰ ਕਰਕੇ ਬਰਾਂਡੇ ਦੀਆਂ ਪੌੜੀਆਂ ਚੜ੍ਹਨ ਹੀ ਲੱਗਾ ਸੀ ਕਿ ਅੱਗੋਂ ਮੁੱਖ ਅਧਿਆਪਕ ਭਗਵਾਨ ਸਿੰਘ ਜਮਾਤਾਂ ਦਾ ਚੱਕਰ ਲਗਾਉਣ ਲਈ ਦਫ਼ਤਰੋਂ ਨਿਕਲਿਆ। ਰਾਮ ਸ਼ਰਨ ਡਰ ਕੇ ਥਾਏਂ ਹੀ ਖੜ੍ਹਾ ਹੋ ਗਿਆ।

ਕੁਝ ਦਿਨ ਪਹਿਲਾਂ ਹੀ ਭਗਵਾਨ ਸਿੰਘ ਦੀ ਬਦਲੀ ਇਸ ਸਕੂਲ ਵਿੱਚ ਹੋਈ ਸੀ।ਪਹਿਲੇ ਹੀ ਦਿਨ ਪ੍ਰਾਰਥਨਾ ਤੋਂ ਬਾਅਦ ਉਸ ਨੇ ਹਦਾਇਤਾਂ ਦਿੰਦਿਆਂ ਵਿਦਿਆਰਥੀਆਂ ਨੂੰ ਸਮੇਂ ਸਿਰ ਸਕੂਲ ਆਉਣ ਤੇ ਸਕੂਲ ਸਮੇਂ ਇੱਧਰ-ਉੱਧਰ ਘੁੰਮਣ ਜਾਂ ਪਿਸ਼ਾਬ ਬਹਾਨੇ ਸਕੂਲ ਮੈਦਾਨ ਦੇ ਅਖੀਰ 'ਚ ਬਣੇ ਪਿਸ਼ਾਬ ਘਰ ਦੇ ਚੱਕਰ ਕੱਟਣ ਤੋਂ ਖਾਸ ਤੌਰ 'ਤੇ ਵਰਜਿਆ ਸੀ।

ਅੱਜ ਰਾਮ ਸ਼ਰਨ ਅੜਿੱਕੇ ਆ ਗਿਆ। ਮੁੱਖ ਅਧਿਆਪਕ ਦੇ ਨੇੜੇ ਆਉਣ ਤੇ ਉਸ ਨੇ ਦੋਨੋਂ ਹੱਥ ਜੋੜ ਕੇ ਨਮਸਤੇ ਕਹੀ। ਜਵਾਬ ਨਾ ਮਿਲਣ ਤੇ ਉਸਨੇ ਟੇਢੀ ਅੱਖ ਮੁੱਖ ਅਧਿਆਪਕ ਵੱਲ ਤੱਕਿਆ। ਉਸਦੀਆਂ ਅੱਖਾਂ ਵਿਚੋਂ ਜਿਵੇਂ ਅੰਗਿਆਰੇ ਨਿਕਲਦੇ ਹੋਣ। ਰਾਮ ਸ਼ਰਨ ਨੇ ਡਰਦਿਆਂ ਹੌਲੀ ਜਿਹੇ ਕਿਹਾ,'ਜੀ, ਮੈਂ ਅਧਿਆਪਕ ਜੀ ਨੂੰ ਹਫ਼ਤੇ ਲਈ ਬਿਮਾਰੀ ਦੀ ਛੁੱਟੀ ਲਈ ਅਰਜ਼ੀ ਦਿੱਤੀ ਸੀ। ਪਰ ਉਨ੍ਹਾਂ ਕਿਹਾ ਸੀ ਕਿ ਛੁੱਟੀ ਦੀ ਲੋੜ ਨਹੀਂ, ਤੂੰ ਹੁਸ਼ਿਆਰ ਵਿਦਿਆਰਥੀ ਹੈਂ। ਛੁੱਟੀ ਲੈਣ ਨਾਲ ਤੇਰੀ ਹਫ਼ਤੇ ਦੀ ਪੜ੍ਹਾਈ ਖ਼ਰਾਬ ਹੋਵੇਗੀ ਤੇ ਉਨ੍ਹਾਂ ਅਰਜ਼ੀ ਵਾਪਿਸ ਕਰ ਦਿੱਤੀ ਸੀ।

ਮੁੱਖ ਅਧਿਆਪਕ ਨੂੰ ਸਪਸ਼ਟੀਕਰਨ ਵਿਦਿਆਰਥੀ ਦਾ ਡਰਾਮਾ ਲੱਗਿਆ। ਵਿਦਿਆਰਥੀ ਨੇ ਅਨੁਸ਼ਾਸਨ ਦੀ ਅਵੱਗਿਆ ਕਰਕੇ ਵੱਡਾ ਗੁਨਾਹ ਕੀਤਾ ਹੈ। ਇਸਦੀ ਸਜਾ ਤਾਂ ਮਿਲਣੀ ਹੀ ਚਾਹੀਦੀ ਹੈ, ਸੋਚਦਿਆਂ ਮੁੱਖ ਅਧਿਆਪਕ ਨੇ ਸੱਜਾ ਹੱਥ ਜਿਉਂ ਹੀ ਹਰਕਤ ਵਿਚ ਲਿਆਂਦਾ ਰਾਮ ਸ਼ਰਨ ਦੀਆਂ ਲੱਤਾਂ ਕੰਬਣ ਲੱਗੀਆਂ। ਉਸਨੂੰ ਪਤਾ ਸੀ ਕਿ ਮੁੱਖ ਅਧਿਆਪਕ ਦਾ ਪੱਥਰ ਵਰਗਾ ਹੱਥ ਉਸਦੀਆਂ ਗੱਲ੍ਹਾਂ ਵਿਚੋਂ ਸੇਕ ਨਿਕਲਣ ਲਾ ਦੇਵੇਗਾ। ਉਸਦੀ ਮਾਰ ਤੋਂ ਵਿਦਿਆਰਥੀ ਇੰਝ ਡਰਦੇ ਸਨ ਜਿਵੇਂ ਬਾਜ਼ ਤੋਂ ਚਿੜੀਆਂ।

ਸਿਲ ਪੱਥਰ ਹੋਏ ਰਾਮ ਸ਼ਰਨ ਨੇ ਨਜ਼ਰਾਂ ਧਰਤੀ ਵਿਚ ਗੱਡੀਆਂ ਹੋਈਆਂ ਹਨ। ਮੁੱਖ ਅਧਿਆਪਕ ਦੀ ਬਿਜਲੀ ਉਸ ਉੱਪਰ ਡਿਗਣ ਹੀ ਵਾਲੀ ਹੈ। ਉਸ ਨੇ ਲੇਲ੍ਹੜੀਆਂ ਕੱਢਦਿਆਂ ਕਿਹਾ, "ਜੀ ਮੈਂ ਦਵਾਈ ਖਾਂਦਾ ਹਾਂ, ਜਿਸ ਕਰਕੇ ਸਕੂਲ ਸਮੇਂ ਦੋ ਵਾਰੀ ਪਿਸ਼ਾਬ ਕਰਨ ਜਾਣਾ ਹੀ ਪੈਂਦਾ ਹੈ।" ਕ੍ਰੋਧ ਵਿਚ ਉਠਿਆ ਹੱਥ ਸਥਿਰ ਹੋ ਗਿਆ। "ਚੱਲ, ਜਾਹ ਆਪਣੀ ਜਮਾਤ ਵਿਚ।" ਹੁਕਮ ਸੁਣਾਉਂਦਿਆਂ ਮੁੱਖ ਅਧਿਆਪਕ ਚੱਕਰ ਲਗਾਉਂਣ ਦੀ ਥਾਂ ਵਾਪਿਸ ਆਪਣੇ ਦਫ਼ਤਰ ਚਲਾ ਗਿਆ।

ਸ਼ਹੀਦ ਭਗਤ ਸਿੰਘ ਨਗਰ,
ਪੋਖੋਵਾਲ ਰੋਡ, ਲੁਧਿਆਣਾ (ਪੰਜਾਬ)
98725-91653

## ਗ਼ਜ਼ਲ



**ਗੁਰਜੋਤ ਸਿੰਘ ਦੌਦਪੁਰ**

ਸੂਰਜ ਦੇ ਚਮਕਣ ਪਿੱਛੋਂ ਜਾਗ ਪੈਣਗੇ ਲੋਕ,
ਕਿਸੇ ਦੇ ਫਾਂਸੀ ਲਮਕਣ ਪਿੱਛੋਂ ਜਾਗ ਪੈਣਗੇ ਲੋਕ।

ਟੀ.ਵੀ. ਵਿੱਚ ਲਾਠੀਚਾਰਜ ਦੇਖ ਆਪਾਂ ਨੂੰ ਕਿਹੜਾ ਦਰਦ ਹੋਊ,
ਖ਼ੁਦ ਦੇ ਸਿਰ 'ਤੇ ਖੜਕਣ ਪਿੱਛੋਂ ਜਾਗ ਪੈਣਗੇ ਲੋਕ।

ਦੋ ਤਿੰਨ ਕਣੀਆਂ ਕੀ ਖੋਲ੍ਹਣ ਨੀਂਦ ਇਨ੍ਹਾਂ ਸਦੀਆਂ ਤੋਂ ਸੁੱਤਿਆਂ ਦੀ,
ਵੱਡੇ ਬਦਲ ਦੇ ਕੜਕਣ ਪਿੱਛੋਂ ਜਾਗ ਪੈਣਗੇ ਲੋਕ।

ਜਦ ਵੀ ਵੀ ਗੱਲ ਆਉਣੀ ਹੈ ਜ਼ਮੀਨਾਂ ਅਤੇ ਜਮੀਰਾਂ ਤੇ,
ਇਕ ਪਲ ਹੀ ਝਪਕਣ ਪਿੱਛੋਂ ਜਾਗ ਪੈਣਗੇ ਲੋਕ।

ਪਿੰਡ-ਦੌਦਪੁਰ, ਡਾਕ-ਭੜੁੰਗਪੁਰ,
ਜ਼ਿਲ੍ਹਾ-ਅੰਬਾਲਾ (ਹਰਿਆਣਾ)-134003
93502-24750

# ਨਾਵਲ ਲਿਫ਼ਾਫ਼ਾ 'ਸਮੁੰਦ ਸਮਾਇਆ ਬੂੰਦ ਮੇਂ

ਡਾ. ਚਰਨਜੀਤ ਸਿੰਘ ਉਡਾਰੀ



ਨਾਵਲ ਸਾਹਿਤ ਦੀ ਇੱਕ ਅਜਿਹੀ ਵੰਨਗੀ ਹੈ ਜਿਹੜੀ ਹਰ ਕਿਸੇ ਦੇ ਹੱਥ ਵੱਸ ਨਹੀਂ ਆਉਂਦੀ। ਕਹਾਣੀ, ਕਵਿਤਾ, ਨਿਬੰਧ ਆਦਿ 'ਤੇ ਲਿਖਣਾ ਨਾਵਲ ਲਿਖਣ ਨਾਲੋਂ ਬਹੁਤ ਸੌਖਾ ਹੈ। ਨਾਵਲ ਲਿਖਣ ਲਈ ਵਿਸ਼ਾਲ ਗਿਆਨ, ਤਜਰਬੇ ਅਤੇ ਅਨੁਭਵ ਦੀ ਲੋੜ ਹੁੰਦੀ ਹੈ। ਮੈਨੂੰ ਡਾ. ਸੁਜਾਨ ਸਿੰਘ ਜੀ ਦਾ ਉਹ ਕਥਨ ਯਾਦ ਹੈ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਮੈਂ ਇੱਕ ਵਾਰੀ ਨਾਵਲ ਲਿਖਣਾ ਸ਼ੁਰੂ ਕੀਤਾ। ਮੇਰਾ ਨਾਇਕ ਕਸ਼ਮੀਰ ਜਾਣਾ ਚਾਹੁੰਦਾ ਸੀ ਪਰ ਮੇਰੇ ਕੋਲ ਕਸ਼ਮੀਰ ਜਾਣ ਦਾ ਨਾ ਸਮਾਂ ਸੀ ਨਾ ਪੈਸਾ। ਮੈਂ ਛੁੱਟੀਆਂ ਵਿੱਚ ਕਸ਼ਮੀਰ ਜਾਣ ਬਾਰੇ ਸੋਚਿਆ ਪ੍ਰੰਤੂ ਜਦੋਂ ਛੁੱਟੀਆਂ ਹੋਈਆਂ ਤਾਂ ਮੇਰੇ ਕੋਲ ਪੈਸਿਆਂ ਦੀ ਕਮੀ ਸੀ। ਜਦੋਂ ਤੱਕ ਮੈਂ ਪੈਸਿਆਂ ਦਾ ਪ੍ਰਬੰਧ ਕੀਤਾ ਤਾਂ ਛੁੱਟੀਆਂ ਮੁੱਕ ਗਈਆਂ। ਆਖਿਰ ਮੈਂ ਸੋਚਿਆ ਕਿ ਸੁਜਾਨ ਸਿੰਘਾ ਤੂੰ ਕਹਾਣੀਆਂ ਹੀ ਲਿਖ, ਨਾਵਲ ਲਿਖਣਾ ਤੇਰੇ ਵੱਸ ਦਾ ਰੋਗ ਨਹੀਂ।

ਇੰਜੀਨੀਅਰ ਡੀ. ਐਮ. ਸਿੰਘ ਦਾ ਨਾਵਲ ਲਿਫ਼ਾਫ਼ਾ, ਉਨ੍ਹਾਂ ਦਾ ਪਲੇਠਾ ਪਰ ਇੱਕ ਸਫ਼ਲ ਯਤਨ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਵਿਤਾ, ਕਹਾਣੀ, ਨਾਟਕ, ਅਤੇ ਨਿਬੰਧਾਂ 'ਤੇ ਕਲਮ ਅਜ਼ਮਾਈ ਹੈ। ਇਸ ਨਾਵਲ ਨੂੰ ਲਿਖ ਕੇ ਉਨ੍ਹਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਉਹ ਸਾਹਿਤ ਦੀ ਇਸ ਵਿਧਾ ਦੇ ਵੀ ਸਫ਼ਲ ਘੁਲਾਟੀਏ ਹਨ।

ਡੀ. ਐਮ. ਸਿੰਘ ਦਾ ਜਨਮ ਦੇਸ਼ ਦੀ ਵੰਡ ਪਿੱਛੋਂ ਅੰਬਾਲੇ ਹੋਇਆ। ਉਸਦੇ ਵਿਰਸੇ ਦੀ ਪਿੱਠ ਭੂਮੀ ਪੋਠੋਹਾਰ ਦੀ ਤਾਸੀਰ ਅਤੇ ਤਹਿਜ਼ੀਬ ਨਾਲ ਜੁੜੀ ਹੋਈ ਹੈ। ਪੋਠੋਹਾਰ ਦੀ ਜ਼ਰਖੇਜ਼ ਜ਼ਮੀਨ ਜਿਸ ਨੇ ਪ੍ਰੋ. ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ, ਪ੍ਰਿੰਸੀਪਲ ਤੇਜਾ ਸਿੰਘ, ਗੁਰਮੁੱਖ ਸਿੰਘ ਮੁਸਾਫਿਰ ਅਤੇ ਮਾਸਟਰ ਤਾਰਾ ਸਿੰਘ ਵਰਗਿਆਂ ਨੂੰ ਜਨਮ ਦਿੱਤਾ ਹੈ, ਦੀ ਮਿੱਟੀ ਦੀ ਮਹਿਕ ਉਸ ਦੀ ਸ਼ਖ਼ਸੀਅਤ ਵਿੱਚੋਂ ਸਾਫ ਝਲਕਦੀ ਹੈ। ਉਹ ਜਦੋਂ ਸਧਾਰਨ ਰੂਪ ਵਿੱਚ ਵੀ ਗੱਲਬਾਤ ਕਰਦਾ ਹੈ ਤਾਂ ਉਸਦੇ ਲਹਿਜੇ ਅਤੇ ਉਚਾਰਣ ਵਿੱਚੋਂ ਪੋਠੋਹਾਰੀ ਬੋਲੀ ਦੀ ਸੁਗੰਧੀ ਆਉਂਦੀ ਹੈ। ਆਪਣੇ ਇਸ ਨਾਵਲ ਲਿਫ਼ਾਫ਼ਾ ਵਿੱਚ ਉਸਦੇ ਨਾਇਕ ਰੇਸ਼ਮ ਸਿੰਘ ਦਾ ਪਰਿਵਾਰਕ ਪਿਛੋਕੜ ਵੀ ਗੁਜਰਖਾਨ ਨਾਲ ਜੁੜਿਆ ਹੋਇਆ ਹੈ। ਉਹ ਪ੍ਰੀਤਮ ਸਿੰਘ ਗੁੱਜਰਖ਼ਾਨੀ ਦੀ ਪਰਿਵਾਰਿਕ ਲੜੀ ਦਾ ਇੱਕ ਹਿੱਸਾ ਹੈ।

ਨਾਵਲ ਦੀ ਕਹਾਣੀ ਫੌਜ ਵਿੱਚੋਂ ਪੈਨਸ਼ਨ ਆਏ ਇੱਕ ਫੌਜੀ ਰੇਸ਼ਮ ਸਿੰਘ ਦੀ ਕਹਾਣੀ ਹੈ ਜਿਹੜਾ ਕਾਰਗਿਲ ਦੀ ਜੰਗ ਵਿੱਚ ਇੱਕ ਜੰਗੀ ਕੈਦੀ ਹੋਣ ਦੇ ਬਾਵਜੂਦ ਇੱਕ ਤਲਿਸਮੀ ਵਰਤਾਰੇ ਨਾਲ ਬਚ ਕੇ ਨਿਕਲ ਆਉਂਦਾ ਹੈ। ਇਸ ਕ੍ਰਿਸ਼ਮੇ ਵਿੱਚ ਉਸਨੂੰ ਜੀਵਨ ਦਾਨ ਦੇਣ ਵਾਲਾ ਅੱਲਾ ਬਖਸ਼ ਦਾ ਪੋਤਰਾ ਮੀਰ ਬਖਸ਼ ਹੈ ਜਿਹੜਾ ਪ੍ਰੀਤਮ ਸਿੰਘ ਗੁੱਜਰਖ਼ਾਨੀ ਦਾ ਹਮਸਾਇਆ ਸੀ। ਦੇਸ਼ ਦੀ ਵੰਡ ਸਮੇਂ ਅੱਲਾ ਬਖਸ਼ ਹੀ ਸੀ ਜਿਸ ਨੇ ਦੋਸਤੀ ਦੀ ਲਾਜ ਨਿਭਾਉਂਦਿਆਂ ਆਪਣੇ ਗੁਆਂਢੀ ਪ੍ਰੀਤਮ ਸਿੰਘ ਗੁੱਜਰਖ਼ਾਨੀ ਦੇ ਪਰਿਵਾਰ ਦੀ ਜਾਨ ਬਚਾਈ ਅਤੇ ਉਸਨੂੰ ਬਾ-ਹਿਫ਼ਾਜ਼ਤ ਭਾਰਤ ਪਹੁੰਚਾਇਆ। ਉਸ ਅੱਤ ਮਾੜੇ ਅਤੇ ਬਿਖੜੇ ਸਮੇਂ ਵਿੱਚ ਜਦੋਂ ਮਜ਼ਬੀ ਤਅੱਸੁਬ ਦਾ ਸ਼ਿਕਾਰ ਲੋਕ ਦੋਹੀਂ ਪਾਸੀਂ ਇੱਕ ਦੂਸਰੇ ਦੀ ਜਾਨ ਦੇ ਵੈਰੀ ਬਣੇ ਹੋਏ ਸਨ ਤਾਂ ਅਜਿਹੇ ਸਮੇਂ ਵਿੱਚ ਵੀ ਅੱਲਾ ਬਖਸ਼ ਸਹੀ ਅਰਥਾਂ ਵਿੱਚ ਦੋਸਤੀ ਦੀ ਲਾਜ ਰੱਖਦਿਆਂ ਕਹਿੰਦਾ ਹੈ, "ਪ੍ਰੀਤਮ ਸਿੰਘਾ ਯਾਰਾ ਹੇ, ਤੇ ਪਤਾ ਨਹੀਂ ਕਿ ਆਖਿਰ ਹਿਥੈ ਰਹਿਣਾ ਕਿ ਜਾਣਾ ਪੈਣਾ। ਪਰ ਹਿਥੇ ਗੁੱਜਰਖਾਨ ਚੋ ਤੇਰਾ ਬਾਲ ਵੀ ਬਾਕਾ ਨਾ ਹੋਣ ਦੇਸਾਂ।"

ਵਿਛੜਨ ਲੱਗਿਆਂ ਅੱਲਾ ਬਖਸ਼ ਤੇ ਪ੍ਰੀਤਮ ਸਿੰਘ ਗੁੱਜਰਖ਼ਾਨੀ ਇੱਕ ਦੂਜੇ ਨੂੰ ਮਿਲ ਕੇ ਭੁੱਬਾਂ ਮਾਰ ਕੇ ਰੋਏ। ਇਸੇ ਅੱਲਾ ਬਖਸ਼ ਦਾ ਪੋਤਰਾ ਮੀਰ ਬਖਸ਼ ਗੁੱਜਰਖ਼ਾਨੀ ਜੋ ਅੱਲਾ ਬਖਸ਼ ਦੇ ਪੁੱਤਰ ਸਿਕੰਦਰ ਬਖਸ਼ ਦਾ ਪੋਤਰਾ ਹੈ, ਉਹ ਜੰਗੀ ਕੈਦੀ ਬਣੇ ਰੇਸ਼ਮ ਸਿੰਘ ਫੌਜੀ ਦੀਆਂ ਹੱਥਕੜੀਆਂ ਅਤੇ ਬੇੜੀਆਂ ਲਾਹ ਕੇ ਉਸਨੂੰ ਆਜ਼ਾਦ ਕਰ ਦਿੰਦਾ ਹੈ। ਡੀ. ਐਮ. ਸਿੰਘ ਵੱਲੋਂ ਦੋਸਤੀ ਦਾ ਚਿਤਰਿਆ ਇਹ ਦ੍ਰਿਸ਼ ਇਨਸਾਨੀ ਰਿਸ਼ਤਿਆਂ ਦੇ ਇਤਿਹਾਸ ਦਾ ਸੁਨਹਿਰੀ ਕਾਂਡ ਹੈ ਜਿਹੜਾ ਮਨੁੱਖਤਾ ਦੇ ਇਤਿਹਾਸ ਵਿੱਚ ਸਦਾ ਮਾਣ ਨਾਲ ਚੇਤੇ ਰੱਖਿਆ ਜਾਵੇਗਾ।

ਰੇਸ਼ਮ ਸਿੰਘ ਦੇ ਪੈਨਸ਼ਨ ਆਉਣ ਤੋਂ ਪਹਿਲਾਂ ਉਸਦਾ ਪਿਤਾ ਉਸਦੇ ਵਿਯੋਗ ਵਿੱਚ ਹੀ ਗੁਜ਼ਰ ਜਾਂਦਾ ਹੈ। ਉਸਨੂੰ ਆਪਣਾ ਪਿਤਾ ਮੋਹ ਆਪਣੇ ਚਾਚੇ ਹਰਾ ਸਿੰਘ ਵਿੱਚੋਂ ਨਜ਼ਰ ਆਉਂਦਾ ਹੈ। ਹਰਾ ਸਿੰਘ ਵੀ ਉਸਦੇ ਘਰ ਆਉਣ ਸਮੇਂ ਕੁਝ ਢਿੱਲਾ-ਮੱਠਾ ਨਜ਼ਰ ਆਉਂਦਾ ਹੈ। ਉਹ ਪਿੰਡ ਦੇ ਇੱਕ ਹਕੀਮ ਪੰਨਾ ਲਾਲ ਦੇ ਅੜਿੱਕੇ ਚੜ੍ਹ ਕੇ ਅਜਿਹੀਆਂ ਘੁੰਮਣ ਘੇਰੀਆਂ ਵਿੱਚ ਉਲਝਦਾ ਹੈ ਜਿੱਥੋਂ ਕੋਈ ਵਾਪਸ ਨਹੀਂ ਮੁੜਦਾ। ਇਹ ਖਾਨਦਾਨੀ ਹਕੀਮ ਹਰ ਇੱਕ ਨੂੰ ਦਵਾਈ ਵਿੱਚ ਸਿਟੀਉਰਾਈਡ ਪਾ ਕੇ ਵਕਤੀ ਤੌਰ ’ਤੇ ਤਾਂ ਰੋਗ ਮੁਕਤ ਕਰਦਾ ਹੈ ਪਰ ਅਸਲ ਵਿੱਚ ਉਸਦੀ ਮਰਜ਼ ਨੂੰ ਵਿਗਾੜ ਦਿੰਦਾ ਹੈ।

ਰੇਸ਼ਮ ਸਿੰਘ ਦੀ ਚਾਚੇ ਪ੍ਰਤੀ ਮੁਹੱਬਤ ਪਿਤਰੀ ਮੋਹ ਦੇ ਇੱਕ ਅਜਿਹੇ ਆਦਰਸ਼ਕ ਰੂਪ ਦੀ ਝਲਕ ਪੇਸ਼ ਕਰਦੀ ਹੈ ਜਿਹੜੀ ਉਸਦੇ ਨਿਰਛਲ ਤੇ ਭੋਲੇ-ਭਾਲੇ ਚਰਿੱਤਰ ਨੂੰ ਉਜਾਗਰ ਕਰਦੀ ਹੈ। ਉਹ ਆਪਣੇ ਚਾਚੇ ਤੋਂ ਜਾਨ ਤੱਕ ਵਾਰਨ ਲਈ ਤਿਆਰ ਹੈ। ਇੱਥੇ ਨਾਲ ਹੀ ਹਕੀਮ ਅਤੇ ਸਰਪੰਚ ਲੱਖਾ ਸਿੰਘ ਦੀ ਜੋੜੀ ਅਜਿਹੇ ਕਿਰਦਾਰਾਂ ਦਾ ਰੋਲ ਨਿਭਾਉਂਦੀ ਹੈ ਜਿਹੜੇ ਸਾਡੇ ਸਮਕਾਲੀ ਸਮਾਜ ਵਿੱਚ ਵੱਧ ਰਹੀ ਤਿਜਾਰਤੀ ਅਤੇ ਭ੍ਰਿਸ਼ਟ ਵਰਤਾਰੇ ਦੇ ਇੱਕ ਘਿਣਾਉਣੇ ਚਰਿੱਤਰ ਨੂੰ ਉਜਾਗਰ ਕਰਦੀ ਹੈ।

ਲੇਖਕ ਨੇ ਇੱਥੇ ਨਾਲ ਹੀ ਪੰਜਾਬ ਵਿੱਚ ਵੱਧ ਰਹੇ ਨਸ਼ਿਆਂ ਦੇ ਪ੍ਰਕੋਪ ਅਤੇ ਸਿਹਤ ਸੇਵਾਵਾਂ ਵਿੱਚ ਆ ਰਹੇ ਨਿਘਾਰ ਦੇ ਨਾਂਹ ਪੱਖੀ ਵਰਤਾਰੇ ਦਾ ਸਰੂਪ ਵੀ ਉਘਾੜਿਆ ਹੈ ਜਿਸਨੂੰ ਦੇਖ-ਸੁਣ ਕੇ ਰੂਹ ਕੰਬ ਜਾਂਦੀ ਹੈ। ਇਹ ਅਜਿਹੇ ਕਿਰਦਾਰ ਹਨ ਜਿਨ੍ਹਾਂ ਕਰਕੇ ਹੱਸਦਾ-ਵੱਸਦਾ ਪੰਜਾਬ ਸਿਵਿਆਂ ਦੇ ਰਾਹ ਪੈ ਗਿਆ ਹੈ।

ਹਕੀਮ ਪੰਨਾ ਲਾਲ ਅਤੇ ਸਰਪੰਚ ਲੱਖਾ ਸਿੰਘ ਭੋਲੇ-ਭਾਲੇ ਫੌਜੀ ਨੂੰ ਆਪਣੇ ਹੱਥਾਂ ਉੱਤੇ ਚਾੜ ਕੇ ਰੱਜ ਕੇ ਲੁੱਟਦੇ ਹਨ। ਇਹ ਵਿਚੋਲੀਏ ਕਾਰਪੋਰੇਟ ਜਗਤ ਵੱਲੋਂ ਉਸਾਰੇ ਜਾ ਰਹੇ ਹਸਪਤਾਲਾਂ ਦੀ ਪੋਲ ਵੀ ਖੋਲ੍ਹਦੇ ਹਨ ਜਿੱਥੇ ਆਲੀਸ਼ਾਨ ਬਿੰਲਡਿੰਗਾਂ ਅਤੇ ਮਹਿੰਗੀਆਂ ਮਸ਼ੀਨਾਂ ਰਾਹੀਂ ਗਰੀਬਾਂ ਦੀ ਲਹੂ-ਪਸੀਨੇ ਦੀ ਕਮਾਈ ਨੂੰ ਲੁੱਟਿਆ ਜਾਂਦਾ ਹੈ। ਇਹ ਕਾਰਪੋਰੇਟ ਜਗਤ ਇਨ੍ਹਾਂ ਵਿਚੋਲਿਆਂ ਸਦਕਾ ਭ੍ਰਿਸ਼ਟ ਵਰਤਾਰੇ ਨਾਲ ਲੱਖਪਤੀ ਤੋਂ ਕਰੋੜਪਤੀ ਅਤੇ ਅਰਬਪਤੀਆਂ ਦੀ ਸ਼੍ਰੇਣੀ ਵੱਲ ਵੱਧ ਰਿਹਾ ਹੈ। ਹਕੀਮ ਅਤੇ ਸਰਪੰਚ ਵਰਗੇ ਦਲਾਲ ਬਹੁ-ਰੂਪੀਏ ਬਣਕੇ ਇੱਕ ਪਾਸੇ ਤੁਹਾਡੇ ਹਮਦਰਦ ਤੇ ਸਹਾਇਕ ਬਣਕੇ ਤੁਹਾਡਾ ਵਿਸ਼ਵਾਸ ਜਿੱਤਦੇ ਹਨ ਤੇ ਦੂਜੇ ਪਾਸੇ ਉਹ ਇਨ੍ਹਾਂ ਹਸਪਤਾਲਾਂ ਦੇ ਏਜੰਟ ਬਣ ਕੇ ਭੋਲੇ-ਭਾਲੇ ਲੋਕਾਂ ਦੀ ਛਿੱਲ ਲਾਹੁੰਦੇ ਅਤੇ ਲੁਹਾਉਂਦੇ ਹਨ। ਇਨ੍ਹਾਂ ਹਸਪਤਾਲਾਂ ਵਿੱਚ ਹਰ ਤਰ੍ਹਾਂ ਦੇ ਜਾਇਜ਼, ਨਾਜਾਇਜ਼ ਟੈਸਟ, ਦਵਾਈਆਂ ਅਤੇ ਓਪਰੇਸ਼ਨ ਕੀਤੇ ਜਾਂਦੇ ਹਨ। ਮਰੀਜ਼ ਨੂੰ ਭਾਵੇਂ ਇਨ੍ਹਾਂ ਦੀ ਲੋੜ ਹੋਵੇ ਭਾਵੇਂ ਨਾ ਪਰ ਇਹ ਵਿਚੋਲੀਏ ਅਤੇ ਹਸਪਤਾਲ ਆਪਣੀਆਂ ਤਿਜੋਰੀਆਂ ਭਰਨ ਲਈ ਕੋਈ ਵੀ ਹੱਥ ਕੰਡਾ ਬਾਕੀ ਨਹੀਂ ਛੱਡਦੇ।

ਮਨੁੱਖੀ ਜ਼ਿੰਦਗੀ ਵਿੱਚ ਸਾਹਿਤ ਅਤੇ ਸਿੱਖਿਆ ਦੋ ਅਜਿਹੇ ਬੁਨਿਆਦੀ ਵਿਸ਼ੇ ਹਨ ਜਿਨ੍ਹਾਂ ਦਾ ਪੂਰੀ ਤਰ੍ਹਾਂ ਵਪਾਰੀਕਰਨ ਹੋ ਗਿਆ ਹੈ। ਡਾਕਟਰੀ ਦਾ ਕਿੱਤਾ ਜਿਹੜਾ ਸਿਹਤ ਸੇਵਾਵਾਂ ਨਾਲ ਜੁੜਿਆ ਹੋਇਆ ਹੈ, ਪੂਰੀ ਤਰ੍ਹਾਂ ਕਾਰਪੋਰੇਟ ਜਗਤ ਦੇ ਹਿੱਤਾਂ ਦੀ ਪੂਰਤੀ ਲਈ ਕੰਮ ਕਰ ਰਿਹਾ ਹੈ। ਡਾਕਟਰ ਜਿਸਦਾ ਕੰਮ ਮਰੀਜ਼ ਦੀ ਨਬਜ਼ ਦੇਖ ਕੇ ਇਲਾਜ ਕਰਨਾ ਹੁੰਦਾ ਹੈ, ਉਹ ਹੁਣ ਨਬਜ਼ ਦੀ ਥਾਂ ਜੇਬ ਦੇਖਦਾ ਹੈ। ਉਸਦਾ ਨਸ਼ਤਰ ਹੁਣ ਬਿਮਾਰੀ ਦੀ ਚੀਰ-ਫਾੜ ਕਰਨ ਦੀ ਥਾਂ ਜੇਬਾਂ ਨੂੰ ਫਰੋਲਦਾ ਤੇ ਕੱਟਦਾ ਹੈ। ਇਹਨਾਂ ਲੁਟੇਰਿਆਂ ਨੂੰ ਕਿਸੇ ਨਾਲ ਕੋਈ ਹਮਦਰਦੀ ਨਹੀਂ, ਇਹ ਤਾਂ ਸਿਰਫ ਆਪਣੇ ਤਿਜਾਰਤੀ ਲਾਭਾਂ ਲਈ ਹਰ ਤਰ੍ਹਾਂ ਦੀ ਬੇਈਮਾਨੀ ਕਰਨ ਲਈ ਤਿਆਰ ਰਹਿੰਦੇ ਹਨ।

ਸਾਡੇ ਸਮਾਜ ਵਿੱਚ ਹਰ ਪਾਸੇ ਇਹਨਾਂ ਏਜੰਟਾਂ ਦਾ ਜਾਲ ਵਿਛਿਆ ਹੋਇਆ ਹੈ। ਟੈਕਸੀਆਂ ਵਾਲੇ ਡਰਾਇਵਰ, ਕੈਮਿਸਟ, ਛੋਟੇ-ਵੱਡੇ ਕਰਮਚਾਰੀ, ਸਮਾਜ ਸੇਵਕ ਅਤੇ ਲੋਕ ਰਾਜੀ ਢਾਚੇਂ ਰਾਹੀਂ ਚੁਣੇ ਹੋਏ ਪੰਚਾਂ, ਸਰਪੰਚਾਂ ਤੋਂ ਲੈ ਕੇ ਮੰਤਰੀ ਤੱਕ ਸਾਰੇ ਹੀ ਇਸ ਹਮਾਮ ਵਿੱਚ ਨੰਗੇ ਹਨ। ਇਹ ਆਪਣੇ ਨਿੱਜੀ ਲਾਭਾਂ ਲਈ ਕੁਝ ਵੀ ਕਰਨ ਲਈ ਤਿਆਰ ਰਹਿੰਦੇ ਹਨ। ਇਹਨਾਂ ਦਾ ਇੱਕੋ ਇੱਕ ਮਨੋਰਥ ਇਸ ਕਮਾਈ ਨਾਲ ਆਪਣਾ ਉੱਲੂ ਸਿੱਧਾ ਕਰਨਾ ਹੁੰਦਾ ਹੈ। ਇਹਨਾਂ ਸਾਰਿਆਂ ਦੇ ਹੱਥ ਇਨਸਾਨੀ ਖ਼ੂਨ ਨਾਲ ਲਿਬੜੇ ਹੋਏ ਹਨ। ਇੱਥੋਂ ਤੱਕ ਕਿ ਨਾਮੀ ਗਰਾਮੀ ਹਸਪਤਾਲ ਵੀ ਇਸ ਭ੍ਰਿਸ਼ਟ ਵਰਤਾਰੇ ਤੋਂ ਬਚ ਨਹੀਂ ਸਕੇ। ਲੁਧਿਆਣੇ ਦਾ ਇੱਕ ਹਸਪਤਾਲ ਮੋਹਾਲੀ ਦੇ ਇੱਕ ਵੱਡੇ ਹਸਪਤਾਲ ਵਿੱਚ ਮਰੀਜ਼

ਨੂੰ ਰੈਫਰ ਕਰਨ ਲੱਗਿਆਂ ਇਵਜ਼ਾਨੇ ਦਾ ਲਿਫ਼ਾਫ਼ਾ ਪ੍ਰਾਪਤ ਕਰਦਾ ਹੈ।

ਸਤਿਗੁਰਾਂ ਦੇ ਪਵਿੱਤਰ ਵਾਕ "ਕੋਈ ਹਰਿਆ ਬੂਟੁ ਰਹਿਓ ਰੀ" ਦੇ ਪ੍ਰਤੀਕ ਕੁਝ ਅਜਿਹੇ ਪਾਤਰ ਵੀ ਹਨ ਜੋ ਇਸ ਸ਼ਾਹ ਕਾਲੇ ਹਨੇਰੇ ਪੱਖ ਵਿੱਚ ਚਾਨਣ ਦੇ ਪ੍ਰਤੀਕ ਦੀਵਿਆਂ ਅਤੇ ਜੁਗਨੂੰਆਂ ਵਾਂਗ ਟਿਮ ਟਿਮਾ ਕੇ ਚਾਨਣਾ ਕਰ ਰਹੇ ਹਨ ਪਰ ਇਹਨਾਂ ਵਿੱਚ ਇਸ ਹਨੇਰੇ ਵਿਰੁੱਧ ਲੜਨ ਅਤੇ ਜੱਦੋ-ਜਹਿਦ ਕਰਨ ਦਾ ਜੇਰਾ ਵਿਖਾਈ ਨਹੀਂ ਦਿੰਦਾ। ਡੀ. ਐਮ. ਸਿੰਘ ਦੇ ਕਥਨ ਅਨੁਸਾਰ ਇਹ ਉਹ ਪ੍ਰੇਰਣਾਮਈ ਸੰਕੇਤ ਹਨ ਜਿਹੜੇ ਇਸ ਰਚਨਾ ਨੂੰ ਜਨਮ ਦੇਣ ਦੇ ਕਾਰਨ ਬਣੇ ਹਨ। ਇਹਨਾਂ ਵਿੱਚ ਡਾ. ਵਿਕਰਮ ਸਰੂਪ ਪੱਟੀ, ਡਾ. ਬਤਰਾ, ਸਰਪੰਚ ਸਰਵਣ ਸਿੰਘ, ਹੈੱਡਮਾਸਟਰ ਜੋਗਿੰਦਰ ਸਿੰਘ, ਸੂਬੇਦਾਰ ਪਰਸਰਾਮ, ਡਰਾਇਵਰ ਚੰਨਣ ਸਿੰਘ ਰੇਸ਼ਮੀ ਅਤੇ ਉਸ ਦੇ ਸਹੁਰਾ ਬਾਉ ਸਾਹਿਬ ਸ਼ਾਮਲ ਹਨ। ਇਹ ਪਾਤਰ ਵਿਅਕਤੀਗਤ ਦੀ ਥਾਂ ਸ਼੍ਰੇਣੀ ਪ੍ਰਤੀਨਿਧ ਬਣ ਕੇ ਉੱਭਰਦੇ ਹਨ। ਇਹ ਉਹ ਜੁਗਤੀ ਹੈ ਜਿਸ ਨਾਲ ਉਸ ਨੇ ਕੱਤਰੇ 'ਚ' ਨੂੰ ਸਮੁੰਦਰ ਵਿਚ ਸਮੋਇਆ ਹੈ।

ਨਾਵਲ ਦਾ ਵਿਸ਼ਾ ਵਰਤਮਾਨ ਪ੍ਰਸਥਿਤੀਆਂ ਵਿੱਚ ਸਮਾਜ ਵਿੱਚ ਵੱਧ ਰਹੇ ਭ੍ਰਿਸ਼ਟ ਵਰਤਾਰੇ ਨੂੰ ਸਹੀ ਅਤੇ ਯਥਾਰਥਕ ਰੂਪ ਵਿੱਚ ਚਿਤ੍ਰਣ ਵਿੱਚ ਪੂਰੀ ਤਰ੍ਹਾਂ ਸਫਲ ਰਿਹਾ ਹੈ।

ਇਸ ਨਾਵਲ ਵਿੱਚ ਉਸਦੀ ਕਹਾਣੀ ਦੇ ਕਥਾਨਕ ਦਾ ਘੇਰਾ ਭਾਵੇਂ ਬੜਾ ਸੀਮਤ ਜਿਹਾ ਹੈ ਪਰ ਜਿਸ ਬਾਖ਼ੂਬੀ ਨਾਲ ਉਸਨੇ ਆਪਣੀ ਰਵਾਨਗੀ ਅਤੇ ਰਸ ਨੂੰ ਕਾਇਮ ਰੱਖਿਆ ਹੈ, ਉਸ ਲਈ ਉਹ ਵਿਸ਼ੇਸ਼ ਪ੍ਰਸੰਸਾ ਅਤੇ ਵਧਾਈ ਦਾ ਹੱਕਦਾਰ ਹੈ।

ਇੱਕ ਨਿੱਕੇ ਜਿਹੇ ਦਾਇਰੇ ਵਿੱਚ ਰਹਿ ਕੇ ਉਸਨੇ ਇੱਕ ਵੱਡ ਅਕਾਰੀ ਰਚਨਾ ਨੂੰ ਜਨਮ ਹੀ ਨਹੀਂ ਦਿੱਤਾ ਬਲਕਿ ਆਪਣੀ ਲਿਖਤ ਦੀ ਪੁਖਤਗੀ ਦਾ ਸਬੂਤ ਵੀ ਦਿੱਤਾ ਹੈ। ਇਹੋ ਹੀ ਉਸਦੀ ਸ਼ੈਲੀ ਦਾ ਇਕ ਮੀਰੀ ਗੁਣ ਹੈ।

ਨਾਵਲ ਦਾ ਸਥਾਨਿਕ ਘੇਰਾ ਵੀ ਲੁਧਿਆਣੇ ਦੇ ਇੱਕ ਨਿੱਕੇ ਜਿਹੇ ਪਿੰਡ ਤੋਂ ਸ਼ੁਰੂ ਹੋ ਕੇ ਲੁਧਿਆਣੇ ਦੇ ਇੱਕ ਨਾਮੀ ਹਸਪਤਾਲ ਤੋਂ ਮੋਹਾਲੀ ਦੇ ਇੱਕ ਵੱਡੇ ਹਸਪਤਾਲ ਤੱਕ ਸੀਮਤ ਹੈ। ਸਮੇਂ ਦੀ ਸੀਮਾ ਵੀ ਰੇਸ਼ਮ ਸਿੰਘ ਦੇ ਪੈਨਸ਼ਨ ਆਉਣ ਪਿੱਛੋਂ ਚਾਚਾ ਹਰਾ ਸਿੰਘ ਦੀ ਬਿਮਾਰੀ ਤੇ ਤਿਮਾਰਦਾਰੀ ਅਤੇ ਕੁਝ ਦਿਨਾਂ ਦੀ ਕਹਾਣੀ ਹੈ। ਜਿਹੜੀ ਦੋ-ਤਿੰਨ ਮਹੀਨਿਆਂ ਦੇ ਘੇਰੇ ਵਿੱਚ ਸਿਮਟ ਜਾਂਦੀ ਹੈ। ਡੀ. ਐੱਮ. ਸਿੰਘ ਨੇ ਗਾਗਰ ਵਿੱਚ ਸਾਗਰ ਨੂੰ ਬੰਦ ਕੀਤਾ ਹੈ। ਇੰਝ ਲਗਦਾ ਹੈ, ਜਿਵੇਂ ਸਾਗਰ ਬੂੰਦ ਵਿੱਚ ਸਮਾ ਗਿਆ ਹੋਵੇ। ਉਸਨੇ ਜਰਰੇ ਵਿੱਚ ਬ੍ਰਹਿਮੰਡ ਦੀ ਵਿਸ਼ਾਲਤਾ ਨੂੰ ਸਮੇਟ ਕੇ ਆਪਣੀ ਹੁਨਰੀ ਪਕਿਆਈ ਦਾ ਸਬੂਤ ਦਿੱਤਾ ਹੈ। ਨਾਵਲ ਦੀ ਇਹ ਨਿੱਕੀ ਜਿਹੀ ਕਹਾਣੀ ਸਮਾਜ ਵਿੱਚ ਫੈਲ ਰਹੀ ਭ੍ਰਿਸ਼ਟ ਜਹਿਨੀਅਤ ਨੂੰ ਪੂਰੀ ਤਰ੍ਹਾਂ ਉਜਾਗਰ ਕਰਦੀ ਹੈ।

ਸਾਹਿਤ ਅਚਾਰੀਆਂ ਵੱਲੋਂ ਨਿਰਧਾਰਤ ਸਤਿਯਮ, ਸ਼ਿਵਮ ਅਤੇ ਸੁੰਦਰਮ ਦੀ ਤ੍ਰਿਵੇਣੀ ਦੇ ਨਿਯਮਾਂ ਦਾ ਵੀ ਉਸਨੇ ਪੂਰੀ ਤਰ੍ਹਾਂ ਪਾਲਣ ਕੀਤਾ ਹੈ। ਜਿੱਥੇ ਇਸ ਨਾਵਲ ਦਾ ਵਿਸ਼ਾ ਸਮਾਜਿਕ ਯਥਾਰਥ ਨੂੰ ਸਹੀ ਰੂਪ ਵਿੱਚ ਪੇਸ਼ ਕਰਦਾ ਹੈ ਉੱਥੇ ਉਸਨੇ ਸੁੰਦਰਮ ਦੇ ਰਸ ਦੇ ਸਵਾਦ ਨੂੰ ਵੀ ਫਿੱਕਾ ਨਹੀਂ ਪੈਣ ਦਿੱਤਾ। ਉਸਦਾ ਸੰਜਮੀ ਪਰਵਾਹ ਵੀ ਨਾਵਲ ਨੂੰ ਅੰਤ ਤੱਕ ਪੜ੍ਹਨ ਲਈ ਪਾਠਕ ਨੂੰ ਆਪਣੇ ਨਾਲ ਜੋੜ ਕੇ ਰੱਖਦਾ ਹੈ, ਕਿਧਰੇ ਵੀ ਕਹਾਣੀ ਦਾ ਰਸ ਤੇ ਸਵਾਦ ਅਕੇਵਾਂ ਪੈਦਾ ਨਹੀਂ ਕਰਦਾ।

ਨਾਨਕ ਸਿੰਘ ਦੇ ਨਾਵਲ ਚਿੱਟਾ ਲਹੂ, ਪਵਿੱਤਰ ਪਾਪੀ, ਜਸਵੰਤ ਸਿੰਘ ਦੇ ਨਾਵਲ ਲਹੂ ਦੀ ਲੋਅ, ਗੁਰਦਿਆਲ ਸਿੰਘ ਦੇ ਮੜ੍ਹੀ ਦਾ ਦੀਵਾ ਅਤੇ ਦਲੀਪ ਕੌਰ ਟਿਵਾਣਾ ਦੇ ਨਾਵਲ ਇਹੁ ਹਮਾਰਾ ਜੀਵਣਾ ਦੀ ਤਰ੍ਹਾਂ ਹੀ ਡੀ. ਐੱਮ. ਸਿੰਘ ਦਾ ਇਹ ਨਾਵਲ 'ਲਿਫ਼ਾਫ਼ਾ' ਪੰਜਾਬੀ ਨਾਵਲ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਵਾਂਗੂ ਸਤਿਕਾਰਿਆ ਅਤੇ ਪ੍ਰਵਾਨਿਆ ਜਾਵੇਗਾ। ਆਪਣੇ ਇਸ ਪਲੇਠੇ ਨਾਵਲ ਰਾਹੀਂ ਉਸਨੇ ਪੰਜਾਬੀ ਨਾਵਲ ਦੇ ਇਤਿਹਾਸ ਵਿੱਚ ਆਪਣੀ ਇਕ ਨਿਵੇਕਲੀ ਥਾਂ ਬਣਾ ਲਈ ਹੈ। ਮੈਂ ਉਸਦੀ ਇਸ ਰਚਨਾ ਦਾ ਭਰਪੂਰ ਸਵਾਗਤ ਕਰਦਾ ਹਾਂ।

ਸਾਬਕਾ ਮੁਖੀ, ਪੰਜਾਬੀ ਵਿਭਾਗ,
ਅਕਾਲ ਡਿਗਰੀ ਕਾਲਜ,
ਮਸਤੂਆਣਾ ਸਾਹਿਬ
98551-99589

# ਸੱਖਣੀ

ਰਣਜੀਤ ਆਜ਼ਾਦ ਕਾਂਝਲਾ



ਇਕਲੌਤੇ ਪੁੱਤ ਦੀ ਮਾਂ ਦੇ ਅਕਾਲ ਚਲਾਣੇ ਤੋਂ ਦੋ ਮਹੀਨੇ ਪਿੱਛੋਂ ਬਾਪੂ ਬਿਸ਼ਨ ਸਿਉਂ ਦਾ ਮੰਜਾ ਡੰਗਰਾਂ ਵਾਲੇ ਬਗਲੇ ਨੁਮਾ ਢਾਰੇ ਵਿਚ ਡਹਿ ਗਿਆ ਸੀ, ਕਿਉਂਕਿ ਬਿਸ਼ਨ ਸਿਉਂ ਆਪਣੇ ਨਾਰੇ ਬਲਦ ਨੂੰ ਸਮੇਂ ਸਿਰ ਖਾਧ ਖ਼ੁਰਾਕ, ਪੱਠੇ, ਪਾਣੀ ਵਗ਼ੈਰਾ ਪਿਆ ਦਿੰਦਾ ਸੀ। ਕਿੰਨਾ-ਕਿੰਨਾ ਸਮਾਂ ਬਾਪੂ ਬਿਸ਼ਨ ਸਿਉਂ ਆਪਣੇ ਹੱਥੀਂ ਪਾਲ਼ੇ ਨਾਰੇ ਬਲਦ ਦੀ ਮਾਂ ਦੇ ਦੁੱਧ। ਸ਼ੀਲਪੁਣੇ ਤੇ ਉਹਦੀ ਸੁਨੱਖੀ ਦੇਹ ਦੀਆਂ ਗੱਲਾਂ ਕਰਦਾ-ਕਰਦਾ ਆਪਣੇ ਜੀਵਨ ਦੇ ਪਹਿਲੇ ਸਮੇਂ ਵਿਚ ਗੁਆਚ ਜਾਂਦਾ। ਕਾਲ਼ਾ ਵਹਿੜਕਾ ਗੱਡੀਆਂ ਵਾਲਿਆਂ ਤੋਂ ਖ਼ਰੀਦ ਕੇ ਨਾਰੇ-ਕਾਲੇ ਬਲਦਾਂ ਦੀ ਵਧੀਆ ਜੋੜੀ ਬਣਾ ਲਈ ਸੀ। ਕਿਵੇਂ ਟਾਹਲੀ ਵਾਲੇ ਖੇਤ ਵਿਚ ਸਵੱਖਤੇ ਅੱਧ ਰਿੜਕੇ ਦਾ ਛੰਨਾ ਨਿਰਨੇ ਕਾਲਜੇ ਪੀ ਨਾਰੇ-ਕਾਲੇ ਦੀ ਜੋੜੀ ਨੂੰ ਹਲ ਨਾਲ ਜੋੜ ਖੇਤ ਪਹੁੰਚ ਜਾਂਦਾ। ਬਲ਼ਦਾਂ ਦੇ ਗਲ ਛਣ-ਛਣ ਕਰਦੀਆਂ ਟੱਲੀਆਂ ਸਵੇਰ ਦੇ ਸੁਹਾਵਣੇ ਮੌਸਮ ਵਿਚ ਇਉਂ ਜਾਪਦੀਆਂ ਜਿਵੇਂ ਕੋਈ ਰਾਗ ਅਲਾਪ ਰਿਹਾ ਹੋਵੇ। ਬਿਸ਼ਨ ਸਿਉਂ ਹੱਥ ਵਿਚ ਪ੍ਰਾਣੀ ਜ਼ਰੂਰ ਰੱਖਦਾ ਸੀ ਪਰ ਉਹਨੇ ਪ੍ਰਾਣੀ ਕਦੇ ਛੁਹਾ ਕੇ ਵੀ ਨਹੀਂ ਵੇਖੀ ਸੀ ਕਿਉਂਕਿ ਬਿਸ਼ਨ ਸਿਉਂ ਬਲਦਾਂ ਦੀ ਜੋੜੀ ਨੂੰ ਆਪਣੇ ਪੁੱਤਰਾਂ ਵਾਂਗ ਹੀ ਲਾਡ-ਪਿਆਰ ਕਰਿਆ ਕਰਦਾ ਸੀ।

ਨਾਰਾ ਤੇ ਕਾਲਾ ਹੁਣ ਬਜ਼ੁਰਗ ਹੋ ਗਏ ਸਨ ਪਰ ਕਾਲ਼ਾ ਕੁਝ ਦਿਨ ਬਿਮਾਰ ਰਹਿਣ ਪਿੱਛੋਂ ਚਾਰ ਕੁ ਸਾਲ ਪਹਿਲਾਂ ਰੱਬ ਨੂੰ ਪਿਆਰਾ ਹੋ ਗਿਆ ਸੀ। ਕਾਲੇ ਦੇ ਚਲੇ ਜਾਣ ਦਾ ਬਾਪੂ ਬਿਸ਼ਨ ਸਿਉਂ ਨੂੰ ਵਧੇਰੇ ਦੁੱਖ ਸੀ ਕਿਉਂਕਿ ਹੁਣ ਉਸ ਪਾਸ ਇਕੱਲਾ ਨਾਰਾ ਬਲਦ ਰਹਿ ਗਿਆ ਸੀ।

ਅੱਜ ਸ਼ਾਮ ਨੂੰ ਬਿਸ਼ਨ ਸਿਉਂ ਦਾ ਇੰਸਪੈਕਟਰ ਪੁੱਤ ਬਾਪੂ ਨੂੰ ਜਦ ਰੋਟੀ ਦੇਣ ਆਇਆ, ਨਾਲ ਹੀ ਉਸ ਦੀ ਪਤਨੀ ਵੀ ਸੀ। ਬਾਪੂ ਨੂੰ ਰੋਟੀ ਦੇ ਦੋਵੇਂ ਜੀਅ ਆਪਣੀਆਂ ਗੱਲਾਂ ਵਿਚ ਗਲਤਾਨ ਹੋ ਗਏ।

"...ਆਪਣਾ ਇਹ ਬਲਦ ਕਿੰਨਾ ਬੁੱਢਾ ਹੋ ਗਿਆ। ਨਾ ਤਾਂ ਇਹ ਹੁਣ ਚੱਜ ਨਾਲ ਰੱਜ ਕੇ ਦਾਣਾ-ਹਰਾ ਖਾਂਦੈ ਤੇ ਨਾ ਹੀ ਚੰਗੀ ਤਰ੍ਹਾਂ ਉੱਠ ਬੈਠ ਸਕਦੈ! ਕਿਉਂ ਨਾ ਇਹਦਾ ਆਪਾਂ ਕੱਟੇ ਖ਼ਰੀਦਣ ਵਾਲਿਆਂ ਨੂੰ ਰੱਸਾ ਫੜ੍ਹਾ ਦੇਈਏ? ਹੁਣ ਐਵੇਂ ਵਾਧੂ ਕਿੰਨਾ ਹਰਾ ਤੇ ਦਾਣਾ ਪਾਉਣਾ ਪੈਂਦੈ ਇਹਨੂੰ?" ਬਹੂ ਆਪਣੇ ਪਤੀ ਨਾਲ ਗੱਲ ਕਰ ਰਹੀ ਸੀ ਪਰ ਨਾਲ ਹੀ ਬਾਪੂ ਬਿਸ਼ਨ ਸਿਉਂ ਦੇ ਕੰਨ ਉਹਨਾਂ ਦੀ ਘੁਸਰ-ਮੁਸਰ ਸੁਣ ਰਹੇ ਸਨ। ਉਹ ਧੱਕੇ ਨਾਲ ਹੀ ਰੋਟੀ ਦੀ ਬੁਰਕੀ ਸੰਘ ਵਿਚੋਂ ਹੇਠਾਂ ਧੱਕ ਰਿਹਾ ਸੀ ਪਰ ਉਹਦਾ ਮਨ ਰੋਟੀ ਖਾਣ ਲਈ ਉੱਕਾ ਨਹੀਂ ਸੀ ਕਰਦਾ।

"...ਕੱਲ੍ਹ ਨੂੰ ਸ਼ਾਇਦ ਕੱਟੇ ਖ਼ਰੀਦਣ ਵਾਲੇ ਆਉਣਗੇ, ਉਹਨਾਂ ਨੂੰ ਫੜ੍ਹਾ ਦਿਆਂਗੇ ਨਾਰੇ ਦਾ ਰੱਸਾ।" ਇਕਲੌਤੇ ਪੁੱਤ ਦੀ ਜ਼ੁਬਾਨ 'ਚੋਂ ਜਦੋਂ ਬਾਪੂ ਬਿਸ਼ਨ ਸਿਉਂ ਨੇ ਇਹ ਬੋਲ ਸੁਣੇ ਤਾਂ ਬਿਸ਼ਨ ਸਿਉਂ ਦੇ ਅਗਲੀ ਬੁਰਕੀ ਸੰਘ ਵਿਚ ਫ਼ਸ ਗਈ ਤੇ ਰੋਟੀ ਖਾਣੀ ਛੱਡ ਵਧੇਰੇ ਭਾਵੁਕ ਹੋ ਗਿਆ।

ਬਹੂ ਥਾਲ਼ੀ ਵਿਚ ਬਚੀ ਰੋਟੀ ਤੱਕ ਬੋਲੀ, "ਬਾਪੂ ਜੀ! ਰੋਟੀ ਛੱਡ 'ਤੀ ਹੋਰ ਛੱਕ ਲੈਂਦੇ!", "ਬੱਸ ਭਾਈ ਹੋਰ ਭੁੱਖ ਨਹੀਂ।... ਜਿੰਨੀ ਕੁ ਲੋੜ ਸੀ ਖ਼ਾਹ 'ਲੀ।" ਕਹਿ ਬਾਪੂ ਬਿਸ਼ਨ ਸਿਉਂ ਕਿਸੇ ਡੂੰਘੀ ਖ਼ਾਮੋਸ਼ੀ ਵਿਚ ਉਤਰ ਗਿਆ... "ਕੱਲ੍ਹ ਨੂੰ ਨਾਰੇ ਬਲਦ ਦਾ ਰੱਸਾ ਕੱਟੇ ਖ਼ਰੀਦਣ ਵਾਲਿਆਂ ਨੂੰ ਫੜ੍ਹਾ ਦਿਆਂਗੇ...।" ਪੁੱਤ ਦੇ ਕਹੇ ਇਹ ਬੋਲ ਬਿਸ਼ਨ ਸਿਉਂ ਦੇ ਦਿਲ- ਦਿਮਾਗ਼ 'ਤੇ ਹਥੌੜੇ ਵਾਂਗ ਵੱਜ ਰਹੇ ਸਨ।

ਇਕਲੌਤਾ ਪੁੱਤ ਤੇ ਬਹੂ ਰਾਣੀ ਰੋਟੀ ਵਾਲੇ ਬਰਤਨ ਚੁੱਕ ਆਪਣੀ ਮਹਿਲ ਨੁਮਾ ਕੋਠੀ ਵਿਚ ਆ ਵੜੇ।

ਬਾਪੂ ਬਿਸ਼ਨ ਸਿਉਂ ਆਪਣੇ ਪਹਿਲੇ ਜੀਵਨ ਦੇ ਅਤੀਤ ਵਿਚ ਗੁਆਚ ਗਿਆ।... "ਕਿਵੇਂ ਮੈਂ ਨਾਰੇ-ਕਾਲੇ ਬਲਦਾਂ ਦੀ ਜੋੜੀ ਨਾਲ ਭੱਜਿਆ-ਭੱਜਿਆ ਹਲ਼ ਵਾਹੁੰਦਾ ਰਿਹਾ ਹਾਂ। ਖੇਤੀਬਾੜੀ ਦਾ ਸਾਰਾ ਕੰਮ ਇਹਨਾਂ ਦੇ ਸਿਰ 'ਤੇ ਹੀ ਕਰਦਾ ਰਿਹਾਂ। ਪੰਝੀ ਵਿੱਘੇ ਜ਼ਮੀਨ ਦਾ ਵੱਡਾ ਖੱਤਾ ਦੁਪਹਿਰ ਤੋਂ ਪਹਿਲਾਂ ਨਾਰੇ-ਕਾਲੇ ਦੀ ਜੋੜੀ ਨੇ ਵਾਹ ਛੱਡਣਾ! ਐਨੇ ਕੁ ਸਮੇਂ ਵਿਚ ਗੁਰਨਾਮ ਕੌਰ ਬਿਸ਼ਨ ਸਿਉਂ ਦੀ

ਪਤਨੀ ਜਿਸ ਨੂੰ ਬਾਪੂ ਪਿਆਰ ਨਾਲ 'ਗਾਮੋ' ਕਹਿ ਕੇ ਬੁਲਾਇਆ ਕਰਦਾ ਸੀ, ਉਸ ਨੇ ਰੋਟੀ ਲੈ ਕੇ ਖੇਤ ਪੁੱਜ ਜਾਣਾ! ਗਾਮੋ ਨੇ ਥੱਕੇ ਹਾਰੇ ਨਾਰੇ-ਕਾਲੇ ਦੀ ਜੋੜੀ ਨੂੰ ਪਾਣੀ ਵਿਚ ਦਾਣਾ ਮਿਲਾ ਕੇ ਪਿਲਾ ਦੇਣਾ। ਇਹ ਸਭ ਕੁਝ ਕੱਲ੍ਹ ਵਾਂਗ ਬਾਪੂ ਬਿਸ਼ਨ ਸਿਉਂ ਦੀਆਂ ਅੱਖਾਂ ਅੱਗੇ ਫ਼ਿਲਮ ਦੀ ਝਾਕੀ ਵਾਂਗ ਘੁੰਮ ਗਿਆ। ਘਰ ਵਿਚ ਕੋਈ ਖ਼ੁਸ਼ੀ ਹੋਣੀ ਤਾਂ ਚਾਅ ਵਿਚ ਨਾਰੇ-ਕਾਲੇ ਦੀਆਂ ਅੱਖਾਂ ਵਿਚ ਖ਼ੁਸ਼ੀ ਝਲਕਦੀ ਬਾਪੂ ਬਿਸ਼ਨ ਸਿਉਂ ਨੇ ਕਿੰਨੇ ਵਾਰ ਵੇਖੀ ਸੀ। ਕਈ ਵਰ੍ਹੇ ਪਹਿਲਾਂ ਵਿਚਕਾਰਲੀ ਬੂਰੀ ਮੱਝ ਜਦ ਮਰੀ ਸੀ ਤਾਂ ਦੋਵੇਂ ਨਾਰੇ-ਕਾਲੇ ਹੁਰੀਂ ਸਿਰ ਸੁੱਟ ਕੇ ਵੇਖੀ ਜਾਣ ਤੇ ਦੋ ਦਿਨ ਕੁਝ ਨਹੀਂ ਸੀ ਖਾਧਾ। ਜਾਨਵਰ/ਪਸ਼ੂ ਵੀ ਖ਼ੁਸ਼ੀ-ਗ਼ਮੀ ਦੇ ਮਹੌਲ ਨੂੰ ਸਮਝਦੇ ਤੇ ਮਹਿਸੂਸ ਕਰਦੇ ਨੇ।

ਬਾਪੂ ਬਿਸ਼ਨ ਸਿਉਂ ਨੂੰ ਆਪਣੀ ਮਿਹਨਤ-ਮੁਸ਼ੱਕਤ ਨਾਲ ਗੁਜ਼ਾਰੀ ਜ਼ਿੰਦਗੀ, ਇਕਲੌਤੇ ਪੁੱਤ ਨੂੰ ਉੱਚ ਸਿੱਖਿਆ ਦੀ ਪੜ੍ਹਾਈ ਕਰਵਾ ਕੇ ਚੰਗੀ ਨੌਕਰੀ 'ਤੇ ਲੱਗਣ ਤੱਕ ਤੋਂ ਵਿਆਹੁਣ ਤੱਕ ਦੇ ਸਾਰੇ ਪੜਾਅ ਰਹਿ-ਰਹਿ ਕੇ ਯਾਦ ਆ ਰਹੇ ਸਨ ਤੇ ਗਾਮੋ ਪਤਨੀ ਵੀ!

ਬਾਪੂ ਬਿਸ਼ਨ ਸਿਉਂ ਨੂੰ ਅੱਜ ਸਾਰੀ ਰਾਤ ਨੀਂਦ ਨਾ ਆਈ।... "ਮੈਂ ਆਪਣੇ ਦੁੱਖ-ਸੁੱਖ ਦੇ ਸਾਂਝੀ ਪੁੱਤ ਨਾਰੇ ਬਲਦ ਨੂੰ ਵਿਛੜਦਾ ਕਿਵੇਂ ਸਹਿਣ ਕਰਾਂਗਾ?... ਮੈਥੋਂ ਆਪਣੇ ਨਾਰੇ ਬਲਦ ਦੀ ਜੁਦਾਈ ਸਹਿ ਨਹੀਂ ਹੋਣੀ।" ਏਸੇ ਸੋਚ ਵਿਚ ਬਾਪੂ ਬਿਸ਼ਨ ਸਿਉਂ ਦੇ ਨਾਰੇ ਬਲਦ ਵੱਲ ਵੇਖ ਆਪ ਮੁਹਾਰੇ ਹੰਝੂ ਵਹਿ ਤੁਰੇ।

ਅੱਜ ਮੇਰਾ ਇਹ ਨਾਰਾ ਬਲਦ ਜੀਹਦੇ ਸਹਾਰੇ ਮੈਂ ਆਪਣੀ ਸਾਰੀ ਖੇਤੀਬਾੜੀ ਦਾ ਕੰਮ ਕਰਿਆ ਕਰਦਾ ਸੀ, ਅੱਜ ਉਹ ਬੁੱਢਾ ਹੋ ਗਿਆ! ਦੋ ਟੋਕਰੇ ਹਰਾ ਚਾਰਾ ਤੇ ਸੇਰ ਪੱਕਾ ਦਾਣਾ ਪਾਉਣਾ ਇਹਨਾਂ ਲਈ ਭਾਰਾ ਹੋ ਗਿਆ ਹੈ? ਬੁੱਢਾ ਤਾਂ ਮੈਂ ਵੀ ਹੋ ਗਿਆ ਹਾਂ! ਮੈਥੋਂ ਵੀ ਹੁਣ ਕੋਈ ਕੰਮ ਨਹੀਂ ਹੁੰਦਾ, ਮੈਂ ਵੀ ਇਹਨਾਂ ਲਈ ਬੋਝ ਬਣ ਗਿਆ ਹਾਂ।" ਇਸ ਮਾਰੂ ਉਧੇੜ-ਬੁਣ ਵਿਚ ਅੱਧੀ ਤੋਂ ਵੱਧ ਰਾਤ ਬੀਤ ਗਈ।... "ਮੈਂ ਆਪਣੇ ਹੱਥੀਂ ਪਾਲੇ ਨਾਰੇ ਬਲਦ ਦਾ ਰੱਸਾ ਕਿਵੇਂ ਕੱਟੇ ਖ਼ਰੀਦਣ ਵਾਲਿਆਂ ਨੂੰ ਫੜਾਊਂ?... ਮੈਥੋਂ ਨਾਰੇ ਦਾ ਵਿਛੋੜਾ ਝੱਲ ਨਹੀਂ ਹੋਣਾ। ਕਿਉਂ ਨਾ ਮੈਂ ਹੀ ਨਾਰੇ ਦੇ ਵਿਛੜਣ ਤੋਂ ਪਹਿਲਾਂ ਖ਼ੁਦ ਹੀ ਦੂਰ ਚੱਲਿਆ ਜਾਵਾਂ?... ਅਸੀਂ ਹੁਣ ਇਹਨਾਂ ਲਈ ਦੋਵੇਂ ਜੀਅ ਬੋਝ ਬਣ ਕੇ ਰਹਿ ਗਏ ਆ।"

ਬਾਪੂ ਬਿਸ਼ਨ ਸਿਉਂ ਹੌਂਸਲਾ ਜਿਹਾ ਕਰਕੇ ਉੱਠਿਆ ਤੇ ਨਾਰੇ ਬਲਦ ਦੀ ਪਿੱਠ 'ਤੇ ਹੱਥ ਫੇਰਦਾ ਹੋਇਆ ਉਸ ਦੇ ਮੂੰਹ ਪਾਸ ਆ ਗਲ ਲੱਗਦਿਆਂ ਹੀ ਭੁੱਬ ਨਿਕਲ ਗਈ, "ਨਾਰਿਆ ਪੁੱਤਾ! ਮੈਨੂੰ ਮੁਆਫ਼ ਕਰੀਂ! ਮੈਂ ਬੇਵੱਸ ਆ। ਮੈਂ ਬੇਵੱਸ ਤਾਂ ਉਸ ਦਿਨ ਹੀ ਹੋ ਗਿਆ ਸੀ ਜਦ ਇਸ ਇਕਲੌਤੇ ਪੁੱਤ ਨੇ ਇਹ ਕਹਿ ਕੇ ਮੇਰੀ ਮੱਤ ਮਾਰ ਦਿੱਤੀ ਸੀ, ਸਾਹਾਂ-ਗਰਾਸਾਂ ਦਾ ਕੀ ਪਤੈ ਬਾਪੂ, ਕਦੋਂ ਤੇਰੀ ਹਵਾ 'ਜੀ ਨਿਕਲ ਜੇ ਤਹਿਸੀਲ ਲਿਜਾ ਕੇ ਸਾਰੀ ਜ਼ਮੀਨ 'ਤੇ ਹੋਰ ਜਾਇਦਾਦ ਦੀ ਵਸੀਅਤ 'ਤੇ ਅੰਗੂਠਾ ਲਵਾ ਲਿਆ ਸੀ! ਆਪਾਂ ਦੋਵੇਂ ਹੁਣ ਇਹਨਾਂ ਲਈ ਵਾਧੂ ਜਿਹਾ ਬੇਲੋੜਾ ਬੋਝ ਬਣ ਕੇ ਰਹਿ ਗਏ ਆ। ਮੈਥੋਂ ਤੇਰਾ ਵਿਛੋੜਾ ਜਿਉਂਦੇ ਜੀਅ ਸਹਿ ਨਹੀਂ ਹੋਣਾ...।" ਕਹਿੰਦਾ ਬਾਪੂ ਨਾਰੇ ਦੇ ਗਲ ਨੂੰ ਚਿੰਬੜ ਗਿਆ।... ਨਾਰਾ ਵੀ ਆਪਣੀ ਪਸ਼ੂ ਸੋਚਣੀ ਅਨੁਸਾਰ ਸਮਝ ਗਿਆ ਸੀ ਤੇ ਉਹ ਵੀ ਮੂੰਹ ਲਟਕਾ ਕੇ ਡੌਰ-ਭੌਰ ਵੇਖੀ ਜਾ ਰਿਹਾ ਸੀ।

ਬਾਪੂ ਬਿਸ਼ਨ ਸਿਉਂ ਨਾਰੇ ਬਲਦ ਦੀ ਪਿੱਠ 'ਤੇ ਹੱਥ ਫੇਰ ਬਗਲੇ ਤੋਂ ਬਾਹਰ ਹੋ ਗਿਆ।

ਰੋਜ਼ ਵਾਂਗ ਸਵੇਰੇ ਇਕਲੌਤਾ ਪੁੱਤ ਬਾਪੂ ਬਿਸ਼ਨ ਸਿਉਂ ਦੀ ਚਾਹ ਲੈ ਕੇ ਆਇਆ। ਦੇਖਿਆ, ਬਾਪੂ ਦੀ ਮੰਜੀ ਸੱਖਣੀ ਸੀ।

ਸ਼ਿਵਪੁਰੀ ਮੁਹੱਲਾ, ਧੂਰੀ (ਪੰਜਾਬ)
94646-97781

**ਤੁਹਾਡੇ ਵਲੋਂ ਕੀਤੀ ਹਰ ਨਵੀਂ ਸ਼ੁਰੂਆਤ ਨੂੰ ਤਿੰਨ ਪੜਾਵਾਂ 'ਚੋਂ ਲੰਘਣਾ ਪੈਂਦਾ ਹੈ ਪਹਿਲਾਂ ਲੋਕ ਮਜ਼ਾਕ ਉਡਾਉਂਦੇ ਹਨ, ਫਿਰ ਵਿਰੋਧ ਕਰਦੇ ਹਨ ਅਤੇ ਫਿਰ ਮੰਨਣ ਲੱਗ ਪੈਂਦੇ ਹਨ।**

**(ਸੁਆਮੀ ਵਿਵੇਕਾ ਨੰਦ)**



# ਸਮੇਂ ਦੀਆਂ ਸਲਵਟਾਂ

ਡਾ. ਰਮੇਸ਼ ਕੁਮਾਰ

ਇਹ
ਮੇਰੇ ਬਚਪਨ ਦਾ ਦਰ ਹੈ
ਮੇਰਾ ਘਰ ਹੈ
ਪੁਰਖਿਆਂ ਵਰਗੀਆਂ ਕੰਧਾਂ ਹਨ
ਉੱਚੀਆਂ-ਉੱਚੀਆਂ।

ਚਾਚਿਆਂ-ਤਾਇਆਂ ਦੀ ਓਟ ਜਿਹੇ
ਇਹ ਬੰਨੇ-ਬਨੇਰੇ ਹਨ
ਹਮਸਾਏ- ਅੰਮਾ ਜਾਏ ਭੈਣਾਂ-ਭਰਾਵਾਂ ਵਰਗੇ
ਦਰ ਦਰਵਾਜ਼ੇ ਅਤੇ ਖਿੜਕੀਆਂ ਹਨ।

ਰੀਤਾਂ, ਰਸਮਾਂ ਅਤੇ ਰਿਵਾਜ਼ਾਂ ਵਰਗੇ
ਇਹ ਵਿਛੌਣੇ-ਲਟਕਾਉਣੇ ਹਨ
ਸਾਲਾਂ ਵਰ੍ਹਿਆਂ ਤੋਂ ਸਜੇ ਹੋਏ।

ਵਿਹੜੇ ਵਿੱਚ
ਚਾਵਾਂ ਦਾ ਖਿਲਾਰ ਹੈ- ਦੁਲਾਰ ਹੈ
ਲੁੱਡੀਆਂ-ਕਿੱਕਲੀਆਂ ਪਾਉਂਦੇ
ਛੋਟੇ-ਛੋਟੇ ਪੈਰ।

ਔਹ ਸੁਬਾਤ ਵਿੱਚ
ਸਮਿਆਂ ਦੀ ਸੋਚ ਹੈ
ਝੁੰਭ ਮਾਰ ਕੇ ਬੈਠੀ ਜਿਵੇਂ ਦਾਦੀ ਮੇਰੀ।

ਔਹ ਪਰ੍ਹੇ
ਅੰਮਾ ਵਾਲੀ ਕੋਠੜੀ ਹੈ
ਕੂਲੇ-ਕੂਲੇ ਰੇਸ਼ਮੀ ਸੁਪਨਿਆਂ ਦੀਆਂ
ਰੰਗ-ਬਿਰੰਗੀਆਂ ਤੈਹਾਂ
ਪਰਤ-ਦਰ-ਪਰਤ, ਸਾਲ-ਦਰ-ਸਾਲ
ਖੁੱਲ੍ਹਦੀਆਂ ਜਾਂਦੀਆਂ–ਖੁੱਲ੍ਹਦੀਆਂ ਜਾਂਦੀਆਂ,

ਜਦ ਕਦੇ ਵੀ
ਜਾ ਖੜਦਾ ਹਾਂ ਮੈਂ,
ਤਾਂ ਸਮੇਂ ਦੀ ਵਿੱਥ ਤੋਂ
ਕਿਤੋਂ ਮਾਂ ਬੋਲਦੀ ਹੈ
ਚਾਟੀ ਵਿੱਚ ਖੜਕਦੀ ਮਧਾਣੀ ਦੇ ਵਾਂਗ,

ਕਿਤੋਂ
ਪਿਤਾ-ਪਿਤਾਮਾ ਬੋਲਦਾ ਹੈ
ਡੂੰਘੇ ਕਿਸੇ ਖੂਹ ਦੀ ਆਵਾਜ਼ ਜਿਹਾ।

ਅਤੇ ਕਿਤੋਂ
ਗੁੜ ਗੁੜ– ਗੁੜ ਗੁੜ ਕਰਦੀ
ਆਵਾਜ਼ ਆਉਂਦੀ ਹੈ ਗਹਿਰੀ
ਬਾਬੇ ਮੇਰੇ ਦੇ ਹੁੱਕੇ ਵਰਗੀ।

ਮੈਂ
ਜਿਵੇਂ ਬਾਰ-ਬਾਰ
ਹੱਥ ਲਗਾ ਲਗਾ ਕੇ– ਛੂਹ-ਛੂਹ ਕੇ ਵੇਖਦਾ ਹਾਂ
ਸਮੇਂ ਦੀਆਂ ਇਨ੍ਹਾਂ ਸਲਵਟਾਂ ਨੂੰ।

ਸਾਲਾਂ ਵਰ੍ਹਿਆਂ ਦੀਆਂ
ਪੌੜੀਆਂ ਉਤਰਦਾ ਮੈਂ
ਦਾਦੀ ਆਪਣੀ ਦੇ ਹੱਥਾਂ 'ਤੇ ਪਈਆਂ
ਝੁਰੜੀਆਂ ਨੂੰ
ਛੋਟੀਆਂ-ਛੋਟੀਆਂ ਉਂਗਲਾਂ ਨਾਲ ਪਲੋਸਦਾ ਹਾਂ
ਸਮੇਂ ਦੀ ਐਲਬਮ ਦੇ ਵਿੱਚੋਂ ਦੀ ਵਿਚਰਦਾ।

ਘਰ ਦੇ ਬਾਹਰ
ਆਲਿਆਂ ਵਿੱਚ ਦੀਵੇ ਜਗ ਆਏ ਹਨ
ਘਰ!
ਮੈਨੂੰ ਬੁਲਾਉਂਦਾ ਹੈ ਬਾਰ-ਬਾਰ
ਅੰਮਾ ਦੀ
ਤਰਕਾਲ੍ਹਾਂ ਵੇਲੇ ਦੀ ਆਵਾਜ਼ ਜਿਹਾ।

ਇਹ
ਮੇਰੇ ਬਚਪਨ ਦਾ ਦਰ ਹੈ
ਮੇਰਾ ਘਰ ਹੈ।

ਮ.ਨੰ.1152, ਸੈਕਟਰ-17,
ਯਮੁਨਾਨਗਰ (ਹਰਿਆਣਾ)
94160-61061



## ਗੁਰੂ ਨਾਨਕ ਦੇਵ ਜੀ

ਦਰਸ਼ਨ ਸਿੰਘ ਅਹਿਰਵਾਂ

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਇਆ ਏ।
ਚੰਨ ਚੜ੍ਹਿਆ ਪੂਰਨਮਾਸ਼ੀ ਦਾ,
ਅਗਿਆਨ ਅੰਧੇਰ ਪਲੋਇਆ ਏ।
ਰਾਇ ਭੋਏ ਦੀ ਤਲਵੰਡੀ ਨੂੰ,
ਆ ਭਾਗ ਗੁਰਾਂ ਨੇ ਲਾਏ ਨੇ।
ਜਿਸ ਬਾਂਹ ਫੜਨੀਂ ਮਜ਼ਲੂਮਾਂ ਦੀ,
ਓਹ ਵਿਚ ਤਲਵੰਡੀ ਆਏ ਨੇ।

ਹੰਕਾਰੀ ਜ਼ਾਬਰ ਰਾਜਿਆਂ ਤੋਂ,
ਕੋਈ ਨਿਆਂ ਨਾ ਮਿਲੇ ਗ਼ਰੀਬਾਂ ਨੂੰ।
ਸਭ ਰੋ ਧੋਹ ਕੇ ਸੀ ਬੈਠ ਜਾਂਦੇ,
ਪਏ ਕੋਸਣ ਬੈਠ ਨਸੀਬਾਂ ਨੂੰ।
ਹੋ ਕੇ ਬੇਆਸ ਸੀ ਸੁੱਕ ਚੱਲੇ,
ਸਭ ਖਿੜ ਗਏ ਫੁੱਲ ਕੁਮਲਾਏ ਨੇ।
ਜੀਹਨੇ ਬਾਂਹ ਫੜ੍ਹਨੀ ਮਜ਼ਲੂਮਾਂ ਦੀ,
ਓਹ ਵਿਚ ਨਾਨਕਾਣੇਂ ਆਏ ਨੇ।

ਤੰਗ ਕਰਦੇ ਭੋਲ੍ਹੀ ਪਰਜਾ ਨੂੰ,
ਰਾਜੇ ਸ਼ੀਂਹ ਮੁੱਕਦਮ ਕੁੱਤੇ ਸੀ।
ਕੋਈ ਸੁਣੇ ਨਾ ਗੱਲ ਗ਼ਰੀਬਾਂ ਦੀ,
ਪਏ ਘੂਕ ਨੀਂਦਰੇ ਸੁੱਤੇ ਸੀ।
ਚੱਲੇ ਝਖੜ ਹਨੇਰੀ ਜੁਲਮਾਂ ਦੀ,
ਜਿਨ੍ਹੇ ਸਭ ਦੇ ਸਾਹ ਸੁਕਾਏ ਨੇ।
ਜਿਸ ਬਾਂਹ ਫੜ੍ਹਨੀ ਮਜ਼ਲੂਮਾਂ ਦੀ,
ਓਹ ਵਿਚ ਨਣਕਾਣੇ ਆਏ ਨੇ।

ਕਾਰੂ ਬਾਦਸ਼ਾਹ ਵਰਗੇ ਰਾਜਿਆਂ ਨੇ,
ਜੰਨਤਾ ਨੂੰ ਲੁੱਟ ਕੇ ਖਾ ਲਿਆ ਏ।
ਪੁੱਟ ਕਬਰਾਂ ਮਾਇਆ ਜੋੜ ਲਈ,
ਚਾਲੀ ਗੰਜ ਦਾ ਰੁਤਬਾ ਪਾ ਲਿਆ ਏ।
ਮਾਇਆ ਧਾਰੀ ਅੰਨ੍ਹੇ ਬੋਲ੍ਹਿਆਂ ਨੂੰ,
ਬਾਬੇ ਸੱਚ ਦੇ ਰਾਹ ਦਿਖਾਏ ਨੇ।
ਜਿਨ੍ਹੇ ਬਾਂਹ ਫੜ੍ਹਨੀ ਮਜ਼ਲੂਮਾਂ ਦੀ,
ਓਹ ਵਿਚ ਨਣਕਾਨੇ ਆਏ ਨੇ।

ਬਣ ਸੱਜਣ ਠੱਗੀਆਂ ਮਾਰ ਰਹੇ,
ਠੱਗ ਸੱਜਣ ਜਹੇ ਕਮੀਨੇ ਸੀ ।
ਸੱਦ ਘਰੇ ਬੁਲਾਕੇ ਲੁੱਟ ਲੈਂਦੇ,
ਖ਼ੂੰਖ਼ਾਰ ਬੜੇ ਰੱਤ ਪੀਣੇ ਸੀ।
ਸਭ ਧਰਤ ਲੋਕਾਈ ਸੋਧਣ ਲਈ,
ਉਨ੍ਹੇ ਪੈਦਲ ਚਾਲੇ ਪਾਏ ਨੇ।
ਜਿਸ ਬਾਂਹ ਫੜ੍ਹਨੀ ਮਜ਼ਲੂਮਾਂ ਦੀ,
ਓਹ ਵਿਚ ਨਣਕਾਣੇ ਆਏ ਨੇ।

ਵਿੱਚ ਜੰਗਲ ਕੌਡੇ ਰਾਕਸ਼ ਨੇ,
ਭਰ ਤੇਲ ਘੜਾ ਤਾਇਆ ਏ।
ਫੜ ਬੰਦਾ ਤਲ੍ਹ ਕੇ ਖਾ ਜਾਂਦਾ,
ਜੋ ਉਸ ਦੇ ਨਜ਼ਰੀਂ ਆਇਆ ਏ।
ਕਰ ਦਰਸ਼ਨ ਸਤਿਗੁਰ ਨਾਨਕ ਦੇ,
ਵਿੱਚ ਮਾਨਸ ਜੂਨੀ ਆਏ ਨੇ।
ਜਿਸ ਬਾਂਹ ਫੜ੍ਹਨੀ ਮਜ਼ਲੂਮਾਂ ਦੀ,
ਓਹ ਵਿਚ ਨਣਕਾਣੇ ਆਏ ਨੇ।

ਔਹ ਵੇਖੋ ਭਾਗੋ ਮਲਕ ਜਿਹਾ।
ਹੱਕ ਮਾਰ ਬੇਗਾਨਾਂ ਖਾ ਕੇ ਤੇ।
ਪਾਪਾਂ ਦੀ ਕਰੀ ਕਮਾਈ ’ਚੋਂ,
ਬੈਠਾ ਏ ਲੰਗਰ ਲਾ ਕੇ ਤੇ।
ਉੱਥੇ ਪਹੁੰਚ ਜਗਤ ਦੇ ਵਾਲੀ ਨੇ,
ਪੂੜਿਆਂ ’ਚੋਂ ਖ਼ੂਨ ਵਗਾਏ ਨੇ।
ਜਿਸ ਬਾਂਹ ਫੜ੍ਹਨੀ ਮਜ਼ਲੂਮਾਂ ਦੀ,
ਓਹ ਵਿਚ ਨਣਕਾਣੇ ਆਏ ਨੇ।

ਇਕ ਪਿਤਾ ਇੱਕੋ ਦੇ ਬਾਲਕ ਹਾਂ,
ਗੁਰੂ ਨਾਨਕ ਇਹ ਉਪਦੇਸ਼ ਦਿੱਤਾ।
ਵੰਡ ਛੱਕਣਾਂ ਕਿਰਤ ਕਮਾਉਣੀ ਏਂ,
ਨਾਮ ਜਪਨੇ ਦਾ ਉਪਦੇਸ਼ ਦਿੱਤਾ।
ਛੱਡ ਅਹਿਰਵਾਂ! ਜਾਤਾਂ ਪਾਤਾਂ ਨੂੰ,
ਉੱਚ ਨੀਚ ਦੇ ਭਰਮ ਮਿਟਾਏ ਨੇ।
ਜਿਸ ਬਾਂਹ ਫੜ੍ਹਨੀ ਮਜ਼ਲੂਮਾਂ ਦੀ,
ਓਹ ਵਿਚ ਨਣਕਾਣੇ ਆਏ ਨੇ।

ਤਹਿ-ਰਤੀਆ,
ਜ਼ਿਲ੍ਹਾ-ਫਤਿਹਾਬਾਦ (ਹਰਿਆਣਾ)
98965-23925



## ਬਾਬਾ ਨਾਨਕ

ਹਰਨੇਕ ਸਿੰਘ ਮਾਨ

ਮਹਿਤਾ ਕਾਲੂ ਦੇ ਜਿਗਰ ਦਾ ਟੁਕੜਾ, ਤ੍ਰਿਪਤਾ ਦੀ ਅੱਖ ਦਾ ਤਾਰਾ।
ਸਾਰੇ ਜੱਗ ਨੂੰ ਚਾਨਣ ਵੰਡ ਗਿਆ, ਚਾਨਣ ਦਾ ਵਣਜਾਰਾ,
ਉਚ-ਨੀਚ ਦੇ ਵਪਾਰੀ ਦਾਸ ਬਣਾ ਕੇ ਛੱਡੇ,
ਜਾਤ-ਪਾਤ ਦੀਆਂ ਵੱਟਾਂ ਢਾਹ ਕੇ ਭਰਮ ਭਲੇਖੇ ਕੱਢੇ।
ਵਲੀ ਕੰਧਾਰੀ, ਕੌਡੇ ਰਾਖਸ ਦਾ ਕਰ ਗਏ ਪਾਰ ਉਤਾਰਾ,
ਸਾਰੇ ਜੱਗ ਨੂੰ ਚਾਨਣ ਵੰਡ ਗਿਆ ਚਾਨਣ ਦਾ ਵਣਜਾਰਾ।
ਜਬਰ-ਜੁਲਮ ਦੀ ਚੱਲੀ ਹਨੇਰੀ, ਲੋਕੀ ਰੱਬ ਨੂੰ ਭੁੱਲੇ,
ਹੈਕੜ ਬਾਜ ਪਏ ਕਰਨ ਕਲੋਲਾਂ, ਲਾ ਅੱਗ ਗ਼ਰੀਬ ਦੇ ਚੁੱਲ੍ਹੇ।
ਚੰਦ ਸੂਰਜ ਸਭ ਫਿੱਕੇ ਪੈ ਗਏ, ਐਸਾ ਚਮਕਿਆ ਤਾਰਾ
ਸਾਰੇ ਜੱਗ ਨੂੰ ਚਾਨਣ ਵੰਡ ਗਿਆ ਚਾਨਣ ਦਾ ਵਣਜਾਰਾ।
ਕੱਤਕ ਪੂਰਨਮਾਸ਼ੀ ਦਾ ਦਿਨ ਚੜ੍ਹਿਆ, ਮਾਰਦਾ ਹੋਕੇ
ਘੜੀ ਸੁਲਖਨੀ, ਕੁੱਖ ਸਲੱਖਣੀ ਬੈਠੀ ਲਾਲ ਲਕੋ ਕੇ।
ਲਕੋਇਆ ਲਾਲ ਕਦੇ ਨਾ ਲੁਕਦੇ, ਮਾਰ ਜਾਂਦੇ ਲਿਸ਼ਕਾਰਾ,
ਸਾਰੇ ਜੱਗ ਨੂੰ ਚਾਨਣ ਵੰਡ ਗਿਆ ਚਾਨਣ ਦਾ ਵਣਜਾਰਾ।
ਬਾਬੇ ਆਖੇ ਸੁਣ ਵੇ ਲਾਲੋ, ਧੁਰ ਕੀ ਬਾਣੀ ਆਈ,
ਬਾਲੇ ਮਰਦਾਨੇ ਸੁਰਾਂ ਜੋੜੀਆਂ, ਬਾਬੇ ਨਾਨਕ ਬੋਲ ਸੁਣਾਈ।
ਸ਼ਾਮ ਸਵੇਰੇ ਬਾਣੀ ਪੜ੍ਹਨਾ, ਨਾਨਕ ਕਹਿੰਦਾ ਹੋ ਜੁ ਪਾਰ ਉਤਾਰਾ,
ਸਾਰੇ ਜੱਗ ਨੂੰ ਚਾਨਣ ਵੰਡ ਗਿਆ ਚਾਨਣ ਦਾ ਵਣਜਾਰਾ,
ਬਿਨਾਂ ਹੱਥਾਂ ਤੋਂ ਚੱਕੀਆਂ ਚੱਲਣ, ਬਾਬਰ ਖੜ੍ਹ ਕੇ ਦੇਖੇ,
ਪੈਰਾਂ ਵਿਚ ਪਾ ਗਿਆ ਬਾਬਰ, ਸਭ ਹੋ ਗਏ ਦੂਰ ਭੁਲੇਖੇ।
ਸੱਪਾਂ ਨੇ ਸਿਰ ਛਾਵਾਂ ਕਰੀਆਂ, ਧੁੱਪੇ ਪਿਆ ਸੀ ਰਾਜ ਦੁਲਾਰਾ,
ਸਾਰੇ ਜੱਗ ਨੂੰ ਚਾਨਣ ਵੰਡ ਗਿਆ ਚਾਨਣ ਦਾ ਵਣਜਾਰਾ,
ਹੱਕ ਸੱਚ ਦੀ ਖੇਤੀ ਕਰ ਗਏ, ਉਹ ਤ੍ਰਿਪਤਾ ਦੇ ਜਾਏ
ਹੱਕ ਪ੍ਰਾਇਆ ਨਾਨਕਾ ਉਸ ਸੁਰ ਉਸ ਗਾਏ।
ਸੱਚਾ ਸੌਦਾ ਸੰਗਤ-ਪੰਗਤ, ਮੰਨਦਾ ਏ ਜੱਗ ਸਾਰਾ
ਸਾਰਾ ਜੱਗ ਨੂੰ ਚਾਨਣ ਵੰਡ ਗਿਆ ਚਾਨਣ ਦਾ ਵਣਜਾਰਾ।
ਲੁੱਟ ਪੁੱਟ ਕੇ ਮਾਰਦਾ, ਲੋਕਾਂ ਨੂੰ ਆਦਤ ਸੀ ਪੁਰਾਣੀ,
ਸੱਜਣ ਠੱਗ ਤੋਂ ਸੱਜਨ ਬਣਾਇਆ ਸੁਣਾ ਕੇ ਮਿੱਠੀ ਬਾਣੀ।
ਗੁਰਬਾਣੀ ਦਾ ਸਾਨੂੰ ਅੰਮ੍ਰਿਤ ਦੇ ਕੇ, ਕਰ ਗਿਆ ਪਾਰ ਉਤਾਰਾ,
ਸਾਰੇ ਜੱਗ ਨੂੰ ਚਾਨਣ ਵੰਡ ਗਿਆ ਚਾਨਣ ਦਾ ਵਣਜਾਰਾ।

ਪਿੰਡ ਤੇ ਡਾਕ-ਭੰਮੇ ਕਲਾਂ,
ਤਹਿ-ਝੁਨੀਰ, ਜ਼ਿਲ੍ਹਾ-ਮਾਨਸਾ (ਪੰਜਾਬ)
75891-60451



## ਸਾਹਾਂ ਦੇ ਦੀਵੇ

ਮਨਜੀਤ ਕੌਰ ਅੰਬਾਲਵੀ

ਸਤਿਗੁਰੂ ਨਾਨਕ ਸਭਨਾਂ ਉੱਤੇ ਮਿਹਰ ਰੱਖੀਂ।
ਸਭਦੇ ਵਿਹੜੇ ਖੁਸ਼ੀਆਂ ਸੂਹੀ ਸਵੇਰ ਰੱਖੀਂ।

ਹਰ ਘਰ ਦੇ ਵਿੱਚ ਮੌਤ ਨੇ ਘੇਰਾ ਪਾ ਲਿਆ,
ਬਖਸ਼ਿਸ਼ ਕਰੀਂ ਆਪਣੀ ਦੂਰ ਹਨੇਰ ਰੱਖੀਂ।

ਦਿਲ ਦੇ ਬਾਗੀਂ ਪਾਪਾਂ ਦੀ ਰੁੱਤ ਮੌਲੇ ਨਾ,
ਜਾਗਦੀਆਂ ਜ਼ਮੀਰਾਂ ਦਾਤਾ ਚੁਫੇਰ ਰੱਖੀਂ।

ਭੁੱਲ ਗਏ ਲੋਕੀ ਰੀਤਾਂ, ਪ੍ਰੀਤਾਂ ਦੇ ਮੌਸਮ,
ਸਭ ਦੇ ਦਿਲੀਂ ਮੋਹ ਦੀ ਖਿੜੀ ਕਨੇਰ ਰੱਖੀਂ।

ਲੁੱਟ-ਖਸੁੱਟ ਸਭ ਚੋਰ-ਬਜ਼ਾਰੀ ਮੁੱਕ ਜਾਵੇ,
ਸੁੱਚਾਂ ਦੇ ਮੋਤੀ ਜੀਵਨ ਵਿੱਚ ਬਿਖੇਰ ਰੱਖੀਂ।

ਟੁੱਟਦੇ ਜਾਂਦੇ ਸਾਹ ਵੇਖੇ ਨਾ ਜਾਵਣ ਹੁਣ,
ਮੌਤ ਦੀ ਵਗਦੀ ਤੱਤੀ ਦੂਰ ਘਮੇਰ ਰੱਖੀਂ।

ਹੱਥ ਜੋੜ ਮਨਜੀਤ ਵੀ ਅੱਜ ਅਰਜ਼ ਕਰੇ,
ਸਾਹਾਂ ਦੇ ਦੀਵੇ ਬਾਲ ਹਰ ਬਨੇਰ ਰਖੀਂ।

ਭਾਈ ਮਤੀ ਦਾਸ ਨਗਰ,
ਅੰਬਾਲਾ ਕੈਂਟ, (ਹਰਿਆਣਾ)
94162-71625



## ਧੰਨ ਨਾਨਕ ਤੇਰੀ ਵੱਡੀ ਕਮਾਈ

ਕਰਨੈਲ ਸਿੰਘ ਅਸਪਾਲ

ਪਾਪ ਉਪਦ੍ਰਵ ਵਧੇ ਜਗਤ ਪਰ, ਧਰਤ ਨਿਮਾਣੀ ਸੀ ਕੁਰਲਾਈ।
ਹੈਂਕੜਬਾਜ਼ੀ ਸੀ ਚਾਰ-ਚੁਫ਼ੇਰੀਂ, ਗ਼ਰੀਬ ਦੀ ਕਰੇ ਨਾ ਕੋਈ ਸੁਣਾਈ।
ਚੋਰਾਂ ਠੱਗਾਂ ਤੇ ਕੂੜਿਆਰਾਂ, ਚੁੱਕੀ ਅੱਤ ਬਣ ਵੱਡੇ ਕਸਾਈ।
ਕਰਕੇ ਤਰਸ ਅਕਾਲ ਪੁਰਖ ਨੇ, ਨਿਰੰਕਾਰੀ ਜਦ ਜੋਤ ਘਲਾਈ।
ਵਿੱਚ ਤਲਵੰਡੀ ਪ੍ਰਗਟੇ ਸਤਿਗੁਰ, ਚਹੁੰ ਕੁੰਟਾਂ ਤੇ ਹੋਈ ਰੁਸ਼ਨਾਈ।
ਸਤਿਨਾਮ ਦਾ ਦੇਣ ਢੰਢੋਰਾ, ਧੰਨ ਨਾਨਕ ਤੇਰੀ ਵੱਡੀ ਕਮਾਈ।

ਦਰਸ਼ਨ ਪਾ ਕੇ ਦਾਈ ਦੌਲਤਾਂ, ਝੱਲਿਆ ਗਿਆ ਨਾ ਉਹ ਉਜ਼ਿਆਰਾ।
ਹੋ ਹਰਦਿਆਲ ਨਿਹਾਲ ਗਿਆ, ਸੀ ਨਾਮ ਰੱਖਣ ਲਈ ਵਕਤ ਵਿਚਾਰਾ।
ਵੇਖ ਨਿਸ਼ੱਤਰ ਕਹੇ ਪ੍ਰੋਹਤ, ਇਹ ਜੋ ਬਾਲ ਹੋਇਆ ਅਵਤਾਰਾ।
ਕਾਜ਼ੀ ਮੁੱਲਾਂ ਪੰਡਿਤ ਪਾਂਧੇ, ਤੇ ਕੁੱਲ ਸਿੱਖਿਆ ਲਊ ਸੰਸਾਰਾ।
ਅਨੰਤ ਕਲਾ ਦੇ ਸੁਆਮੀ ਦੀ ਜੋ, ਹੋ ਨ ਸਕੇਂ ਸਾਥੋਂ ਵਡਿਆਈ।
ਉਜੜੇ ਖੇਤ ਹਰੇ ਸੀ ਕੀਤੇ, ਧੰਨ ਨਾਨਕ ਤੇਰੀ ਵੱਡੀ ਕਮਾਈ।

ਜੋ ਵਿਹਾਰ ਕਰੇ ਸੀ ਨਾਨਕ, ਪਿਤਾ ਕਾਲੂ ਤਾਈਂ ਮੂਲ ਨਾ ਭਾਏ।
ਲੋਧੀ ਵਿੱਚ ਸੁਲਤਾਨਪੁਰੇ ਦੇ, ਮੋਦੀਖਾਨੇ ਸੀ ਖ਼ੂਬ ਲੁਟਾਏ।
ਕਰੇ ਹਿਸਾਬ ਨਵਾਬ ਜਦੋਂ ਵੀ, ਸੌਦਾ ਹੱਟ 'ਚੋਂ ਵਧਦਾ ਜਾਏ।
ਸੱਚੀ ਨਮਾਜ਼ ਕਿਵੇਂ ਕਰੀ ਦੀ, ਇੱਥੇ ਹੀ ਮੁੱਲਾਂ ਤਾਈਂ ਸਮਝਾਏ।
ਭੈਣ ਨਾਨਕੀ ਨਾਨਕ ਜੀ ਨੂੰ, ਪੂਰਾ ਮੰਨਿਆ ਰੂਪ ਖ਼ੁਦਾਈ।
ਇੱਥੋਂ ਹੀ ਤਾਰਨ ਮੁਲਕ ਨੂੰ, ਚੱਲੇ ਧੰਨ ਨਾਨਕ ਤੇਰੀ ਵੱਡੀ ਕਮਾਈ।

ਭਾਗੋ ਦਾ ਸੀ ਮਾਣ ਤੋੜ ਕੇ, ਉਸਨੂੰ ਮਾਰਗ ਸੱਚ ਦਿਖਾਇਆ।
ਲ਼ਾਲੋ ਵਾਲੀ ਰੋਟੀ ਅੰਦਰੋਂ, ਸੁੱਚੀ ਕ੍ਰਿਤ ਦਾ ਦੁੱਧ ਚੁਆਇਆ।
ਮੱਕੇ ਜਾ ਕੇ ਕਾਜ਼ੀ ਤਾਈਂ, ਹਰ ਪਾਸੇ ਖ਼ੁਦਾ ਦਰਸਾਇਆ।
ਜਦ ਮਦੀਨੇ ਗਿਆ ਸੀ ਬਾਬਾ, ਚਾਰ ਅਵਾਮਾਂ ਤਾਈਂ ਨਿਵਾਇਆ।
ਚਾਬੀ ਲਾ ਗਿਆਨ ਦੀ ਐਸੀ, ਰੁਕਨਦੀਨ ਦੀ ਨਜ਼ਰ ਘੁਮਾਈ।
ਸਿੱਧ ਚੁਰਾਸੀ ਚਰਨੀਂ ਲੱਗੇ, ਧੰਨ ਨਾਨਕ ਤੇਰੀ ਵੱਡੀ ਕਮਾਈ।

ਖ਼ੂੰਖ਼ਾਰ ਸੀ ਕੌਡਾ ਰਾਖਸ਼, ਵੇਖ ਬਾਬੇ ਨੂੰ ਸੁੱਟੀ ਕਟਾਰੀ।
ਕਾਰੂ ਸੁਣ ਆਦੇਸ ਗੁਰਾਂ ਦਾ, ਮਾਇਆ ਗੰਜ ਲੁਟਾਈ ਸਾਰੀ।
ਬਾਬੇ ਕੱਢੇ ਵਲ ਸਭਨਾਂ ਦੇ, ਸਿੱਧਾ ਕਰਿਆ ਜੋ ਵਲੀ ਕੰਧਾਰੀ।
ਸੱਜਣ ਠੱਗ ਨੇ ਠੱਗੀ ਛੱਡ ਕੇ, ਸੇਵਕ ਬਣਿਆ ਉੱਚ ਕ੍ਰਿਦਾਰੀ।
ਰੀਠੇ ਮਿੱਠੇ ਕਰੇ ਗੁਰਾਂ ਜੋ, ਖਾਏ ਮਰਦਾਨੇ ਭੁੱਖ ਮਿਟਾਈ।
ਉਪਮਾ ਸਾਥੋਂ ਲਖੀ ਨ ਜਾਸੀ, ਧੰਨ ਨਾਨਕ ਤੇਰੀ ਵੱਡੀ ਕਮਾਈ।

ਜਗਤ ਜਲੰਦਾ ਤਾਰੇ ਬਾਬਾ, ਇਲਾਹੀ ਗਾ-ਗਾ ਕੇ ਗੁਰਬਾਣੀ।
ਵਜਾ ਰਬਾਬ ਜਦੋਂ ਮਰਦਾਨਾ, ਅਨਹਦ ਸ਼ਬਦ ਦੀ ਧੁਨ ਅਲਾਣੀ।
ਬਾਲੇ ਸੰਗ ਸਦਾ ਹੀ ਕਰਿਆ, ਸੀਸ ਗੁਰਾਂ 'ਤੇ ਚੌਰ ਝੁਲਾਣੀ।
ਸਭ ਵਰਣਾਂ ਦਾ ਸਾਂਝਾ ਨਾਨਕ, ਹਿੰਦੂ ਤੁਰਕ ਦੀ ਨਬਜ਼ ਪਛਾਣੀ।
ਖੰਡ ਬ੍ਰਹਿਮੰਡਾਂ ਨੂਰ ਭਇਆ ਹੈ, ਗਿਆਨ ਦੀ ਬਾਬੇ ਜੋਤ ਜਗਾਈ।
ਕਰੇ ਸੋਭ 'ਅਸਪਾਲ' ਨਿਮਾਣਾ, ਧੰਨ ਨਾਨਕ ਤੇਰੀ ਵੱਡੀ ਕਮਾਈ।

ਕਰੀਵਾਲਾ, ਸਿਰਸਾ
(ਹਰਿਆਣਾ)
94167-27810



## ਸੋਹਣੇ ਨੈਣ

ਸਾਕਸ਼ੀ

ਅੱਖਾਂ ਸਭ ਦੀਆਂ ਹੁੰਦੀਆਂ ਸੋਹਣੀਆਂ ਨੇ,
ਸੱਚ ਵੇਖਣ ਲਈ ਹੁੰਦੀਆਂ ਸਹਾਈ।
ਮੇਰੀਆਂ ਅੱਖਾਂ ਵੀ ਸੋਹਣੀਆਂ ਨੇ,
ਕੁਦਰਤ ਵੇਖਣ ਲਈ ਸਹਾਈ।

ਅੱਖਾਂ ਜਿਨ੍ਹਾਂ ਦੀਆਂ ਹੁੰਦੀਆਂ ਨਹੀਂ,
ਉਨ੍ਹਾਂ ਤੋਂ ਪੁੱਛ ਕੇ ਵੇਖਿਆ ਮੈਂ।
ਕਿਵੇਂ ਦੱਸਾਂ ਤੁਹਾਨੂੰ ਅੱਖਾਂ ਹੁੰਦੀਆਂ,
ਕਿੰਨੀਆਂ ਸੋਹਣੀਆਂ ਨੇ ਮਨਮੋਹਕ।
ਮਨਭਾਉਂਦੀਆਂ।

ਸਾਨੂੰ ਸਾਰੀ ਦੁਨੀਆਂ ਦਿਖਾਉਂਦੀਆਂ,
ਨੇਤਰ ਦਾਨ ਬੜਾ ਮਹਾਨ।
ਅਸੀਂ ਸੱਚ ਜਾਣ ਜਾਈਏ ਇਸ ਨੂੰ,
ਅਸਲੀ ਦਾਨ ਇਨਸਾਨ ਦਾ।
ਸਭ ਨੂੰ ਦੇਵੇ ਅੱਖਾਂ ਮਿਹਰਬਾਨ।

ਜਮਾਤ 10+1 (ਬੀ), ਕਾਮਰਸ
ਸ.ਮਾ.ਸੰ.ਸਨੀ. ਸਕੈ. ਸਕੂਲ,
ਬੂੜੀਆ (ਯਮੁਨਾਨਗਰ)ਹਰਿਆਣਾ।
99918-73258



## ਕਵਿਤਾ

ਲਖਵਿੰਦਰ ਸਿੰਘ ਬਾਜਵਾ

### ਅੱਜ ਫਿਰ

ਅੱਜ ਫਿਰ ਬੰਦੇ ਵਹਿਸ਼ੀ ਹੋ ਗਏ।
ਅੱਜ ਫਿਰ ਅੱਕ ਜਖ਼ਮ ’ਤੇ ਚੋ ਗਏ।
ਅੱਜ ਫਿਰ ਬਾਜਾਂ ਚਿੜੀ ਮਰੋੜੀ।
ਅੱਜ ਫਿਰ ਚਿੰਤਾ ਜਿੰਦ ਝੰਜੋੜੀ।
ਅੱਜ ਫਿਰ ਅਸਮਤ ਲੀਰਾਂ ਹੋਈ।
ਅੱਜ ਫਿਰ ਕਿਸਮਤ ਹੁਬਕੀਂ ਰੋਈ।
ਅੱਜ ਫਿਰ ਕਾਮੀ ਕੁੱਤੇ ਹਲਕੇ।
ਅੱਜ ਫਿਰ ਕੰਜਕ ਨੋਚੀ ਰਲਕੇ।
ਅੱਜ ਫਿਰ ਕਲਮਾਂ ਹੁਬਕੀਂ ਹੋਈਆਂ।
ਅੱਜ ਫਿਰ ਖ਼ੂਨੀ ਹੰਝੂ ਰੋਈਆਂ।
ਅੱਜ ਫਿਰ ਸੁੱਤੇ ਸਤਾ ਕਰੀਬੀ।
ਅੱਜ ਫਿਰ ਹਾਰੀ ਮਹਾਂ ਗਰੀਬੀ।
ਅੱਜ ਫਿਰ ਚੜ੍ਹ ਤਕੜੇ ਦੀ ਮੱਚੀ।
ਅੱਜ ਫਿਰ ਸਹਿਮ ਗਈ ਹਰ ਬੱਚੀ।
ਅੱਜ ਫਿਰ ਸਾਹਨ ਭੂਤਰੇ ਸੱਚੀ।
ਅੱਜ ਫਿਰ ਕਲੀ ਮਰੋੜੀ ਕੱਚੀ।
ਅੱਜ ਫਿਰ ਚੀਕਾਂ ਨੇ ਅਣਸੁਣੀਆਂ।
ਅੱਜ ਫਿਰ ਹਾਕਮ ਖੀਸਾਂ ਪੁਣੀਆਂ।
ਅੱਜ ਫਿਰ ਗੁੰਮਿਆਂ ਆਲ ਦੁਆਲਾ।
ਅੱਜ ਫਿਰ ਜੀਭਾਂ ’ਤੇ ਹੈ ਤਾਲਾ।
ਅੱਜ ਫਿਰ ਨਿਆਂ ਦੇ ਦਰੀਂ ਦਿਵਾਲਾ।
ਅੱਜ ਫਿਰ ਕਾਤਲ ਵੱਲ ਰਖਵਾਲਾ।
ਅੱਜ ਫਿਰ ਸਹਿਮੇ ਧੀਆਂ ਵਾਲੇ।
ਅੱਜ ਫਿਰ ਪੁੱਤਾਂ ਘਰੀਂ ਉਜਾਲੇ।
ਅੱਜ ਫਿਰ ਐਬ ਨੇ ਟਕਿਆਂ ਢੱਕਣੇ।
ਅੱਜ ਫਿਰ ਸਬਰ ਗਰੀਬਾਂ ਫੱਕਣੇ।
ਅੱਜ ਫਿਰ ਓਹੋ ਬਾਬਰ ਬਾਣੀ।
ਅੱਜ ਫਿਰ ਓਹੋ ਤੁਰੀ ਕਹਾਣੀ।
ਅੱਜ ਫਿਰ ਬਣਿਆਂ ਸੰਨ ਸੰਤਾਲੀ।
ਅੱਜ ਫਿਰ ਹੋਈ ਕਿਸਮਤ ਕਾਲੀ।
ਅੱਜ ਫਿਰ ਧੀਆਂ ਜੰਮਣ ਵਾਲੇ।
ਅੱਜ ਫਿਰ ਸੋਚਾਂ ਪੈਰੀਂ ਛਾਲੇ।
ਅੱਜ ਫਿਰ ਪਾਏ ਦੁਹਾਈ ਮਾੜਾ,
ਓ ਸ਼ਾਲਾ ਧੀ ਨਾ ਜੰਮਿਓ ਹਾੜਾ।
ਅੱਜ ਫਿਰ ਗੈਰਤਮੰਦ ਦਾ ਕਹਿਣੈ,
ਇਹ ਨਿਜ਼ਾਮ ਬਦਲਨਾ ਪੈਣੈ।
ਤੁਰ ਪੈ ਚੁੱਕ ਨਿਆਂ ਦਾ ਝੰਡਾ,
ਮਸਲਾ ਪੈਣ ਨਾ ਦੇਣਾ ਠੰਡਾ।
ਪਾਪੀ ਮਰੇ ਬਾਜਵਾ ਰਾਵਣ,
ਧੀਆਂ ਮਹਿਫ਼ੂਜ ਹੋ ਜਾਵਣ।

ਜਗਜੀਤ ਨਗਰ, ਹਰੀਪੁਰ,
ਤਹਿ-ਰਾਣੀਆ, ਜ਼ਿਲ੍ਹਾ-ਸਿਰਸਾ (ਹਰਿਆਣਾ)
94167-34506

**ਸਖਤ ਮਿਹਨਤ, ਇੱਛਾ ਸ਼ਕਤੀ ਅਤੇ ਸਮੱਰਪਣ,
ਜਿਸ ਇਨਸਾਨ 'ਚ ਇਹ ਤਿੰਨ ਚੀਜਾਂ ਹਨ,
ਉਹ ਜਮੀਨ ਤੋਂ ਉਠ ਕੇ ਅਸਮਾਨ ਛੋਹ ਸਕਦਾ ਹੈ।**
**(ਮਿਲਖਾ ਸਿੰਘ)**



# ਕਵਿਤਾ ਦੀ ਬਿੜਕ

ਲਵ ਕੁਮਾਰ ਸਰਫਰੋਸ਼

ਹੁਣ ਕਵਿਤਾ ਦੇ ਆਉਣ ਦਾ ਸਮਾਂ ਹੈ
ਇਸ ਕਰਕੇ ਆਲੇ-ਦੁਆਲੇ ਹੋ ਗਈ ਹੈ
ਪਿੰਨ ਡਰੋਪ ਸਾਇਲੈਂਸ
ਜਿਵੇਂ ਭੂਚਾਲ ਆਉਣ ਤੋਂ ਪਹਿਲਾਂ
ਛਾਂ ਜਾਂਦੀ ਹੈ ਸੁਨ ਮਸਾਣ
ਸਮੰਦਰ ਵੀ ਹੋ ਜਾਂਦਾ ਹੈ ਸ਼ਾਂਤ
ਕਿਸੇ ਸੂਫ਼ੀ ਦੀ ਮਜ਼ਾਰ ਵਰਗਾ

ਜਿਵੇਂ ਕੋਈ ਆਲ੍ਹਣੇ ਵਿੱਚ ਉਡੀਕਦਾ ਹੈ
ਖੰਬਾਂ ਤੇ ਲਿੱਬੜੀ
ਬੱਦਲਾਂ ਦੀ ਨਮੀ ਦੀ ਮਹਿਕ
ਲਫ਼ਜਾਂ ਤੇ ਉਂਗਲਾਂ ਦੀਆਂ ਪੋਰਾਂ
ਕਿਸੇ ਨਿਸ਼ਾਨਦੇਹੀ ਦੀ ਗਵਾਹੀ ਪੂਰਦੀਆਂ ਨੇ
ਜਿਵੇਂ ਫੁੱਲਾਂ ਨੂੰ ਆਪਣੇ ਪਰਾਗਕਣਾਂ ਦਾ
ਰੱਖਣਾ ਪੈਂਦਾ ਹੈ ਹਿਸਾਬ
ਧਰਤੀ ਦੀ ਨਵੀਂ ਪੁੰਗਰਾਂ ਲਈ

ਜਿਵੇਂ ਸੂਰਜ ਦੇ ਰੰਗਾਂ ਨੂੰ ਵੀ
ਲਿੱਖਣੀ ਹੁੰਦੀ ਹੈ
ਹਰ ਸਾਂਝ ਅਤੇ ਸਵੇਰ ਦੇ
ਵੱਖਰੇ ਵੱਖਰੇ ਰੰਗਾਂ ਦੀ ਕੋਈ ਵਸੀਅਤ
ਸੁੱਕੇ ਪੱਤਿਆਂ ਦੇ ਨਾਂ
ਜਾਂ ਫੇਰ ਮਿੱਟੀ ਵਿੱਚ ਮਿੱਟੀ ਹੋਈ
ਪੱਕੀ ਫਸਲਾਂ ਦੇ ਰੰਗ ਵਿੱਚ ਰੰਗੀ
ਕਿਸੇ ਸੀਰੀ ਦੇ ਪੈਰਾਂ ਦੀਆਂ ਤਰੇੜਾਂ ਦੇ
ਬਹੁਤ ਨੇੜੇ ਹੁੰਦੀ ਹੈ
ਕੋਈ ਨਵੀਂ ਜਨਮੀ ਕਵਿਤਾ ਦੀ ਰੂਹ

ਕਵਿਤਾ ਦਾ ਇਉਂ ਪਰਤਣਾ
ਧਰਤੀ ਨੂੰ ਕਿਸੇ ਹਲਾਹਲ ਵਲ ਧਕੇਲਣਾ ਹੈ
ਰੇਤ ਨੂੰ ਸੂਰਜ ਦੀ ਸਤਹ ਵਲ ਉਡਾਉਣਾ ਹੈ
ਜਾਂ ਫੇਰ ਕਾਲੇ ਬੱਦਲਾਂ ਤੋਂ
ਪਾਣੀ ਦੀ ਇੱਕ ਇੱਕ ਬੂੰਦ ਨੂੰ ਸੋਖ ਲੈਣਾ
ਇਹ ਕਵਿਤਾ ਦੇ ਆਉਣ ਦਾ ਸਮਾਂ ਹੈ।

ਲੈਕਚਰਾਰ,
ਜੀ.ਐਸ.ਐਸ.ਐਸ. ਭੂਰੇਵਾਲਾ (ਅੰਬਾਲਾ)
70094-17929

**ਕਿਤਾਬਾਂ ਤੋਂ ਬਿਨਾਂ ਕੋਈ ਕੌਮ
ਉਸ ਆਦਮੀ ਵਰਗੀ ਹੈ ਜਿਸਦੀਆਂ
ਅੱਖਾਂ 'ਤੇ ਪੱਟੀ ਬੰਨ੍ਹੀ ਹੋਵੇ।**

**ਰਸੂਲ ਹਮਜ਼ਾਤੋਵ**



## ਤੇਰੇ ਹਵਾਲੇ

ਨੱਕਾਸ਼ ਚਿੱਤੇਵਾਣੀ (ਮਾਈਕਲ)

ਇੱਕ ਧਰਤੀ ਤੇਰੀ ਝਾਂਜਰ ਛਣਕੇ
ਤੇ ਝੁਮਕੇ ਦੇ ਬੋਰ
ਕਹਾਂ ਕੀ ਹੋਰ
ਇੱਕ ਧਰਤੀ ਤੂੰ ਝੂਮਰ ਨੱਚੇਂ
ਨਾਲੇ ਝੂਮਣ ਮੋਰ
ਮਣਾਂ ਮੂੰਹ-ਜ਼ੋਰ

ਇੱਕ ਧਰਤੀ ਜਦ ਨਿੱਸਲ ਹੋ ਜੇ
ਬੱਦਲੀ ਲਏ ਹਟਕੋਰ
ਕਰੇ ਕੀ ਹੋਰ
ਇਸ਼ਕ ਕੁਵੇਲੇ ਤਾਪ ਹੈ ਚੜ੍ਹਿਆ
ਗਲੀਆਂ ਦੇ ਵਿੱਚ ਸ਼ੋਰ
ਤੇ ਦਿਲ ਵਿੱਚ ਚੋਰ

ਅਕਲ ਦੀ ਬਿਜਲੀ ਰਾਹਾਂ ਡੱਕਦੀ
ਲਾਵੇ ਆਪਣਾ ਜ਼ੋਰ
ਘਟਾ ਘਣਘੋਰ
ਇਸ਼ਕ ਦਾ ਉੱਡਦਾ ਪੰਛੀ ਲੋਚੇ
ਸੂਰਜ ਦੇਵਾਂ ਭੋਰ
ਇਹ ਆਕੜਖੋਰ

ਕਿੰਨੇ ਪੂਛਲ ਤਾਰੇ ਝਾੜਾਂ
ਕਿੰਨੇ ਚੰਨ ਉਗਾਵਾਂ
ਮਗਰ ਘੁਮਾਵਾਂ
ਇਸ਼ਕ ਦੇ ਇਸ ਅਲਜਬਰੇ ਦੇ ਵਿੱਚ
ਕਿਹੜਾ ਜੋੜ ਘਟਾਵਾਂ
ਗੁਣੇ ਵਧਾਵਾਂ

ਕਿੰਨੇ ਹੋਰ ਅਗੇਤਰ ਲੱਭਾਂ
ਕਿੰਨੇ ਨਾਮ ਸੁਝਾਵਾਂ
ਕਰਾਂ ਦੁਆਵਾਂ
ਪਿਆਰ ਤੇਰੇ ਨੂੰ ਕੀ ਨਾਂ ਦੇਵਾਂ
ਹਰ ਥਾਂ ਦਿੱਸਣ ਬਲਾਵਾਂ
ਕਿਵੇਂ ਲੁਕਾਵਾਂ


ਇੱਕ ਧਰਤੀ ਮੈਂ ਬਚਪਨ ਬੀਜਾਂ
ਇੱਕ ਧਰਤੀ ਕਿਲਕਾਰੀ
ਮਾਂ ਦੁਲਾਰੀ
ਇੱਕ ਧਰਤੀ ਵਿੱਚ ਬੀਜਾਂ ਚਾਅ
ਇੱਕ ਵਿੱਚ ਸਾਂਝ ਪਿਆਰੀ
ਪਿਆਰ ਉਡਾਰੀ

ਇੱਕ ਧਰਤੀ ਮੇਰੇ ਖ਼ਿਆਲ ਦੀ ਖੇਤੀ
ਇੱਕ ਵਿੱਚ ਨਜ਼ਮ ਪਿਆਰੀ
ਰਹੇ ਖ਼ੁਮਾਰੀ
ਇੱਕ ਧਰਤੀ ਵਿੱਚ ਸ਼ਬਦ ਕਰੂੰਬਲ
ਫੁੱਲਾਂ ਭਰੀ ਕਿਆਰੀ
ਤੇਰੀ ਸਾਰੀ

ਨੀਰ ਗੜੁੱਚੇ ਡੂੰਘੇ ਪੱਤਣ
ਕੰਢੇ ਖਾਣ ਉਬਾਲੇ
ਕੌਣ ਸੰਭਾਲੇ
ਸਾਗਰ ਖਾਰੇ ਪਾਣੀ ਸਿੱਪੀਆਂ
ਵਿੱਚ ਮੋਤੀ ਮਤਵਾਲੇ
ਤੇਰੇ ਹਵਾਲੇ

ਪਿੰਡ-ਚਿੱਤੇਵਾਣੀ,
ਡਾਕ- ਜਮਸ਼ੇਰ ਖ਼ਾਸ,
ਜ਼ਿਲ੍ਹਾ-ਜਲੰਧਰ (ਪੰਜਾਬ)
94176-92935

## ਆ ਨਾਨਕ



ਮਲਕੀਅਤ 'ਸੁਹਲ'

ਇਕ ਵਾਰੀਂ ਮੁੜ ਕੇ ਆ ਨਾਨਕ।
ਇਸ ਦੁਨੀਆਂ ਨੂੰ ਸਮਝਾ ਨਾਨਕ।
ਪੈ ਗਈ ਹੈ ਧੁੰਦ ਬੇ-ਗੈਰਤ ਦੀ ,
ਹੁਣ ਆ ਕੇ ਧੁੰਦ, ਮਿਟਾ ਨਾਨਕ।

ਗੁਰੂ ਨਾਨਕ ਸੂਰਜ ਦਾ ਲਿਸ਼ਕਾਰਾ
ਫਿਰ ਆ ਕੇ ਚੰਨ ਚੜ੍ਹਾ ਨਾਨਕ।

ਵਿਗੜ ਗਈ ਕਿਉਂ, ਸੋਚ ਮਨੁੱਖੀ
ਆ ਕੇ ਨੂਰੀ ਜੋਤ ਜਗਾ ਨਾਨਕ।

ਲਾਲ ਖ਼ੂਨ ਕਿਉਂ ਫਿੱਟ ਰਿਹਾ ਹੈ
ਗੁਰਬਾਣੀ ਦਾ ਜਾਗ ਲਗਾ ਨਾਨਕ।

ਜੋ, ਤੇਰਾਂ-ਤੇਰਾਂ ਸੀ, ਤੋਲਣ ਵਾਲਾ,
ਉਹ ਤੱਕੜ ਨਵਾਂ ਬਣਾ ਨਾਨਕ।

ਦਿਲ ਛਾਲੇ-ਛਾਲੇ ਹੋਇਆ ਹੈ
ਨਾਮ ਦੀ ਮਲ੍ਹਮ ਲਗਾ ਨਾਨਕ।

ਦੌਲਤ ਦਾ ਅੱਜ ਨਸ਼ਾ ਹੈ ਚੜ੍ਹਿਆ
ਕੋਈ ਅੰਮ੍ਰਿਤ ਬੂੰਦ ਪਿਲਾ ਨਾਨਕ।

ਸਰਬਤ ਦਾ ਭਲਾ ਕਿਵੇਂ ਹੈ ਕਰਨਾ,
ਕਿਉਂ ਹੋਇਉਂ ਬੇ-ਪ੍ਰਵਾਹ ਨਾਨਕ।

ਦਿਨ-ਦਿਹਾੜੇ, ਪੱਤ ਪਏ ਲੁੱਟਣ
ਆ ਸਿੱਧੇ ਰਾਹ ’ਤੇ, ਪਾ ਨਾਨਕ।

'ਸੁਹਲ' ਜਗਤ-ਜਲੰਦਾ ਤਪਦਾ
ਦੁਨੀਆਂ ’ਤੇ ਠੰਡ ਵਰਤਾ ਨਾਨਕ।

ਨੌਸ਼ਹਿਰਾ ਬਹਾਦਰ(ਤਿੱਬੜੀ),
ਗੁਰਦਾਸਪੁਰ (ਪੰਜਾਬ)
98728-48610

## ਗੁਰੂ ਨਾਨਕ ਦੇਵ ਪਿਆਰੇ ਜੀ



ਰਮੇਸ਼ ਸ਼ਰਮਾ

ਗੁਰੂ ਨਾਨਕ ਦੇਵ ਪਿਆਰੇ ਜੀ ਮਿਹਰਾਂ ਵਿਚ ਆ ਜਾਓ,
ਫਿਰ ਲੋੜ ਤੁਹਾਡੀ ਆਣ ਪਈ ਤੁਸੀਂ ਦਰਸ਼ ਦਿਖਾ ਜਾਓ।

ਅਜ ਕੋਡੇ ਰਾਕਸ਼ ਦਾ ਕੰਮ ਠਗ ਲੁਟੇਰੇ ਕਰਦੇ ਨੇ,
ਉਹ ਮਾਰ-ਮਾਰ ਕੇ ਜਨਤਾ ਨੂੰ ਢਿੱਡ ਆਪਣੇ ਭਰਦੇ ਨੇ।
ਉਹਨਾ ਦਾ ਗਰਮ ਕੜ੍ਹਾਇਆ ਹੈ ਤੁਸੀਂ ਠੰਡ ਵਰਤਾ ਜਾਓ,
ਗੁਰੂ ਨਾਨਕ ਦੇਵ ਪਿਆਰੇ ਜੀ ਮਿਹਰਾਂ ਵਿਚ ਆ ਜਾਓ।

ਤੁਸਾਂ ਹੰਕਾਰ ਤੋੜ੍ਹ ਕੇ ਭਾਗੋ ਦਾ ਲਾਲੋ ਦਾ ਮਾਨ ਵਧਾਇਆ ਸੀ,
ਭਾਗੋ ਦੀ ਰੋਟੀ ਖ਼ੂਨ ਸਨੀ ਲਾਲੋ ’ਚੋਂ ਦੁੱਧ ਦਿਖਾਇਆ ਸੀ।
ਅਜ ਸਭ ਭਾਗੋ ਦੀ ਖਾਂਦੇ ਨੇ ਆ ਕੇ ਸਮਝਾ ਜਾਓ,
ਗੁਰੂ ਨਾਨਕ ਦੇਵ ਪਿਆਰੇ ਜੀ ਮਿਹਰਾਂ ਵਿਚ ਆ ਜਾਓ।

ਤੁਸੀਂ ਕੀਤਾ ਜੋ ਵਪਾਰ ਫਿਰ ਉਸ ਦੀ ਲੋੜ੍ਹ ਪਈ,
ਅਜ ਜਨਤਾ ਰਸਤਾ ਦੇਖ ਰਹੀ ਉਤਸਾਹ ਵਿਚ ਖੜ੍ਹੀ-ਖੜ੍ਹੀ।
ਨਾ ਦੇਰ ਕਰੋ ਗੁਰੂ ਨਾਨਕ ਜੀ ਛੇਤੀ ਕਰ ਆ ਜਾਓ,
ਗੁਰੂ ਨਾਨਕ ਦੇਵ ਪਿਆਰੇ ਜੀ ਮਿਹਰਾਂ ਵਿਚ ਆ ਜਾਓ।

ਗੁਰੂ ਨਾਨਕ ਦੇਵ ਪਿਆਰੇ ਜੀ ਮਿਹਰਾਂ ਵਿਚ ਆ ਜਾਓ,
ਫ਼ਿਰ ਲੋੜ ਤੁਹਾਡੀ ਆਣ ਪਈ ਤੁਸੀਂ ਦਰਸ਼ ਦਿਖਾ ਜਾਓ।

472, ਹਿਮਸ਼ਿਖਾ,
ਪੰਚਕੂਲਾ(ਹਰਿਆਣਾ)
74960-93904



## ਅੰਧ-ਵਿਸ਼ਵਾਸਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ

ਬਲਵਿੰਦਰ ਬਾਲਮ

ਇਕ ਸੁੰਦਰ ਸੰਸਾਰ ਬਣਾਇਆ ਸੀ ਗੁਰੂ ਨਾਨਕ ਨੇ।
ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ।
ਮਾਤਾ ਤ੍ਰਿਪਤਾ ਦੇ ਘਰ ਜਨਮੇ ਮਹਿਤਾ ਕਾਲੂ ਜੀ ਦੇ ਜਾਏ।
ਰਾਇ ਭੋਇ ਤਲਵੰਡੀ ਅੰਦਰ ਇਕ ਜੋਤੀ ਲੈ ਕੇ ਆਏ।
ਕਿਰਸਾਨੀ ਤੇ ਲੇਖਣ ਨੂੰ ਮਾਨਵਤਾ ਦੇ ਵਿਚ ਪਰੋਇਆ।
ਵਿਸ਼ਵ ਜਗਤ ਦੀ ਵਾਸਤਵਿਕਤਾ ਦੇ ਵਿਚ ਚਾਨਣ ਹੋਇਆ।
ਬੀਬੀ ਸੁਲੱਖਣੀ ਦੇ ਨਾਲ ਸ਼ਾਦੀ ਦੇ ਬੰਧਨ ਵਿਚ ਬੱਝੇ।
ਲਖਮੀ ਚੰਦ ਤੇ ਸ੍ਰੀ ਚੰਦ ਜੀ, ਦੋ ਇਹਨ੍ਹਾਂ ਦੇ ਉੱਦਮੀ ਬੱਚੇ।
ਬੀਬੀ ਨਾਨਕੀ ਆਪਣੀ ਭੈਣ ਦਾ ਢਾਡਾ ਪਿਆਰ ਸੀ ਪਾਇਆ।
ਏਸ ਪਵਿੱਤਰ ਰਿਸ਼ਤੇ ਦਾ ਸੀ ਇਕ ਇਤਿਹਾਸ ਬਣਾਇਆ।
ਬਾਬਾ ਨਾਨਕ ਨੇ ੧ਓ ਦਾ ਐਸਾ ਇਕ ਪ੍ਰਤੀਕ ਬਣਾਇਆ।
ਇਸ ਦੇ ਬਦਲੇ ਅਜ ਤਕ ਕੋਈ ਦੂਜਾ ਨਾਂਅ ਨਈਂ ਆਇਆ।
ਕਵਿਤਾ ਵਿਚ ਪ੍ਰਤੀਕਾਂ ਬਿੰਬਾਂ ਤਸ਼ਬੀਹਾਂ ਦੇ ਸੂਰਜ।
ਇੰਨਸਾਨੀ ਕਦਰਾਂ ਕੀਮਤਾਂ ਦੀ ਜਿਸ ਵਿਚ ਹੈ ਇਕ ਸੂਰਤ।
ਆਗਾਮੀ ਪੀੜ੍ਹੀਆਂ ਦੇ ਲਈ ਬਾਣੀ ਹੈ ਇਕ ਚੜ੍ਹਦਾ ਸੂਰਜ।
ਮਾਨਵ-ਆਜ਼ਾਦੀ ਦਾ ਅਦੁਭਤ ਨੇਰੇ ਵਿਚ ਨਾ ਖੜ੍ਹਦਾ ਸੂਰਜ।
ਮੀਲ ਹਜ਼ਾਰਾਂ ਪੈਦਲ ਚੱਲ ਕੇ ਚਿੰਤਨ ਨੂੰ ਰੁਸ਼ਨਾਇਆ।
ਸਮਾਜਿਕ ਇੰਨਸਾਫ਼ ਲਈ ਖ਼ੁਦ ਨੂੰ ਕਸ਼ਟਾਂ ਦੇ ਵਿਚ ਪਾਇਆ
ਦੰਪਤੀ ਜੀਵਨ ਦੀ ਕੀਤੀ ਹੈ ਬਾਣੀ ਵਿਚ ਵਡਿਆਈ।
ਦੈਹਿਕ-ਭੌਤਿਕ ਸੁੱਖਾਂ ਦੀ ਵੀ ਕੀਤੀ ਰਾਹਨੁਮਾਈ।
ਬਾਲਾ ਤੇ ਮਰਦਾਨਾ ਦੋਵੇਂ ਸੱਚੇ ਮਿੱਤਰ ਨਾਲ ਰਹੇ।
ਕੀਰਤਨ ਦੀ ਮਰਿਆਦਾ ਅੰਦਰ ਬਣ ਕੇ ਸੱਚੀ ਢਾਲ ਰਹੇ।
ਦੇਸ਼ ਵਿਦੇਸ਼ਾਂ ਦੀ ਮਾਨਵਤਾ ਨੂੰ ਸਿੱਧੇ ਰਾਹੇ ਪਾਇਆ।
ਰੂਪ ਵਿਧਾਨਾਂ ਵਾਲੀ ਕਵਿਤਾ ਦੇ ਵਿਚ ਜਗਤ ਸਜਾਇਆ।
ਜਾਗਰਣ ਪ੍ਰੇਰਣਾ, ਸੰਘਰਸ਼, ਕਰਤੱਵ, ਵਿਚਾਰਕ ਚਿੰਤਨ ਸ਼ਕਤੀ।
ਇਨ੍ਹਾਂ ਤੱਤਾਂ ਦੇ ਵਿਚ ਭਰ ਤੀ ਸਾਰੀ ਸਮਤੀ ਭਗਤੀ।
ਅੰਤ ਸਮੇਂ ਵਿਚ ਮਿਹਨਤ ਕਰਕੇ ਖੇਤੀ ਨੂੰ ਅਪਣਾਇਆ।
ਤਾਂ ਫਿਰ 'ਬਾਲਮ' ਬਾਬਾ ਨਾਨਕ, ਨਾਨਕ ਸੀ ਕਹਿਲਾਇਆ।
ਕਰਤਾਰਪੁਰੇ ਵਿਚ 69 ਸਾਲੀਂ ਜੋਤੀ ਜੋਤ ਸਮਾਏ।
ਸਭ ਧਰਮਾਂ ਦੇ ਰਹਿਬਰ ਬਣ ਕੇ ਇਕ ਇੰਨਸਾਨ ਕਹਾਏ।

ਬਲਵਿੰਦਰ ਬਾਲਮ, ਕੈਨੇਡਾ
98156-25409



## ਮੈਂ ਕੌਣ...ਔਰਤ

ਡਾ. ਇੰਦਰਪਾਲ ਕੌਰ

ਗਰਮੀ ਆ ਕੇ ਚਲੀ ਜਾਂਦੀ
ਸਰਦੀ ਵੀ ਫੇਰਾ ਪਾ ਜਾਂਦੀ
ਬਰਸਾਤ ਵੀ ਜਲਵਾ ਜਾਂਦੀ
ਬਹਾਰ ਵੀ ਆ ਕੇ ਮੁੜ ਜਾਂਦੀ
ਪਰ ਮੈਂ ਲਗਾਤਾਰ ਉਸੇ ਤਰ੍ਹਾਂ
ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੀ
ਦਿਨ ਵੱਡੇ ਹੋਣ ਜਾਂ ਛੋਟੇ
ਕੋਈ ਫ਼ਰਕ ਨਹੀਂ ਪੈਂਦਾ
ਮੈਂ ਉਸੇ ਤਰ੍ਹਾਂ ਹੀ ਰਿਸ਼ਤੇ ਨਿਭਾਉਂਦੀ
ਮੇਰੀ ਚਾਲ ਨਿਰੰਤਰ ਚੱਲਦੀ ਰਹਿੰਦੀ
ਮੇਰੇ ਹੋਣ ਨਾਲ ਫ਼ਰਕ ਪਵੇ ਜਾਂ ਨਾ
ਮੇਰੇ ਨਾ ਹੋਣ ਨਾਲ ਫ਼ਰਕ ਨਹੀਂ ਪੈਂਦਾ
ਅੱਜਕੱਲ੍ਹ ਦਸਤੂਰ ਬਣ ਗਿਆ ਹੈ
ਮੇਰੀ ਥਾਂ ਕੋਈ ਹੋਰ ਲੈ ਲੈਂਦਾ
ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਵਾਲੀ
ਬੱਚਿਆਂ ਦੀ ਪਰਵਰਿਸ਼ ਕਰਨ ਵਾਲੀ
ਇਹ ਪਰਿਵਾਰ, ਸਮਾਜ, ਇਹ ਦੁਨੀਆ
ਮੇਰੇ ਵਿੱਚ ਹੀ ਕਮੀਆਂ ਤਲਾਸ਼ਦੀ ਰਹਿੰਦੀ
ਮੈਂ ਕੌਣ, ਮੈਂ ਕੌਣ
ਮੈਂ ਔਰਤ ਹਾਂ, ਮੈਂ ਔਰਤ ਹਾਂ
ਮੈਂ ਦੋ ਘਰਾਂ ਦੇ ਮਹਿਮਾਨ ਵਾਂਗ
ਨਿਰਾਸ਼ ਹੀ ਇਸ ਜਹਾਨ ਨੂੰ ਅਲਵਿਦਾ ਕਹਿ ਜਾਂਦੀ।

4594/5, ਉਪਕਾਰ ਨਗਰ,
ਪਟਿਆਲਾ (ਪੰਜਾਬ)
98151-38855



## ਗੁਰੂ ਨਾਨਕ ਦੇ ਪ੍ਰਕਾਸ਼-ਪੁਰਬ 'ਤੇ

ਡਾ. ਗੁਰਬਖਸ਼ ਸਿੰਘ ਭੰਡਾਲ

ਬੇਦਾਵਾ
ਬਾਬਾ ਨਾਨਕ
ਬਹੁਤ ਸਮਾਂ ਪਹਿਲਾਂ
ਅਸੀਂ ਤੁਹਾਨੂੰ ਬੇਦਾਵਾ ਭੇਜਿਆ ਸੀ।

ਸੱਚ ਦੱਸੀਏ
ਅਸੀਂ ਨਹੀਂ ਮੰਨਦੇ
'ਪਵਣੁ ਗੁਰੁ ਪਾਣੀ ਪਿਤਾ ਮਾਤਾ ਧਰਤਿ ਮਹਤੁ'।
ਅਸੀਂ ਤਾਂ
'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ'
ਦੇ ਅਰਥਾਂ ਦੇ ਅਨਰਥ ਕਰ ਦਿੱਤੇ।
'ਰਾਜੇ ਸੀਹ ਮੁਕਦਮ ਕੁੱਤੇ' ਕਹਿਣ ਲੱਗਿਆਂ
ਜ਼ੁਬਾਨ ਥਥਲਾਉਂਦੀ ਆ।
ਭਲਾ!
ਅਸੀਂ ਹਾਕਮ ਨੂੰ
'ਪਾਪ ਦੀ ਜੰਞ' ਦਾ ਲਕਬ ਕਿਵੇਂ ਦੇ ਸਕਦੇਂ?

ਅਸੀਂ ਤਾਂ ਤੁਹਾਡੇ ਆਦੇਸ਼
'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਤੋਂ ਮੁਨਕਰ ਹੋ
ਕੁੱਖਾਂ ਹੀ ਧੀਆਂ ਦੀਆਂ ਕਬਰਾਂ ਬਣਾ ਦਿੱਤੀਆਂ।

ਤੁਸੀਂ ਤਾਂ ਪੁੱਤ-ਮੋਹ ਨੂੰ ਤਿਆਗ
ਭਾਈ ਲਹਿਣਾ ਨੂੰ ਗੁਰਗੱਦੀ ਦਾ ਵਾਰਸ ਬਣਾਇਆ
ਪਰ ਅਸੀਂ ਤਾਂ ਪੁੱਤ ਦੇ ਤਖਤੋ-ਤਾਜ਼ ਲਈ
ਲਾਸ਼ਾਂ ਦੀ ਵੀ ਗਿਣਤੀ ਨਹੀਂ ਕਰਦੇ।

ਬਾਬਾ
ਤੂੰ ਤਾਂ ਕਿਰਤ ਕਰਨ ਤੇ ਵੰਡ ਛੱਕਣ ਦਾ ਧਰਮ
ਆਖਰੀ ਸਾਹ ਤੀਕ ਨਿਭਾਇਆ
ਪਰ ਅਸੀਂ ਕਿਰਤੀ ਦੇ ਭੁੱਖੇ ਢਿੱਡ 'ਚੋਂ
ਖੁਦ ਲਈ ਸੁਖਨ ਲੱਭਦੇ ਹਾਂ।

ਬਾਬਾ ਨਾਨਕ
ਅਸੀਂ ਖੁਦ ਨੂੰ ਗੁਰ-ਸ਼ਬਦ 'ਚ ਢਾਲਣ ਦੀ ਬਜਾਏ
ਜੀਵਨ ਨੂੰ ਮਰਿਆਦਾਵਾਂ ਦਾ ਦੰਭ ਬਣਾ ਲਿਆ।

ਬਾਬਾ ਜੀ
ਜੇਬ 'ਚ ਹੱਥ ਮਾਰਿਓ
ਸ਼ਾਇਦ ਤੁਸੀਂ ਬੇਦਾਵੇ ਨੂੰ ਜੇਬ 'ਚ ਪਾ ਲਿਆ ਹੋਵੇ
ਜਾਂ
ਤੁਹਾਨੂੰ ਆਸ ਹੋਵੇਗੀ
ਕਿ ਅਸੀਂ ਵਾਪਸ ਪਰਤਾਂਗੇ
ਬੇਦਾਵਾ ਪਾੜਨ ਦੀ ਅਰਜ਼ ਕਰਾਂਗੇ
ਪਰ
ਅਸੀਂ ਭਾਈ ਮਹਾਂ ਸਿੰਘ ਜੇਹੇ ਨਹੀਂ
ਜਿੰਨ੍ਹਾਂ ਖਿੰਦਰਾਣੇ ਦੀ ਢਾਬ ਦੇ ਪਾਣੀ ਨੂੰ
ਆਪਣੇ ਲਹੂ 'ਚ ਰੰਗ
ਗੁਰੂ ਕੋਲੋਂ ਬੇਦਾਵਾ ਪੜ੍ਹਵਾਇਆ ਸੀ।

ਬਾਬਾ ਨਾਨਕ
ਬਹੁਤ ਦੇਰ ਹੋ ਚੁੱਕੀ ਹੈ
ਹੁਣ ਅਸੀਂ ਨਹੀਂ ਪਰਤਣਾ
ਸਾਡਾ ਬੇਦਾਵਾ ਮਨਜ਼ੂਰ ਕਰੋ।

ਯੂ. ਐਸ. ਏ.
216-556-2080

## ਅੱਜ ਦੇ ਸਮਾਜ ਦੀ ਤਸਵੀਰ.........



ਅਮਨਜੋਤ ਕੌਰ

ਬਾਬਾ ਨਾਨਕਾ ਤੇਰਾ ਗੁਲਸ਼ਨ ਵੀਰਾਨ ਹੋ ਗਿਆ,
ਆ ਕੇ ਵੇਖ ਹਰ ਫੁੱਲ ਬੇਈਮਾਨ ਹੋ ਗਿਆ।
ਹਰ ਘਰ 'ਚ ਦੀਵਾਰ ਪੈ ਗਈ ਦਿਲਾਂ ਵਿਚ ਫੁੱਟ,
ਵਿੱਚੋਂ ਵਿਚ ਸਭ ਰਿਸ਼ਤਿਆਂ ਦਾ ਘਾਣ ਹੋ ਗਿਆ।
ਕੌਡੀ ਮੁੱਲ ਰਿਹਾ ਨਾ ਹੱਕ ਸੱਚ ਨਿਆਂ ਦਾ,
ਲੈ ਲੈ ਰਿਸ਼ਵਤ ਦੇ ਨੋਟ ਬੰਦਾ ਸ਼ੈਤਾਨ ਹੋ ਗਿਆ।
ਬਾਬਾ ਨਾਨਕਾ ਤੇਰਾ ਗੁਲਸ਼ਨ ਵੀਰਾਨ ਹੋ ਗਿਆ.......
ਨਾ ਕੋਈ ਤੇਰਾ-ਤੇਰਾ ਆਖ ਹੁਣ ਤੋਲੇ ਤੱਕੜੀ,
ਹਰ ਧੰਦਾ ਅੱਜ ਝੂਠ ਦੀ ਦੁਕਾਨ ਹੋ ਗਿਆ।
ਅੱਜ ਭਰੇ ਨੇ ਅਖ਼ਬਾਰ ਖ਼ੁਦਕੁਸ਼ੀਆਂ ਦੇ ਨਾਲ,
ਪੜ੍ਹ-ਪੜ੍ਹ ਮੇਰਾ ਦਿਲ ਪ੍ਰੇਸ਼ਾਨ ਹੋ ਗਿਆ।
ਬਾਬਾ ਨਾਨਕਾ ਤੇਰਾ ਗੁਲਸ਼ਨ ਵੀਰਾਨ ਹੋ ਗਿਆ........
ਕਰ-ਕਰ ਚਾਰ ਉਦਾਸੀਆਂ ਤੂੰ ਤਾਰਿਆਂ ਸੀ ਜੱਗ ਨੂੰ,
ਉਹੀ ਹਰਾ ਭਰਾ ਜੱਗ ਬੀਆਬਾਨ ਹੋ ਗਿਆ।
ਆ ਕੇ ਵੇਖ ਲੈ ਤੂੰ ਆਪੇ ਕਿਵੇਂ ਮੱਚੀ ਏ ਤਬਾਹੀ,
ਕੋਨਾ ਕੋਨਾ ਧਰਤ ਦਾ ਲਹੂ ਲੂਹਾਨ ਹੋ ਗਿਆ।
ਬਾਬਾ ਨਾਨਕਾ ਤੇਰਾ ਗੁਲਸ਼ਨ ਵੀਰਾਨ ਹੋ ਗਿਆ........
ਤੇਰਾ ਰਾਹ ਤੱਕੇ ਬਾਬਾ ਲਾਲੋ ਵਰਗਿਆਂ ਦੀ ਅੱਖ,
"ਅਮਨ" ਮੇਰਾ ਹਰ ਸਾਹ ਤੇਰਾ ਉਡੀਕਵਾਨ ਹੋ ਗਿਆ।
ਬਾਬਾ ਨਾਨਕਾ ਤੇਰਾ ਗੁਲਸ਼ਨ ਵੀਰਾਨ ਹੋ ਗਿਆ।

ਗੁਰੂ ਨਾਨਕ ਖ਼ਾਲਸਾ ਕਾਲਜ,
ਯਮੁਨਾਨਗਰ (ਹਰਿਆਣਾ)
97295-91374

## ਸਿਲਸਿਲਾ



ਮਾਸਟਰ ਗੁਰਚਰਨ ਸਿੰਘ ਦਰਦੀ

ਇੱਥੇ ਕੱਲ੍ਹ ਬਸਤੀ ਸੀ,
ਕਾਮਿਆਂ ਤੇ ਮਜ਼ਦੂਰਾਂ ਦੀ ਬਸਤੀ,
ਅੱਜ ਬਸ ਰਾਖ ਦੇ ਢੇਰ ਹਨ,
ਸਭ ਕੁੱਝ ਫੂਕ ਸੁਟਿਆ ਇੱਕ ਚਿੰਗਾਰੀ ਨੇ।
ਇਹ ਕੋਈ ਨਵੀਂ ਗੱਲ ਨਹੀਂ,
ਗ਼ਰੀਬਾਂ ਦੀ ਕੁੱਲੀ ਸਾੜਦੀ ਰਹਿੰਦੀ ਹੈ,
ਪਰ ਅਰਮਾਨਾਂ ਦੀ ਅੱਗ, ਸੁਲਘਦੀ ਰਹਿੰਦੀ ਹੈ।
ਕਿਉਂਕਿ ਗ਼ਰੀਬਾਂ ਦੀ ਜ਼ਿੰਦਗੀ, ਦੁੱਖਾਂ ਦੀ ਧੌਂਕਣੀ ਹੈ,
ਔਕੜਾਂ ਨਾਲ ਗਹਿਰਾ ਰਿਸ਼ਤਾ ਹੈ।
ਸੋਚਾਂ ਵਿਚ ਡੁੱਬੇ, ਮੁਰਝਾਏ ਚਿਹਰੇ,
ਤਲਾਸ਼ ਰਹੇ ਨੇ ਕੋਈ ਨਵਾਂ ਪੈਂਡਾ,
ਭਾਵੇਂ ਮੁਸੀਬਤਾਂ ਦਾ ਪਹਾੜ ਟੁਟਿਆ ਹੈ,
ਪਰ ਜ਼ਿੰਦਗੀ ਤੋਂ ਹਾਰੇ ਨਹੀਂ।
ਜਦੋ-ਜਹਿਦ ਜ਼ਾਰੀ ਹੈ,
ਫੇਰ ਕਰਨਗੇ ਕੋਈ ਨਵਾਂ ਉਪਰਾਲਾ,
ਲੱਭਣਗੇ ਜਿਊਣ ਦਾ ਕੋਈ ਹੋਰ ਵਿਉਂਤਬੰਦੀ ਜੁਗਾੜ।
ਰਾਤ ਲੰਘੇਗੀ, ਫੇਰ ਉਮੀਦ ਦਾ ਸੂਰਜ ਨਿਕਲੇਗਾ,
ਮੋਢੇ 'ਤੇ ਰੱਖ ਪਰਨਾ ਜਾਣਗੇ ਮਜ਼ਦੂਰੀ ਲਈ।
ਕਰਨ ਲਈ ਹੀਲਾ ਆਟੇ, ਦਾਲ-ਚਾਵਲ ਲਈ,
ਕਾਲੀ ਰਾਤ ਫੇਰ ਢੁਕੇਗੀ, ਖੁੱਲ੍ਹੇ ਆਕਾਸ਼ ਥੱਲ੍ਹੇ ਸੋਚਾਂ ਦੇ ਭਾਰ ਦੀ ਪੰਡ ਲਈ।
ਥੱਕੇ ਟੁੱਟੇ ਸੌਂ ਜਾਣਗੇ,
ਆਉਣ ਵਾਲੇ ਕੱਲ੍ਹ ਦੀ ਉਡੀਕ ਵਿਚ।
ਇਹ ਸਿਲਸਿਲਾ ਇਸੇ ਤਰ੍ਹਾਂ ਜ਼ਾਰੀ ਰਹੇਗਾ।

45, ਰਜਿੰਦਰ ਨਗਰ,
ਡਾਕ-ਬਬਿਆਲ, ਅੰਬਾਲਾ ਕੈਂਟ (ਹਰਿਆਣਾ)
92554-96953

## ਲੇਖਕ ਸੱਜਣਾਂ ਲਈ ਬੇਨਤੀ

1. ਆਪਣੀ ਮੌਲਿਕ ਅਤੇ ਅਪ੍ਰਕਾਸ਼ਿਤ ਰਚਨਾ ਹੀ 'ਸ਼ਬਦ ਬੂੰਦ' ਲਈ ਭੇਜੀ ਜਾਵੇ।
2. ਰਚਨਾ ਫੁੱਲ-ਸਕੇਪ ਕਾਗਜ਼ 'ਤੇ ਇੱਕ ਪਾਸੇ, ਟਾਈਪ ਕੀਤੀ ਜਾਂ ਸ਼ੁੱਧ ਲਿਖਤ ਵਿਚ ਹੋਣੀ ਚਾਹੀਦੀ ਹੈ। ਅਸਪੱਸ਼ਟ, ਨਾ ਪੜ੍ਹੀ ਜਾ ਸਕਣ ਵਾਲੀ ਅਤੇ ਅਪ੍ਰਕਾਸ਼ਿਤ ਰਚਨਾ ਲੇਖਕ ਨੂੰ ਵਾਪਸ ਨਹੀਂ ਭੇਜੀ ਜਾਵੇਗੀ।
3. ਆਉਣ ਵਾਲੇ ਮਹੀਨਿਆਂ ਦੇ ਮਹੱਤਵਪੂਰਨ ਦਿਨ, ਤਿਉਹਾਰਾਂ, ਮਹਾਂਪੁਰਸ਼ਾਂ ਦੇ ਜਨਮ ਦਿਵਸ ਤੇ ਸ਼ਹੀਦੀ ਦਿਵਸਾਂ, ਇਤਿਹਾਸਿਕ ਤਾਰੀਖਾਂ ਨਾਲ ਸੰਬੰਧਤ ਰੌਚਕ ਮੌਲਿਕ ਤੇ ਅਣਛਪੀ ਸਮੱਗਰੀ ਦੋ ਤਿੰਨ ਮਹੀਨੇ ਪਹਿਲਾਂ ਹੀ ਤਿਆਰ ਕਰਕੇ ਭੇਜੋ ਤਾਂ ਕਿ ਉਸ ਮਹੀਨੇ ਦਾ ਅੰਕ ਪ੍ਰਕਾਸ਼ਿਤ ਕਰਦੇ ਸਮੇਂ ਸਮੱਗਰੀ ਦੀ ਸਹੀ ਚੋਣ ਕਰਨ ਵਿੱਚ ਆਸਾਨੀ ਰਹੇ।
4. ਲੇਖਕ ਆਪਣੀ ਰਚਨਾ ਦੀ ਸੌਫ਼ਟ ਕਾਪੀ ਪਰੂਫ ਰੀਡਿੰਗ ਕਰਕੇ ਅਕਾਦਮੀ ਦੀ ਈ-ਮੇਲ : **hpsaa55@gmail.com** 'ਤੇ (**Raavi Font**) ਹੀ ਭੇਜਣ।
5. ਲੇਖਕਾਂ ਅਤੇ ਸਾਹਿਤ-ਸਭਾਵਾਂ ਨੂੰ ਬੇਨਤੀ ਹੈ ਕਿ ਆਪੋ-ਆਪਣੇ ਇਲਾਕੇ ਦੀਆਂ ਪ੍ਰਮੁੱਖ ਸਾਹਿਤਕ ਗਤੀਵਿਧੀਆਂ ਦੀ ਸੰਖੇਪ ਰਿਪੋਰਟ ਫੋਟੋ ਆਦਿ ਸਮੇਤ ਭੇਜੀ ਜਾਵੇ ਤਾਂ ਕਿ ਉਸਨੂੰ ਸਾਹਿਤਕ ਗਤੀਵਿਧੀਆਂ ਵਾਲੇ ਕਾਲਮ ਵਿਚ ਉਚਿਤ ਸਥਾਨ ਦਿੱਤਾ ਜਾ ਸਕੇ।
6. 'ਸ਼ਬਦ ਬੂੰਦ' ਲੇਖਕਾਂ ਦੀ ਆਪਣੀ ਆਵਾਜ਼ ਹੈ। ਇਸ ਆਵਾਜ਼ ਨੂੰ ਸ਼ਕਤੀਸ਼ਾਲੀ ਤੇ ਸਿਹਤਮੰਦ ਬਣਾਉਣ ਵਿਚ ਤੁਹਾਡਾ ਯੋਗਦਾਨ ਕਾਰਗਰ ਸਿੱਧ ਹੋ ਸਕਦਾ ਹੈ।
7. ਸੰਪਾਦਕ ਦੇ ਨਾਮ ਲਿਖੇ ਪੱਤਰ ਵਿੱਚ ਸੰਪਾਦਕ ਜਾਂ 'ਸ਼ਬਦ ਬੂੰਦ' ਨਾਲ ਸੰਬੰਧਤ ਕਿਸੇ ਅਧਿਕਾਰੀ ਦੀ ਪ੍ਰਸੰਸਾ/ਨਿੰਦਿਆ ਕਰਨ ਦੀ ਬਜਾਏ ਪਤ੍ਰਿਕਾ ਵਿਚ ਪ੍ਰਕਾਸ਼ਿਤ ਸਮੱਗਰੀ 'ਤੇ ਹੀ ਸੰਖੇਪ, ਸਾਹਿਤਕ ਭਾਸ਼ਾ ਵਿੱਚ ਸਕਾਰਾਤਮਕ ਟਿੱਪਣੀ ਕੀਤੀ ਜਾਵੇ।
8. 'ਸ਼ਬਦ ਬੂੰਦ' ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਰਚਨਾਵਾਂ ਲਈ ਸੰਬੰਧਤ ਲੇਖਕਾਂ ਨੂੰ ਉਚਿਤ ਮਾਨਦੇਅ ਰਾਸ਼ੀ ਵੀ ਦਿੱਤੀ ਜਾਂਦੀ ਹੈ। ਇਸ ਲਈ ਲੇਖਕ ਆਪਣਾ ਬੈਂਕ ਅਕਾਊਂਟ ਨੰਬਰ, ਆਈ.ਐਫ.ਐਸ.ਸੀ. ਕੋਡ, ਬ੍ਰਾਂਚ, ਬੈਂਕ ਦਾ ਨਾਮ, ਪਾਸਬੁੱਕ ਦੇ ਪਹਿਲੇ ਸਫ਼ੇ ਦੀ ਫੋਟੋ ਕਾਪੀ ਜ਼ਰੂਰ ਭੇਜਣ ਤਾਂ ਕਿ ਮਾਨਦੇਅ ਰਾਸ਼ੀ ਸਿੱਧੀ ਸੰਬੰਧਤ ਲੇਖਕ ਦੇ ਖਾਤੇ ਵਿੱਚ ਜਮਾਂ ਕਰਵਾਈ ਜਾ ਸਕੇ।
9. ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 'ਸ਼ਬਦ ਬੂੰਦ' ਬਾਰੇ ਆਪਣੇ ਸੁਝਾਅ ਅਕਾਦਮੀ ਨੂੰ ਭੇਜਣ।

**'ਸ਼ਬਦ ਬੂੰਦਾ ਦੇ ਮੈਂਬਰ ਬਣਨ ਲਈ ਆਪਣਾ ਚੰਦਾ ਬੈਂਕ ਡਰਾਫਟ ਜਾਂ ਚੈੱਕ ਦੁਆਰਾ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਦੇ ਨਾਮ 'ਤੇ ਭੇਜਣ ਦੀ ਕ੍ਰਿਪਾਲਤਾ ਕਰੋ।**

ਸਾਲਾਨਾ ਚੰਦਾ 200/- ਰੁਪਏ


ਐਡੀਟਰ, ਪ੍ਰਿੰਟਰ ਤੇ ਪ੍ਰਕਾਸ਼ਕ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਮੈ. ਆਡੀਆ ਕੈਟੇਲਿਸਟ ਆਈ. ਐਨ. ਸੀ. ਪ੍ਰਿੰਟਰਜ਼ ਪਲਾਟ ਨੰ.410 ਜੇ.ਐਲ.ਪੀ.ਐਲ ਇੰਡਸਟਰੀਅਲ ਏਰੀਆ, ਸੈਕਟਰ-82 ਮੋਹਾਲੀ ਤੋਂ ਛਪਵਾ ਕੇ 'ਸ਼ਬਦ ਬੂੰਦ' ਨਵੰਬਰ-2022 ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਆਈ.ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ) ਤੋਂ ਜਾਰੀ ਕੀਤਾ।

# ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਲਾਇਬ੍ਰੇਰੀ ਲਈ ਪ੍ਰਾਪਤ ਪੁਸਤਕਾਂ
## ਲੇਖਕਾਂ ਨੂੰ ਅਕਾਦਮੀ ਵੱਲੋਂ ਬਹੁਤ-ਬਹੁਤ ਮੁਬਾਰਕਾਂ !

**ਗੁਰੂ ਨਾਨਕ ਕਾਵਿ ਅੰਜਲੀ**

**ਵਿਸ਼ਾ :**
ਕਾਵਿ ਸੰਗ੍ਰਹਿ


**ਸੰਪਾਦਕ :**
ਡਾ. ਮਨਮੋਹਨ ਸਿੰਘ ਦਾਊਂ




**ਗੁਰਬਾਣੀ ਇੱਕ ਜੀਵਨ-ਜਾਚ**

**ਵਿਸ਼ਾ :**
ਲੇਖ ਸੰਗ੍ਰਹਿ


**ਲੇਖਕ :**
ਸੁਖਦੇਵ ਸਿੰਘ ਸ਼ਾਂਤ




**ਚਾਨਣ ਦਾ ਅਨੁਵਾਦ**

**ਵਿਸ਼ਾ :**
ਗ਼ਜ਼ਲ ਸੰਗ੍ਰਹਿ


**ਲੇਖਕ**
ਅਨੁਪਿੰਦਰ ਸਿੰਘ 'ਅਨੂਪ'




**ਬ੍ਰਹਿਮੰਡੀ ਨੂਰ-ਨਾਨਕ (ਕਾਵਿ ਪ੍ਰਸੰਗ)**

**ਵਿਸ਼ਾ :**
ਕਾਵਿ ਸੰਗ੍ਰਹਿ


**ਲੇਖਕ :**
ਦਲਜੀਤ ਕੌਰ ਦਾਊਂ




**ਸੋਨ ਸਵੇਰਾ**

**ਵਿਸ਼ਾ :**
ਕਹਾਣੀ-ਸੰਗ੍ਰਹਿ


**ਸੰਪਾਦਕ :**
ਸੁਰਿੰਦਰ ਕੈਲੇ




**ਆਦਿ ਗੁਰਦੇਵ ਸ਼੍ਰੀ ਗੁਰੂ ਨਾਨਕ ਦੇਵ**

**ਵਿਸ਼ਾ :**
ਕਾਵਿ-ਸੰਗ੍ਰਹਿ

**ਸੰਪਾਦਕ :**
ਡਾ. ਸੁਰਿੰਦਰ ਕਾਹਲੋਂ



RNI-HARPUN/2001-5797
ISSN2456-544X

# ਸਾਹਿਤਕ ਗਤੀਵਿਧੀਆਂ




ਮਿਤੀ 22/10/2022 ਨੂੰ ਬਰੈਂਪਟਨ(ਕੈਨੇਡਾ) ਵਿਖੇ ਕਰਵਾਏ ਗਏ ਪ੍ਰੋਗਰਾਮ ਵਿਚ ਕਾਇਦਾ-ਏ-ਨੂਰ ਦਾ ਲੋਕ ਅਰਪਣ ਕੀਤਾ ਗਿਆ




ਐਨ.ਸੀ.ਸੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਪੰਜੋਖਰਾ ਸਾਹਿਬ (ਅੰਬਾਲਾ)




ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨਜ਼ ਕੈਨੇਡਾ ਵੱਲੋਂ ਸ. ਗੁਰਵਿੰਦਰ ਸਿੰਘ ਧਮੀਜਾ ਦੇ ਸਨਮਾਨ ਵਿਚ ਸਮਾਰੋਹ ਅਤੇ ਵਿਚਾਰ ਚਾਰਚਾ



ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨਜ਼ ਕੈਨੇਡਾ ਵੱਲੋਂ
ਸ. ਗੁਰਵਿੰਦਰ ਸਿੰਘ ਧਮੀਜਾ ਦੇ ਸਨਮਾਨ ਵਿਚ ਸਮਾਰੋਹ ਅਤੇ ਵਿਚਾਰ ਚਾਰਚਾ



ਪੀਰ ਬੁੱਧੂ ਸ਼ਾਹ ਕਿਡਜ ਅਕਾਦਮੀ (ਸਾਹਾ), ਇਨਾਮ ਵੰਡ ਸਮਾਰੋਹ

*if undelivered please return to:*
Haryana Punjabi Sahitya Akademi
I.P. : 16, Sec-14, Panchkula-134113 (HARYANA)

Printed Matter
**BOOK POST**
Posted Under Periodical Rate